
# ਦੋ ਵਾਰ
# ਵਾਘਿਓਂ ਪਾਰ

**ਮਾਸਟਰ ਅਮਰੀਕ ਸਿੰਘ**



## ਜਾਣ-ਪਛਾਣ

ਕ ਸਿੰਘ

ਰਤਾਰ ਸਿੰਘ ਜੀ ਹੰਜਰਾ

ਸ਼ਰ ਸਿੰਘ ਜੀ ਹੰਜਰਾ

੦

ਰ ਜਿਲਾ ਗੁਜਰਾਂਵਾਲਾ (ਪਾਕਿਸਤਾਨ)

ਾਲ ਤੱਕ ਅੰਮ੍ਰਿਤਸਰ ਕਲਾਂ, ਸਿਰਸਾ (ਹਰਿਆਣਾ)

ਾਲੇਪੁਰ ਬਾਈ ਪਾਸ, ਐਲਨਾਬਾਦ,

ਸਿਰਸਾ (ਹਰਿਆਣਾ) ਫੋਨ : ੦੯੩੫੪੧੨੪੫੧੫

ਾਪਨ

ਾਪਕ ਸ੍ਰੀ ਗੁਰੂ ਹਰੀ ਸਿੰਘ ਮਹਾਂਵਿਦਿਆਲਾ

ਵਨ ਨਗਰ (੧੯੫੭-੧੯੬੯)

ਤਿਗੁਰੂ ਪ੍ਰਤਾਪ ਸਿੰਘ ਸਿਮ੍ਰਿਤੀ ਵਿਦਿਆਲਾ,

ਸਰ ਕਲਾਂ, ਸਿਰਸਾ (੧੯੭੬-੧੯੮੫)

ਰੂ ਹਰੀ ਸਿੰਘ ਐਜੂਕੇਸ਼ਨ ਟਰੱਸਟ


ਵਨ ਨਗਰ (੧੯੮੫-੧੯੯੬)

ਮ ਪਬਲਿਕ ਸਕੂਲ ਐਲਨਾਬਾਦ (੧੯੯੬-੨੦੦੮)


ਰੀ ਪੰਜਾਬੀ ਸਾਹਿਤ ਸਭਾ, ਸ੍ਰੀ ਜੀਵਨ ਨਗਰ

ਰਨ ਸਿੰਘ ਵਹਿਮੀ ਐਵਾਰਡ-੨੦੦੮

ਾਣਾ ਪੰਜਾਬੀ ਸਾਹਿਤ ਅਕੈਡਮੀ ਹਰਿਆਣਾ ਸਰਕਾਰ ਵਲੋਂ



ਪੂਜਨੀਕ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮਾਸਟਰ ਅਮਰੀਕ ਸਿੰਘ ਨੂੰ
ਨਾਮਧਾਰੀ ਪੰਥ ਨੂੰ ਦਿੱਤੇ ਸਾਹਿਤਕ ਯੋਗਦਾਨ ਲਈ ਸਨਮਾਨਤ ਕਰਦੇ ਹੋਏ।



ਪ੍ਰਿੰ. ਮੁਹੰਮਦ ਮੁਸਤਫ਼ਾ ਜੱਜਾ, ਮਾਸਟਰ ਜੀ ਤੇ ਸਾਥੀਆਂ ਨੂੰ ਬੋਰਡ ਤੇ ਲਿਖਿਆ ਸਕੂਲ ਦਾ ਇਤਿਹਾਸ ਦੱਸਦੇ ਹੋਏ। ਮਹਾਰਾਜਾ ਰਣਜੀਤ ਸਿੰਘ ਜੀ ਦੇ ਰਾਜ ਸਮੇਂ 1806 ਵਿੱਚ ਸ਼ੁਰੂ ਹੋਏ ਇਸ ਸਕੂਲ ਦਾ ਪਹਿਲਾ ਨਾਂ ਮਹਾਰਾਜਾ ਰਣਜੀਤ ਸਿੰਘ ਜੀ ਦੇ ਪਿਤਾ ਸ੍ਰ. ਮਹਾਂ ਸਿੰਘ ਜੀ ਦੇ ਨਾਂ 'ਤੇ ਸੀ।



ਮਾਸਟਰ ਅਮਰੀਕ ਸਿੰਘ ਪਾਕਿਸਤਾਨ ਵਿਖੇ 'ਡੇਲੀ ਐਕਸਪ੍ਰੈਸ' ਅਖਬਾਰ ਦੇ ਨੁਮਾਇੰਦੇ ਮਿਸਟਰ ਬਸ਼ੀਰ ਅਹਿਮਦ ਚੀਮਾ ਨੂੰ ਇੰਟਰਵਿਊ ਦਿੰਦੇ ਹੋਏ। ਨਾਲ ਪ੍ਰਿੰ. ਜੱਜਾ ਸਾਹਿਬ ਖੜ੍ਹੇ ਹਨ।

# ਦੋ ਵਾਰ ਵਾਘਿਓਂ ਪਾਰ

Kripal Chara

(ਮਾਸਟਰ) ਅਮਰੀਕ ਸਿੰਘ

ਪ੍ਰਕਾਸ਼ਕ :
ਨਾਮਧਾਰੀ ਪੰਜਾਬੀ ਸਾਹਿਤ ਸਭਾ
ਸ੍ਰੀ ਜੀਵਨ ਨਗਰ, ਸਿਰਸਾ (ਹਰਿਆਣਾ)

# ਦੋ ਵਾਰ ਵਾਘਿਓਂ ਪਾਰ
**Do Waar Waghiyon Paar**



ਪਹਿਲਾ ਸੰਸਕਰਣ : 2008

ਪ੍ਰਕਾਸ਼ਕ : ਨਾਮਧਾਰੀ ਪੰਜਾਬੀ ਸਾਹਿਤ ਸਭਾ,
ਸ੍ਰੀ ਜੀਵਨ ਨਗਰ (ਸਿਰਸਾ)
ਹਰਿਆਣਾ

ਛਾਪਕ : ਦੀਪਿਕਾ ਪ੍ਰਿੰਟਿੰਗ ਪ੍ਰੈਸ
J-29B, ਰਮੇਸ਼ ਨਗਰ, ਨਵੀਂ ਦਿੱਲੀ–15
ਫੋਨ : 011-25441674

ਟਾਈਪ ਸੈਟਿੰਗ : ਵਰਤਮਾਨ ਹਿੰਦੁਸਤਾਨ
J-29B, ਰਮੇਸ਼ ਨਗਰ, ਨਵੀਂ ਦਿੱਲੀ–15
ਫੋਨ : 9810631674

ਮੁੱਲ : 150/– ਰੁਪਏ

# ਸਮਰਪਣ

ਉਹਨਾਂ ਪਾਕਿਸਤਾਨੀ ਤੇ ਹਿੰਦੁਸਤਾਨੀ ਪਿਆਰ ਭਿੱਜੇ ਲੋਕਾਂ
ਦੇ ਨਾਂ ਜੋ ਜਦੋਂ ਵੀ ਮਿਲਦੇ ਨੇ ਘੁੱਟ ਗਲਵੱਕੜੀਆਂ
ਪਾਉਂਦੇ ਨੇ। ਸ਼ਾਲਾ ! ਇਹ ਗਲਵੱਕੜੀਆਂ
ਕਦੇ ਨਾ ਟੁੱਟਣ। ਆਮੀਨ!

# ਅਸ਼ੀਰਵਾਦ

ਪੂਜਨੀਕ ਪਿਤਾ ਸਵਰਗਵਾਸੀ ਸੰਤ ਕਰਤਾਰ ਸਿੰਘ ਜੀ ਲਾਲੇਪੁਰ
ਸਤਿਕਾਰਯੋਗ ਸਵਰਗਵਾਸੀ ਸੰਤ ਤਰਨ ਸਿੰਘ ਜੀ ਵਹਿਮੀ ਅਤੇ
ਪਰਮ ਮਿੱਤਰ ਸਵਰਗਵਾਸੀ ਸੰਤ ਪ੍ਰੀਤਮ ਸਿੰਘ ਜੀ ਕਵੀ
ਜਿਨ੍ਹਾਂ ਨੇ ਮੈਨੂੰ ਇੱਕ ਸਹੀ ਇਨਸਾਨ ਬਣਾਉਣ
ਲਈ ਪੂਰਾ ਜਤਨ ਕੀਤਾ।

# ਦੋ ਵਾਰ ਵਾਘਿਓਂ ਪਾਰ

ਮਾਸਟਰ ਅਮਰੀਕ ਸਿੰਘ ਜੀ ਦਾ ਸਰੀਰਕ ਕੱਦ ਭਾਵੇਂ ਬਹੁਤਾ ਲੰਬਾ ਨਹੀਂ ਹੈ ਪਰ ਮੇਰੀ ਨਜ਼ਰ ਵਿੱਚ ਉਨ੍ਹਾਂ ਦਾ ਕੱਦ ਬਹੁਤ ਉਚਾ ਹੈ। ਮੈਨੂੰ ਉਨ੍ਹਾਂ ਅੰਦਰ ਬੈਠੇ ਇੱਕ ਸੰਵੇਦਨਸ਼ੀਲ ਵਿਅਕਤੀਤਵ ਦੇ ਦਰਸ਼ਨ ਸਦਾ ਹੁੰਦੇ ਰਹਿੰਦੇ ਹਨ। ਜਦੋਂ ਉਨ੍ਹਾਂ ਮੈਨੂੰ ਹੁਕਮ ਕੀਤਾ ਕਿ ਮੈਂ ਉਨ੍ਹਾਂ ਦੀ ਪੁਸਤਕ ਸਬੰਧੀ ਦੋ ਸ਼ਬਦ ਲਿਖਾਂ ਤਾਂ ਮੈਂ ਬੇਨਤੀ ਕੀਤੀ ਕਿ ਤੁਹਾਡੀ ਪੁਸਤਕ ਸਬੰਧੀ ਕੁੱਝ ਕਹਿ ਸਕਣਾ ਮੇਰੀ ਸਮਰੱਥਾ ਤੋਂ ਬਾਹਰ ਦੀ ਗੱਲ ਹੈ। ਪਰ ਉਨਾਂ ਅੱਗੋਂ ਜੋ ਫੁਰਮਾਇਆ ਉਸਨੂੰ ਸੁਣਕੇ ਖਰੜਾ ਭੇਜਣ ਲਈ ਕਹਿਣ ਤੋਂ ਸਿਵਾ ਕੋਈ ਚਾਰਾ ਨਹੀਂ ਸੀ। ਹਾਂ ਇਸ ਵੇਲੇ ਇੱਕ ਗੱਲ ਚੇਤੇ ਆਈ ਕਿ ਕਦੀ ਸਾਡਾ ਇੱਕ ਮਿੱਤਰ ਜੋ ਸਾਡੇ ਕਾਲਜ ਪੜ੍ਹਣ ਦੇ ਦਿਨਾਂ ਵਿੱਚ ਵਧੀਆ ਟੇਲਰ ਮਾਸਟਰ ਜਾਣਿਆ ਜਾਂਦਾ ਸੀ, ਉਸ ਨੂੰ ਵੀ ਕਵਿਤਾ ਲਿਖਣ ਦਾ ਝੱਸ ਸੀ। ਇਸ ਕਰਕੇ ਉਹ ਸਮਾਂ ਕੱਢਕੇ ਸਾਡੀ ਸਾਹਿਤ ਸਭਾ ਵਿੱਚ ਵੀ ਆਉਂਦਾ ਰਹਿੰਦਾ। ਇੱਕ ਦਿਨ ਉਸ ਨੇ ਆਪਣੇ ਬਚਪਨ ਦੀ ਗੱਲ ਬੜੇ ਹੀ ਸੁਆਦਲੇ ਸਾਹਿਤਕ ਸ਼ਬਦਾਂ ਵਿੱਚ ਸਾਡੇ ਨਾਲ ਸਾਂਝੀ ਕੀਤੀ। ਉਸ ਨੇ ਦੱਸਿਆ ਕਿ ਜਦੋਂ ਉਸਦੇ ਬਾਪੂ ਨੇ ਉਸ ਨੂੰ ਦਰਜੀ ਦਾ ਕੰਮ ਸਿਖਣ ਲਈ ਇੱਕ ਟੇਲਰ ਮਾਸਟਰ ਕੋਲ ਛੱਡ ਦਿੱਤਾ ਤਾਂ ਉਹ ਸ਼ੁਰੂ ਵਿੱਚ ਦੁਕਾਨ ਦੀ ਸਫਾਈ, ਮਸ਼ੀਨਾਂ ਦੀ ਸਫਾਈ ਅਤੇ ਸਾਰਾ ਦਿਨ ਚਾਹ ਪਾਣੀ ਦੀ ਸੇਵਾ ਹੀ ਕਰਦਾ ਹੁੰਦਾ ਸੀ। ਇੱਕ ਦਿਨ ਉਸਤਾਦ ਜੀ ਨੇ ਉਸ ਨੂੰ ਆਪਣੇ ਕਟਿੰਗ ਵਾਲੇ ਮੇਜ ਉਪਰ ਸੱਦਿਆ ਅਤੇ ਸਾਹਮਣੇ ਕੱਪੜਾ ਰੱਖਕੇ ਹੁਕਮ ਕੀਤਾ ਕਿ ਇਸ ਵਿੱਚੋਂ ਸਾਹਮਣੇ ਰੱਖੇ ਮਾਪ ਅਨੁਸਾਰ ਕਮੀਜ ਪਜਾਮਾ ਕੱਟੋ। ਉਹ ਇੱਕ ਦਮ ਘਬਰਾ ਗਿਆ। ਇਸਦਾ ਇੱਕ ਕਾਰਨ ਇਹ ਵੀ ਸੀ ਕਿ ਉਸ ਕੱਪੜੇ ਵਾਲੇ ਨੂੰ ਵੀ ਉਹ ਚੰਗੀ ਤਰ੍ਹਾਂ ਜਾਣਦਾ ਸੀ। ਜਦੋਂ ਉਸ ਨੇ ਕਿਹਾ ਕਿ ਉਸਤਾਦ ਜੀ ਉਸਨੂੰ ਡਰ ਲੱਗਦਾ ਹੈ ਕਿ ਕਿਤੇ ਕੱਪੜਾ ਗਲਤ ਨਾ ਕੱਟਿਆ ਜਾਵੇ, ਅਗੋਂ ਉਸਤਾਦ ਜੀ ਨੇ ਹੁਕਮ ਕੀਤਾ, 'ਪੁੱਤਰਾ ਤੂੰ ਕਮੀਜ ਪਜਾਮਾ ਵਿਓਂਤ। ਗਲਤ ਕੀ ਹੁੰਦਾ ਹੈ ਇਹ ਨ ਸੋਚ। ਹਰ ਰੋਜ਼ ਤੂੰ ਮੈਨੂੰ ਕੱਪੜਾ ਕੱਟਦਿਆਂ ਵੇਖਦਾ ਹੈਂ, ਨਾਲੇ ਇੱਕ ਗੱਲ ਦਾ ਧਿਆਨ ਰੱਖੀਂ ਕਿ ਕੱਪੜਾ ਤੇਰਾ ਨਹੀਂ ਹੈ, ਤੂੰ ਬੇਫਿਕਰ ਹੋ ਕੇ ਕੱਟ। ਇਵੇਂ ਕੱਪੜੇ ਲੋਕਾਂ ਦੇ ਖਰਾਬ ਕਰਕੇ ਹੀ ਚੰਗੇ ਟੇਲਰ ਮਾਸਟਰ ਬਣੀਦੈ। ਜੇ ਗਈ ਹੱਦ ਨੂੰ ਕੁੱਝ ਵੀ ਨਾ ਹੋਇਆ ਤਾਂ ਇੱਕ ਵਿੰਗੀ ਟੇਢੀ ਸਿਉਣ ਮਾਰ ਦੇਵਾਂਗੇ। ਅੱਜ ਕਲ੍ਹ ਆਪਾਂ ਜਿਵੇਂ ਸਿਲਕੇ ਦੇਵਾਂਗੇ, ਉਵੇਂ ਹੀ ਨਵੇਂ ਮੁੰਡੇ ਹੋਰ ਸਿਲਾਉਣ ਲਈ ਆਉਣਗੇ। ਵੇਖੀਂ ਤੇਰੀ ਗਲਤ ਕਟਾਈ ਇੱਕ ਫੈਸ਼ਨ ਹੋ ਜਾਵੇਗੀ।''

ਬੱਸ ਮੈਂ ਵੀ ਮਾਸਟਰ ਜੀ ਦਾ ਇਹ ਲੀੜਾ ਨਵੇਂ ਟੇਲਰ ਮਾਸਟਰ ਵਾਂਗ

ਹੌਂਸਲੇ ਨਾਲ ਵਿਉਂਤਣ ਲੱਗਾ ਹਾਂ। ਜੇ ਤਾਂ ਇਹ ਮੇਚ ਆ ਗਿਆ ਤਾਂ ਮੇਰੀ ਬੱਲੇ ਬੱਲੇ ਅਤੇ ਜੇ ਕਿਸੇ ਪਾਸਿਓਂ ਉਚਾ ਨੀਵਾਂ ਹੋਇਆ ਤਾਂ ਇਸਨੂੰ ਨਵਾਂ ਫੈਸ਼ਨ ਸਮਝ ਲੈਣਾ। ਇਹ ਮੇਰੀ ਬੇਨਤੀ ਹੈ।

ਇੱਕ ਗੱਲ ਤਾਂ ਸਰਬ ਪ੍ਰਮਾਣਿਤ ਹੈ ਕਿ ਸਫ਼ਰਨਾਮਾ ਅਤੇ ਜੀਵਨੀ ਦੋ ਅਜਿਹੀਆਂ ਸਾਹਿਤਕ ਵਿਧਾਵਾਂ ਹਨ ਜੋ ਪਰ ਨਾਲੋਂ ਜ਼ਿਆਦਾ ਨਿੱਜ ਨਾਲ ਜੁੜੀਆਂ ਹੁੰਦੀਆਂ ਹਨ। ਇਸ ਵਿੱਚ ਵਿਅਕਤੀ ਆਪਣੇ ਹਿਸਾਬ ਨਾਲ ਯਾਤਰਾ ਕਰਦਾ ਹੈ ਤੇ ਆਪਣੀ ਇੱਛਾ ਅਨੁਸਾਰ ਹੀ ਅਨੁਭਵ ਗ੍ਰਹਿਣ ਕਰਦਾ ਹੈ। ਕਮਾਲ ਉਸ ਵੇਲੇ ਹੁੰਦੀ ਹੈ ਜਦੋਂ ਉਸ ਵਿਅਕਤੀ ਦੇ ਅਨੁਭਵ ਉਸ ਨੂੰ ਅੰਦਰਲੇ ਨਾਲ ਜੋੜਣ ਅਤੇ ਲਿਖਤ ਜਨ ਸਮੂੰਹ ਨਾਲ ਜਾ ਕੇ ਜੁੜੇ। ਪਾਠਕ ਤਾਂ ਉਹੋ ਰਚਨਾ ਪੜ੍ਹੇਗਾ ਜਿਸ ਵਿਚੋਂ ਉਸ ਨੂੰ ਕੁੱਝ ਆਪਣੇ ਵਰਗਾ ਲੱਗੇਗਾ ਜਾਂ ਉਸਨੂੰ ਆਨੰਦ ਆਵੇਗਾ। ਕਿਸੇ ਵਿਅਕਤੀ ਦੇ ਸਫ਼ਰਨਾਮੇ ਵਿਚੋਂ ਜਿੰਨਾ ਚਿਰ ਸਾਹਿਤਕ ਸੁਗੰਧ ਨਹੀਂ ਆਵੇਗੀ ਉਸ ਨੂੰ ਸਾਹਿਤ ਕਿਉਂ ਪਰਵਾਨ ਕਰੇਗਾ ਤੇ ਪਾਠਕ ਕਿਉਂ ਪੜ੍ਹੇਗਾ।

ਇਸ ਦੇ ਨਾਲ ਹੀ ਸਫ਼ਰਨਾਮੇ ਤੋਂ ਪਾਠਕ ਇੱਕ ਹੋਰ ਆਸ ਵੀ ਕਰਦਾ ਹੈ ਕਿ ਉਸਦੇ ਗਿਆਨ ਵਿੱਚ ਵੀ ਕੋਈ ਵਾਧਾ ਹੋਵੇ। ਜਿੱਥੇ ਲੇਖਕ ਜਾਂਦਾ ਹੈ ਉਸ ਭੂਮੀ ਬਾਰੇ, ਉਥੋਂ ਦੇ ਲੋਕਾਂ ਬਾਰੇ, ਸਮਾਜਕ, ਆਰਥਕ ਅਤੇ ਸਭਿਆਚਾਰਕ ਸਥਿਤੀਆਂ ਬਾਰੇ ਭਰਪੂਰ ਵਾਕਫ਼ੀ ਹੋਵੇ। ਸਭ ਤੋਂ ਮਹੱਤਵ ਪੂਰਨ ਗੱਲ ਇਹ ਕਿ ਸਫ਼ਰਨਾਮੇ ਵਿੱਚ ਵਰਤੀ ਗਈ ਭਾਸ਼ਾ ਏਨੀ ਸੁਆਦਲੀ ਤੇ ਸਾਹਿਤਕ ਹੋਵੇ ਕਿ ਪਾਠਕ ਉਸ ਨਾਲ ਬੱਝਾ ਤੁਰਿਆ ਜਾਵੇ। ਇਹ ਸਭ ਗੁਣ ਨਾ ਹੋਣ ਤੇ ਪਾਠਕ ਤਾਂ ਇਹੋ ਕਹੇਗਾ ਕਿ ਲੇਖਕ ਨੂੰ ਭਕਾਈ ਲੱਗੀ ਸੀ ਜਾਂ ਆਪਣੀ ਕੋਈ ਗਰਜ਼ ਸੀ, ਮੈਂ ਉਸਦੀ ਪੁਸਤਕ ਵਿਚੋਂ ਕੀ ਕੱਢਣਾ ਹੈ ?

ਮਾਸਟਰ ਅਮਰੀਕ ਸਿੰਘ ਨੇ ਇਸ ਤੋਂ ਪਹਿਲਾਂ ਗਿਆਰਾਂ ਪੁਸਤਕਾਂ ਨਾਲ ਸਾਹਿਤ ਨੂੰ ਅਮੀਰੀ ਬਖਸ਼ੀ ਹੈ। ਇਸ ਪੁਸਤਕ ਵਿੱਚ ਉਨ੍ਹਾਂ ਨੇ ਆਪਣੀਆਂ ਦੋ ਪਾਕਿਸਤਾਨੀ ਫੇਰੀਆਂ ਦਾ ਵੇਰਵਾ ਦਿੱਤਾ ਹੈ। ਮੇਰੇ ਉਪਰ ਨਿਸਚਿਤ ਕੀਤੇ ਮਾਪਦੰਡ ਅਨੁਸਾਰ ਮਾਸਟਰ ਜੀ ਦਾ ਸਫ਼ਰਨਾਮਾ ਵਧੀਆ ਸਾਹਿਤਕ ਕਿਰਤ ਸਿੱਧ ਹੁੰਦੀ ਹੈ। ਜਦੋਂ ਮਾਸਟਰ ਜੀ ਆਪਣੇ ਕਿਸੇ ਵੀ ਬਿਆਨ ਨੂੰ ਭਾਰਾ ਨਹੀਂ ਹੋਣ ਦਿੰਦੇ ਸਗੋਂ ਹਲਕੇ ਫੁਲਕੇ ਢੰਗ ਨਾਲ ਕਹਿੰਦੇ ਹਨ, ''ਕੁਝ ਕੱਪੜੇ ਨਵੇਂ ਸਿਵਾਏ, ਇੱਕੋ ਜਿਹੇ ਚਿੱਟੇ ਬੈਗ ਖਰੀਦੇ, ਚਿੱਟੇ ਜੋੜੇ ਸ਼ਹਿਰੋਂ ਲਿਆਂਦੇ।'' ਫਿਰ ਗੱਡੀ ਦਾ ਵੇਰਵਾ ਕਿ ''ਅੱਧੇ ਡੱਬੇ ਪਾਕਿਸਤਾਨੀ ਅਤੇ ਅੱਧੇ ਡੱਬੇ ਭਾਰਤੀ।'' ਇਸ ਤੋਂ ਅੱਗੇ ਪਾਠਕ ਲਈ ਇੱਕ ਖਿੱਚ ਪੈਦਾ ਕਰ ਦਿੱਤੀ ਇਹ ਲਿਖਕੇ, ''ਸਾਡੇ ਦੇਸ਼ ਵਿੱਚ ਤਾਂ ਕਾਫੀ ਤਬਦੀਲੀ ਆਈ ਹੈ, ਪਾਕਿਸਤਾਨ ਦਾ ਕੀ ਹਾਲ ਏ, ਚੱਲ ਕੇ ਵੇਖਾਂਗੇ।'' ਫਿਰ ਬਿਆਨ ਇਨਾ ਸਰਲ ਤੇ ਸਪੱਸ਼ਟ ਕਿ ਸਾਰੇ ਯਾਤਰੀ ਵਪਾਰੀ ਤੇ ਭੁੱਖਿਆਂ ਵਾਂਗ ਮੁਫ਼ਤ ਦਾ ਮਾਲ ਖਾਣ ਲਈ ਕਿਵੇਂ ਹਾਬੜ ਕੇ ਪੈਂਦੇ ਹਨ। ਫਿਰ ਲਾਹੌਰ ਵੇਖਣ ਦੀ ਖਿੱਚ। ਚੰਗੇ ਭਾਗਾਂ ਨੂੰ ਪਹਿਲੀ ਫੇਰੀ ਵਿੱਚ ਕਵੀ ਪ੍ਰੀਤਮ

ਸਿੰਘ ਜੀ ਦਾ ਸਾਥ ਤੇ ਦੂਸਰੀ ਵੇਲੇ ਤਾਂ ਸਾਰਾ ਹੀ ਘਰ-ਪਰਿਵਾਰ ਨਾਲ।

ਮਾਸਟਰ ਜੀ ਦੀ ਇਹ ਪੁਸਤਕ ਕੇਵਲ ਸਫ਼ਰਨਾਮਾ ਨਾ ਹੋ ਕੇ ਇੱਕ ਇਤਿਹਾਸਕ ਦਸਤਾਵੇਜ ਹੈ। ਜਿਸ ਵਿੱਚ ਲੇਖਕ ਬਹੁਤ ਵਾਰ ਪਿਛਲ-ਝਾਤ ਰਾਹੀਂ ਆਪਣੇ ਪੁਰਾਣੇ ਦਿਨਾਂ ਨੂੰ ਯਾਦ ਕਰਦਾ ਹੈ ਅਤੇ ਸੰਨ ਸੰਤਾਲੀ ਦੇ ਦੁੱਖ ਦੀ ਚੀਸ ਨੂੰ ਘੱਟ ਕਰਦਾ ਹੈ। ਇਸ ਸਭ ਕੁੱਝ ਦੇ ਨਾਲ ਨਾਲ ਇੱਕ ਹੋਰ ਵਿਸ਼ੇਸ਼ ਗੱਲ ਇਹ ਹੈ ਕਿ ਲੇਖਕ ਨੇ ਕਿਸੇ ਥਾਂ ਤੇ ਨਿੱਜ ਨੂੰ ਹਾਵੀ ਨਾ ਕਰਕੇ ਵਿਰਤਾਂਤ੍ਰਿਕ ਵਿਧੀ ਨਾਲ ਸਾਰਾ ਕੁੱਝ ਬਿਆਨ ਕੀਤਾ ਹੈ। ਲੇਖਕ ਨੇ ਪ੍ਰਤੱਖ ਅਤੇ ਅਪ੍ਰਤੱਖ ਦੋਵੇਂ ਸਥਿਤੀਆਂ ਸਾਹਮਣੇ ਰੱਖੀਆਂ ਹਨ। ਠੱਗੀ ਨਾਲ ਪਾਸਪੋਰਟ ਲੈਣ ਵਾਲੇ ਵੀ ਅਤੇ ਸ਼ਰਾਫ਼ਤ ਦੀ ਇੰਤਹਾ ਵਾਲੇ ਵੀ। ਦਿਲਾਂ ਵਿੱਚ ਵਿਛੋੜੇ ਦੇ ਸਦਮੇ ਅਤੇ ਅਥਾਹ ਪਿਆਰ ਨੂੰ ਬਹੁਤ ਹੀ ਵਾਕਫ਼ੀ ਭਰਪੂਰ ਸਾਹਿਤਕ ਸ਼ਬਦਾਂ ਵਿੱਚ ਲਿਖਿਆ ਇਹ ਸਫ਼ਰਨਾਮਾ ਸਾਹਿਤਕ ਖੇਤਰ ਵਿੱਚ ਜ਼ਰੂਰ ਸਤਿਕਾਰਿਆ ਜਾਵੇਗਾ, ਅਜਿਹਾ ਮੇਰਾ ਵਿਸ਼ਵਾਸ ਹੈ। ਮੈਂ ਇਸਦਾ ਦਿਲੋਂ ਸੁਆਗਤ ਕਰਦਾ ਹਾਂ ਤੇ ਲੇਖਕ ਨੂੰ ਨਮਨ ਕਰਦਾ ਹਾਂ।

– ਸੀ. ਆਰ. ਮੌਦਗਿੱਲ
ਡਾਇਰੈਕਟਰ
ਹਰਿਆਣਾ ਪੰਜਾਬੀ ਸਾਹਿਤ ਅਕਾਦਮੀ
ਪੰਚਕੂਲਾ (ਹਰਿਆਣਾ)

# ''ਮਰੀਕ'' ਦਾ ਮਾਅਰਕਾ

''ਜਿੰਦਗੀ ਕੁੱਝ ਦਿਨਾਂ ਦੀ ਬਾਕੀ ਉਸ ਦੀ ਯਾਦ।''

ਇਹ ਮਨੁੱਖੀ ਫਿਤਰਤ ਹੈ, ਮਨੁੱਖ ਆਪਣੇ ਪਿਛੋਕੜ ਨਾਲ ਸਦਾ ਜੁੜਿਆ ਰਹਿਣਾ ਚਾਹੁੰਦਾ ਹੈ। ਇਹ ਅਹਿਸਾਸ ਉਸਦੀ ਜਿੰਦਗੀ 'ਚ ਰਸ ਭਰਦਾ ਹੈ। ਕੁੱਝ ਹੁਸੀਨ ਪਲ, ਭਾਵਕ ਪਲ ਸਦਾ ਲਈ ਕੋਮਲ ਮਨਾਂ 'ਤੇ ਡਘੀ ਛਾਪ ਛੱਡ ਜਾਂਦੇ ਹਨ।

ਮਾਸਟਰ ਅਮਰੀਕ ਸਿੰਘ ਹੁਰਾਂ ਦਾ ਸਫ਼ਰਨਾਮਾ 'ਦੋ ਵਾਰ ਵਾਘਿਓਂ ਪਾਰ' ਕੁੱਝ ਇੰਝ ਦਾ ਹੀ ਪ੍ਰਤੀਤ ਹੁੰਦਾ ਹੈ। ਜਿਸ ਵਿੱਚ ਸੰਤਾਲੀ ਤੋਂ ਬਾਅਦ ਇੱਕ ਵਾਰੀ ਪੰਦਰਾਂ ਸਾਲ ਬਾਅਦ ਤੇ ਫਿਰ ਸੱਠ ਸਾਲ ਬਾਅਦ ਉਹ ਉਧਰਲੇ ਪੰਜਾਬ ਦੀ ਧਰਤੀ ਤੇ ਪੈਰ ਧਰਦੇ ਹਨ। ਸੰਤਾਲੀ ਦੇ ਸੰਤਾਪ ਦੀ ਝਲਕ, ਲੇਖਕ ਦੇ ਨਿੱਜੀ ਅਹਿਸਾਸ, ਵਿਛੋੜੇ ਦਾ ਦਰਦ, ਉਹਨਾਂ ਦਾ ਪਿਛੋਕੜ ਆਦਿ ਲੇਖਕ ਦੀ ਨਿੱਜੀ ਜਿੰਦਗੀ ਦੇ ਵਰਕੇ ਤਰਤੀਬ ਵਾਰ ਇਸ ਪੁਸਤਕ 'ਚ ਉਜਾਗਰ ਹੁੰਦ ਹਨ।

ਆਮ ਤੌਰ ਤੇ ਰਵਾਇਤੀ ਢੰਗ 'ਚ ਲਿਖਿਆ ਸਫ਼ਰਨਾਮਾ ਲੇਖਕ ਦੀ ਨਿੱਜੀ ਤੇ ਸਿਰਫ ਨਿੱਜੀ ਜਿੰਦਗੀ ਦਾ ਤਰਤੀਬ ਵਾਰ ਵੇਰਵਾ ਹੀ ਹੁੰਦਾ ਹੈ, ਪਰ ਜਦੋਂ ਇਹ ਬਿਰਤਾਂਤ ਭਾਵਕਤਾ ਦੀ ਸਿਖਰ ਸਿਰਜਦਾ ਹੈ ਤਾਂ ਪਾਠਕ ਮਨ ਵੀ ਧੁਰ ਅੰਦਰੋਂ ਲੇਖਕ ਦੀ ਭਾਵਕਤਾ 'ਚ ਸ਼ਾਮਲ ਹੋ ਕੇ, ਸਗੋਂ ਇਕ-ਮਿਕ ਹੋ ਕੇ ਹੋਰ ਪੜ੍ਹਨ, ਜਾਣਨ ਦੀ ਤਾਂਘ ਰੱਖਦਾ ਹੈ।

ਜਦੋਂ ਮਾਸਟਰ ਜੀ ਸੱਠ ਸਾਲ ਬਾਅਦ ਆਪਣੇ ਬਚਪਨ ਦੇ ਸਕੂਲ ਦੇ ਉਸ ਕਮਰੇ ਵਿੱਚ ਜਾਂਦੇ ਹਨ, ਜਿੱਥੇ ਬੈਠ ਕੇ ਉਹ ਪੜ੍ਹਦੇ ਰਹੇ ਤਾਂ ਉਹਨਾਂ ਦੀ ਮਾਨਸਿਕ ਅਵਸਥਾ ਮਨਾਂ ਨੂੰ ਆਪਣੇ ਨਾਲ ਹੀ ਲੈ ਤੁਰਦੀ ਹੈ।

''ਮੈਂ ਆਪਣੇ ਕਮਰੇ ਦੀਆਂ ਕੰਧਾਂ ਨੂੰ ਚੁੰਮਿਆ ਕਮਲਿਆਂ ਵਾਂਗ। ਸਾਰੇ ਮੇਰੀਆਂ ਹਰਕਤਾਂ ਵੱਲ ਵੇਖ ਹੈਰਾਨ ਹੋ ਗਏ।''

ਇਸ ਤੋਂ ਵੀ ਅਗਾਹ ਜਦੋਂ ਲੇਖਕ ਆਪਣੀ ਜਨਮ ਭੌਂਇ ਵੇਖਣ ਦੀ ਤਾਂਘ ਮਨ 'ਚ ਸਮੋਈ ਆਪਣੇ ਪਿੰਡ ਲਾਲੇਪੁਰ ਪਹੁੰਚ ਕੇ ਆਪਣਾ ਘਰ ਲੱਭਣ 'ਚ ਤਰਲੋ ਮੱਛੀ ਹੋ ਰਿਹਾ ਹੁੰਦਾ ਹੈ ਤਾਂ ਪਿੰਡ ਵਾਸੀਆਂ ਨਾਲ ਉਹਦਾ ਵਾਰਤਾਲਾਪ ਦਿਲੀ ਡੂੰਘਾਈਆਂ ਦੀ ਪਰਤਾਂ ਖੋਲਦਾ ਹੈ।

''ਯਾਰ ਮੇਰੇ ਸੁਪਨਿਆਂ ਦਾ ਅਸਲੀ ਲਾਲੇਪੁਰ ਤਾਂ ਖਤਮ ਹੋ ਚੁੱਕਿਆ ਏ, ਨਿਸ਼ਾਨੀ ਵਜੋਂ ਮੈਨੂੰ ਮੇਰੇ ਘਰ ਦੀ ਦੋ ਬੁਕ ਮਿੱਟੀ ਲਿਆ ਦੇ, ਮੈਂ ਘਰ ਜਾ ਕੇ ਆਪਣੇ ਬੱਚਿਆਂ ਨੂੰ ਵਿਖਾਣੀ ਏ।''

ਨਿੱਜੀ ਸਫ਼ਰ ਦਾ ਬਿਰਤਾਂਤ ਹੁੰਦਿਆਂ ਹੋਇਆਂ ਵੀ ਲੇਖਕ ਦੇ ਭਾਵਕ ਪਲਾਂ ਦੀ ਦਾਸਤਾਨ ਸਾਨੂੰ ਅੰਦਰ ਤੱਕ ਹਲੂਣਦੀ ਹੈ। ਸੰਤਾਲੀ ਦੀ ਰਾਜਨੀਤਕ ਤਰਾਸਦੀ ਨੇ ਜੋ ਜ਼ਖ਼ਮ ਦਿੱਤੇ ਉਹਦੀ ਚੀਸ ਸੁਣਾਈ ਦਿੰਦੀ ਹੈ। ਸੰਤਾਲੀ ਕਰਕੇ ਹੋਈਆਂ ਬਕਦਰੀਆਂ ਅਤੇ ਮਨੁੱਖੀ ਘਾਣ ਨੇ ਮਨੁੱਖ ਨੂੰ ਸਿਰਫ ਵੰਡਣ ਵਾਲੀ ਚੀਜ਼ ਹੀ ਸਮਝਿਆ।

''ਏਥੋ ਹੀ ਖਾਲੀ ਗੱਡੀਆਂ ਆਉਂਦੀਆਂ ਨੇ ਤੇ ਲੁਟੇ ਹੋਏ ਲੋਕਾਂ ਦੀਆਂ ਜ਼ਿਦਾ ਲਾਸ਼ਾਂ ਭਾਰਤ ਨੂੰ ਲੈ ਤੁਰਦੀਆਂ ਸਨ।''

ਮਾਸਟਰ ਜੀ ਨੇ ਇਸ ਰਚਨਾ 'ਚ ਨਿੱਕੇ ਨਿੱਕੇ 'ਸੁਨਿਹਰੇ ਕਿਣਕੇ' ਫੜੇ ਹਨ, ਛੋਟੀਆਂ ਛੋਟੀਆਂ ਮੁਲਾਕਾਤਾਂ ਚੋਂ। ਆਪਣੀ ਦਿੱਖ ਕਾਰਨ ਪੁਛੇ ਜਾਂਦੇ ਸਵਾਲਾਂ ਦਾ ਜਵਾਬ ਇਤਿਹਾਸ ਨਾਲ ਲਬਰੇਜ਼ ਜਾਣਕਾਰੀ ਨਾਲ ਦਿੱਤਾ। ਕੂਕਿਆਂ ਬਾਰੇ ਜਾਣਕਾਰੀ ਕਾਬਿਲੇ ਤਾਰੀਫ਼ ਹੈ। ਸਿੱਧੀ ਪੱਗ ਤੇ ਟੇਡੀ ਪੱਗ ਦਾ ਫਰਕ ਤੇ ਸਿੱਖੀ ਦੀ ਅਸਲੀ ਪੱਗ ਕਿਹੜੀ ਹੈ, ਗੁਲਾਮੀ ਦਾ ਪ੍ਰਤੀਕ ਪੱਗ ਕਿਹੜੀ ਹੈ, ਇਸ ਬਾਰੇ ਖੁਲ੍ਹ ਕੇ ਗੱਲ ਕਰਨੀ ਉਹਨਾਂ ਦੇ ਹੀ ਹਿੱਸੇ ਆਈ ਹੈ। ਮਹਾਰਾਜਾ ਰਣਜੀਤ ਸਿੰਘ ਤੋਂ ਬਾਅਦ ਅੰਗਰੇਜ਼ਾਂ ਤੇ ਖਾਲਸਾਈ ਲੜਾਈ ਦੇ ਸੰਦਰਭ 'ਚ ਪੱਗ ਦਾ ਜਿਕਰ ਕਰਦਿਆਂ ਉਹਨਾਂ ਇੰਝ ਲਿਖਿਆ –

''ਜਦੋਂ ਦੋਵੇਂ ਪਾਸੇ ਸਿੱਖ ਫੌਜਾਂ ਲੜ ਰਹੀਆਂ ਸਨ ਤਾਂ ਸਭ ਦੀਆਂ ਪੱਗਾਂ ਅਸਲੀ ਖਾਲਸਾ ਵਾਲੀਆਂ ਸਨ। ਆਹਮੋ-ਸਾਹਮਣੇ ਲੜਾਈ ਵਿੱਚ ਪਤਾ ਹੀ ਨਹੀਂ ਸੀ ਲੱਗਦਾ ਅੰਗਰੇਜ਼ੀ ਸਿੱਖ ਕੌਣ ਨੇ ਤੇ ਲਾਹੌਰ ਦਰਬਾਰੀ ਸਿੱਖ ਕੌਣ ਨੇ। ਸੋ ਅੰਗਰੇਜ਼ ਸਰਕਾਰ ਨੇ ਆਪਣੇ ਸਿੱਖ ਫੌਜੀਆਂ ਦੀ ਪਛਾਣ ਲਈ ਸਿੱਖ ਪੱਗ ਦਾ ਅੱਜ ਵਾਲਾ ਡਿਜ਼ਾਈਨ ਦਿੱਤਾ।''

ਇੱਕ ਹੋਰ ਪੱਖ ਵੀ ਇਸ ਪੁਸਤਕ 'ਚ ਬਹੁਤ ਭਾਵਕਤਾ ਨਾਲ ਉਜਾਗਰ ਹੁੰਦਾ ਹੈ। ਜੋ ਸ਼ਾਇਦ ਪੰਜਾਬੀਆਂ ਦੇ ਹਿੱਸੇ ਜ਼ਿਆਦਾ ਆਉਂਦਾ ਹੈ। ਉਧਰਲੇ ਪੰਜਾਬ ਦੀ ਪ੍ਰਾਹੁਣਾਚਾਰੀ। ਕਵੀ ਜੀ ਦਾ ਅਤੇ ਮਾਸਟਰ ਜੀ ਦਾ ਹਰਬੰਸਪੁਰੇ ਅਸ਼ਰਫ ਹੁਰਾਂ ਘਰ ਰਹਿਣਾ ਤੇ ਪਿਆਰ ਮਲਹਾਰ ਮਿਲਣਾ। ਇਹ ਪੰਜਾਬੀਆਂ ਦੀ ਜਿੰਦਾਦਿਲੀ ਦੀ ਮਿਸਾਲ ਏ।

ਇਹਨਾਂ ਤਿੰਨਾਂ 'ਬਾਬਿਆਂ' ਨੂੰ ਜਨਮ ਭੋਇ ਦਾ ਹੱਜ ਕਰਵਾਉਣ ਵਾਲੇ ਜਨਾਬ ਜ਼ਾਹਿਦ ਮੁਮਤਾਜ਼ ਦਾ ਅੰਦਾਜ਼ ਤਾਂ ਹੈ ਹੀ ਵਿਲੱਖਣ। ਮੁਮਤਾਜ਼ ਹੁਰਾਂ ਦੀ ਫਿਰਾਖ਼ਦਿਲੀ ਅੱਗੇ ਨਤਮਸਤਕ ਹੋਣ ਨੂੰ ਜੀ ਕਰਦਾ ਹੈ। ਮਾਸਟਰ ਜੀ ਨੇ ਇਸ ਪੱਖ ਨੂੰ ਬਖ਼ੂਬੀ ਦਿਲਚਸਪ ਢੰਗ ਨਾਲ ਨਿਭਾਇਆ ਹੈ। ਇੱਕ ਦਿਨ ਹੋਰ ਤਿੰਨਾਂ 'ਬਾਬਿਆਂ' ਨੂੰ ਰੋਕਣ ਲਈ ਜਨਾਬ ਮੁਮਤਾਜ਼ ਹੁਰਾਂ ਵਲੋਂ ਲਿਆ ਤਰਲਾ ''ਉਹਨਾਂ ਦੇ ਹੱਥ ਵਿੱਚ ਕੁਲੇ ਤੇ ਬੱਝੀ ਪਗੜੀ ਸੀ। ਜਲਦੀ ਜਲਦੀ ਆਏ ਤੇ ਕਿਸਾਨ ਹੁਰਾਂ ਦੇ ਪੈਰਾਂ ਤੇ ਰੱਖ ਦਿੱਤੀ। ਵਾਸਤਾ ਜੇ ਏਸ ਪੱਗ ਦਾ ਅੱਜ ਨਾ ਜਾਇਓ। ਸਿਰਫ਼ ਇੱਕ ਦਿਨ ਦੇ ਦਿਓ।... ਮੁਮਤਾਜ਼ ਦੀਆਂ ਅੱਖਾਂ ਵਿੱਚ

ਅੱਥਰੂ ਸਨ।''

ਸ਼ਾਲਾ ਜਨਾਬ ਮੁਮਤਾਜ਼ ਹੁਰਾਂ ਦੀਆਂ ਇਹੋ ਜਿਹੀਆਂ 'ਬਿਲਟੀਆਂ' ਸਭ ਨੂੰ ਬਣਾਵੇ।

'ਦੋ ਵਾਰ ਵਾਘਿਓਂ ਪਾਰ' 'ਚ ਰੇਖਾ ਚਿੱਤਰ, ਗਲਪ, ਡਾਇਰੀ, ਜੀਵਨੀ, ਇਤਿਹਾਸਕ ਪ੍ਰਸੰਗ ਜਿਹੀਆਂ ਕਈ ਵਿਧਾਵਾਂ ਜੁੜੀਆਂ ਹਨ। ਸ਼ੈਲੀ ਸਰਲ ਤੇ ਸਪੱਸ਼ਟ ਹੈ। ਮੌਕੇ ਤੇ ਅਖਾਣ ਬੋਲ ਕੇ ਰਮਜ਼ ਨਾਲ ਗੱਲ ਕਰਨੀ ਲੇਖਕ ਦੀ ਸਾਹਿਤਕ ਸਮਰਥਾ ਦਰਸਾਉਂਦੀ ਹੈ।

''ਸੜਕ ਵੀ ਹਾਜ਼ਮਾ ਰੋਡ ਹੀ ਬਣੀ ਪਈ ਸੀ।'

ਜਾਂ ਫਿਰ 'ਜਾਣ ਬਚੀ ਤੋਂ ਲਾਖੋਂ ਪਾਏ।'

'ਵੇਖੋ ਬੱਤੀ ਰੁਪੈ ਲਈ ਚਲ ਪਿੱਛੇ ਪਰਦੇਸ ਬਣਿਆ ਪਿਆ।'

ਮਾਸਟਰ ਜੀ ਹੁਰਾਂ ਦੀ ਪ੍ਰਸਿੱਧ ਰਾਗੀ ਭਾਈ ਨਸੀਰ, ਭਾਈ ਤਾਬਾ ਹੁਰਾਂ ਨਾਲ ਗੱਲਬਾਤ ਵੀ ਦਿਲ ਤੇ ਅਮਿੱਟ ਛਾਪ ਛੱਡਦੀ ਹੈ।'

''ਜਿਹੜਾ ਗਲਾ ਕਦੀ ਰਾਜ ਦਰਬਾਰ ਵਿੱਚ ਬੜੀ ਸ਼ਰਧਾ ਨਾਲ ਸੁਣਿਆ ਜਾਂਦਾ ਸੀ, ਅੱਜ ਸਾਰਾ ਦਿਨ ਬਾਗ ਵਿਚੋਂ ਕਾਂ ਉਡਾਂਦਾ ਸ਼ਾਮ ਨੂੰ ਬਹਿ ਜਾਂਦਾ ਹੈ। ਅੱਜ ਨਸੀਰ ਮਾਲੀ ਤੇ ਤਾਬਾ ਰਾਖਾ ਅਖਵਾਉਂਦੇ ਨੇ। ਸਾਡੇ ਕਦਰ੍ਦਾਨ ਓਥੇ ਰਹਿ ਗਏ ਤੇ ਅਸੀਂ ਇਹ ਸੰਗੀਤ ਦਾ ਸੋਨਾ ਲੈ ਕੇ ਕਬਰ ਵਿੱਚ ਦੱਬੇ ਜਾਵਾਂਗੇ।''

ਸਦਾ ਚੇਤਿਆਂ 'ਚ ਵਸਿਆ ਰਹਿਣ ਵਾਲਾ ਇਹ ਸਫ਼ਰਨਾਮਾ ਭਾਵੇਂ ਨਿੱਜੀ ਬਿਰਤਾਂਤ ਹੈ, ਪਰ ਨਾਮਧਾਰੀਆਂ ਦਾ ਸਭਿਆਚਾਰ, ਇਤਿਹਾਸ, ਸੰਤਾਲੀ ਦਾ ਸੰਤਾਪ, ਲੋਹੜੇ ਦੀ ਰਵਾਨੀ ਨਾਲ ਜਿੰਦਗੀ ਦੇ ਵਰਤਾਰਿਆਂ ਤੇ ਦਿਲ ਖਿੱਚਵੀ ਝਾਤ ਪੁਆਉਂਦਾ ਹੈ। ਮਾਸਟਰ ਜੀ ਨੇ ਨਿੱਕੀਆਂ ਨਿੱਕੀਆਂ ਗੱਲਾਂ 'ਚ ਬਹੁਤ ਕੁੱਝ ਕਿਹਾ ਹੈ।

'ਮਰੀਕ' ਨੇ ਵੱਡਾ ਮਾਅਰਕਾ ਮਾਰਿਆ ਹੈ।

– ਗੁਰਭੇਜ ਸਿੰਘ ਗੁਰਾਇਆ
ਸੀਨੀਅਰ ਪਬਲਿਕ ਪ੍ਰੋਸੀਕਿਊਟਰ,
ਦਿੱਲੀ ਸਰਕਾਰ

# ਧੰਨਵਾਦ

ਪਹਿਲਾਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ, ਜਿੰਨਾਂ ਦੀ ਕ੍ਰਿਪਾ ਦ੍ਰਿਸ਼ਟੀ ਸਦਕਾ ਮੈਂ ਕੁੱਝ ਲਿਖਣ ਜੋਗਾ ਹੋ ਸਕਿਆ ਹਾਂ।

ਨਾਮਧਾਰੀ ਪੰਜਾਬੀ ਸਾਹਿਤ ਸਭਾ ਸ੍ਰੀ ਜੀਵਨ ਨਗਰ ਦੇ ਸਭ ਮੈਂਬਰਾਂ ਦਾ।

ਸਰਬ ਸ਼ਕਤੀਮਾਨ ਐਡੀਟਰ 'ਵਰਤਮਾਨ ਹਿੰਦੁਸਤਾਨ' ਦਾ।

ਸਾਰੇ ਮਿੱਤਰ ਮੰਡਲ ਦਾ, ਜੋ ਮੈਨੂੰ ਹਮੇਸ਼ਾਂ ਲਿਖਣ ਲਈ ਪਰੇਰਨਾ ਦਿੰਦੇ ਹਨ।

ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਦੇ ਡਾਇਰੈਕਟਰ ਸ੍ਰੀ ਸੀ.ਆਰ.ਮੌਦਗਿੱਲ ਦਾ, ਜਿੰਨਾ ਹੱਥਲੀ ਪੁਸਤਕ ਬਾਰੇ ਮੁਖ-ਬੰਦ ਦਿੱਤਾ।

ਸ੍ਰ. ਅਮਰਜੀਤ ਸਿੰਘ ਕਾਂਗ ਸੀਨੀਅਰ ਪੰਜਾਬੀ ਪ੍ਰੋਫੈਸਰ ਕੁਰੂਕਸ਼ੇਤਰ ਯੂਨੀਵਰਸਿਟੀ।

ਸ੍ਰ. ਜਗਦੀਸ਼ ਸਿੰਘ ਐਡੀਟਰ 'ਵਰਿਆਮ' ਦਾ, ਜਿੰਨਾ ਮੈਨੂੰ ਕਵਿਤਾ ਤੋਂ ਵਾਰਤਕ ਵੱਲ ਮੁੜਨ ਲਈ ਭਰਪੂਰ ਪਰੇਰਨਾ ਦਿੱਤੀ।

# ਪਹਿਲੀ ਪਾਕਿਸਤਾਨ ਯਾਤਰਾ-1962

1962 ਦੇ ਅੱਧ ਦੇ ਕਰੀਬ ਮੈਂ ਕਵੀ ਜੀ ਕੋਲ ਸ੍ਰੀ ਜੀਵਨ ਨਗਰ 'ਸਤਿਜੁਗ' ਦੇ ਦਫ਼ਤਰ ਬੈਠਾ ਸਾਂ। ਅਖਬਾਰ ਵਿੱਚ ਇਸ਼ਤਿਹਾਰ ਪੜ੍ਹਿਆ ਜੋ ਸ਼੍ਰੋਮਣੀ ਕਮੇਟੀ ਵਲੋਂ ਸੀ ਕਿ ਜੋ ਸੱਜਣ - ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਦਿਵਸ ਤੇ ਸ੍ਰੀ ਨਨਕਾਣਾ ਸਾਹਿਬ (ਪਾਕਿਸਤਾਨ) ਦੇ ਦਰਸ਼ਨ ਕਰਨ ਜਾਣਾ ਚਾਹੁੰਦੇ ਹੋਣ, ਉਹ ਫਾਰਮ ਜੋ ਨਾਲ ਹੀ ਦਿੱਤਾ ਸੀ, ਭਰਕੇ ਕਮੇਟੀ ਦੇ ਦਫ਼ਤਰ ਵਿੱਚ ਭੇਜ ਦੇਣ। ਮੇਰੀ ਬੇਨਤੀ ਕਰਨ ਤੇ ਕਵੀ ਜੀ ਨੇ ਵੀ ਹਾਂ ਭਰ ਦਿੱਤੀ ਅਤੇ ਅਸਾਂ ਦੋਹਾਂ ਨੇ ਫਾਰਮ ਭਰਕੇ ਡਾਕ ਰਾਹੀਂ ਭੇਜ ਦਿੱਤੇ।

ਕੁੱਝ ਹੀ ਦਿਨ ਲੰਘੇ ਕਿ ਕਮੇਟੀ ਦੇ ਦਫਤਰੋਂ ਸਾਨੂੰ ਸੱਦਾ ਆ ਗਿਆ ਕਿ ਜਲਦੀ ਹੀ ਲੋੜੀਂਦੀ ਕਾਰਵਾਈ ਕਰਕੇ ਭੇਜ ਦਿਓ ਤਾਕਿ ਤੁਹਾਡੇ ਪਾਕਿਸਤਾਨ ਜਾਣ ਤੇ ਵਿਚਾਰ ਕੀਤੀ ਜਾ ਸਕੇ। ਖ਼ੈਰ ਅਸਾਂ ਆਪਣੇ ਬਾਰੇ ਸਾਰੀ ਜਾਣਕਾਰੀ ਅਤੇ ਫੋਟੋ ਕਾਪੀਆਂ ਕਮੇਟੀ ਦੇ ਦਫਤਰ ਪੁੱਚਾ ਦਿੱਤੀਆਂ। ਸਾਡੀ ਉਮੀਦ ਦੇ ਉਲਟ ਥੋੜ੍ਹੇ ਦਿਨਾਂ ਵਿੱਚ ਹੀ ਸਾਨੂੰ ਮਨਜ਼ੂਰੀ ਦਾ ਪੱਤਰ ਆ ਗਿਆ।

ਹੁਣ ਅਸੀਂ ਪਾਕਿਸਤਾਨ ਜਾਣ ਦੀਆਂ ਤਿਆਰੀਆਂ ਵਿੱਚ ਜੁੱਟ ਪਏ। ਕਵੀ ਜੀ ਨੇ ਪੱਤਰਾਂ ਰਾਹੀਂ ਲਾਹੌਰ ਦੇ ਅੱੜ ਪਾਸ ਆਪਣੇ ਮਿੱਤਰਾਂ ਨੂੰ ਲਿਖ ਦਿੱਤਾ ਕਿ ਅਸੀਂ ਦੋ ਜਣੇ ਤੁਹਾਨੂੰ ਮਿਲਣ ਲਈ ਆ ਰਹੇ ਹਾਂ। ਮੈਂ ਵੀ ਆਪਣੇ ਦੋਸਤਾਂ ਨੂੰ ਖ਼ਤ ਲਿਖੇ। ਅੰਦਰ ਬੜਾ ਉਤਸਾਹ ਜੇਹਾ ਸੀ। ਆਪਣੀ ਜਨਮ ਭੂਮੀ ਨੂੰ ਮੁੜ ਕੇ ਵੇਖਣ ਦਾ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਾ ਦਿਨ ਉਡੀਕਣ ਲੱਗੇ। ਦਸ ਕੁ ਦਿਨ ਪਹਿਲਾਂ ਸਾਨੂੰ ਚਿੱਠੀ ਮਿਲੀ ਕਿ ਤੁਸੀਂ ਫਲਾਂ ਤਾਰੀਖ ਨੂੰ ਬਠਿੰਡੇ ਗੁਰਦੁਆਰੇ ਹਾਜ਼ੀ ਪੀਰ ਪਹੁੰਚ ਜਾਓ। ਅਸਾਂ ਪੂਰੀ ਤਿਆਰੀ ਆਰੰਭ ਕੀਤੀ। ਕੁੱਝ ਕੱਪੜੇ ਨਵੇਂ ਸਿਵਾਏ, ਇੱਕੋ ਜਿਹੇ ਚਿੱਟੇ ਬੈਗ ਖਰੀਦੇ, ਚਿੱਟੇ ਜੋੜੇ ਸ਼ਹਿਰੋਂ ਲਿਆਂਦੇ। ਕਵੀ ਜੀ ਦਾ ਕਹਿਣਾ ਸੀ ਕਿ ਅਸਾਂ ਨਾਮਧਾਰੀ ਪੰਥ ਦਾ ਪ੍ਰਤੀਨਿਧਤਵ ਕਰਨਾ ਹੈ ਸੋ ਇੱਕ ਨਮੂਨੇ ਦੇ ਨਾਮਧਾਰੀ ਬਣ ਕੇ ਸਾਨੂੰ ਜਾਣਾ ਚਾਹੀਦਾ ਹੈ।

## ਪਹਿਲਾ ਦਿਨ

ਨੀਯਤ ਦਿਨ ਤੇ ਅਸੀਂ ਬਠਿੰਡੇ ਪਹੁੰਚ ਗਏ। ਹਾਜੀਪੀਰ ਗੁਰਦੁਆਰੇ ਯਾਤਰੀਆਂ ਦੀ ਭੀੜ ਲੱਗੀ ਹੋਈ ਸੀ। ਖ਼ੈਰ ਪਤਾ ਕਰਨ ਤੇ ਸਾਨੂੰ ਦਫਤਰੋਂ ਸਾਡੇ ਪਾਸਪੋਰਟ ਮਿਲ ਗਏ ਤੇ ਨਾਲ ਹੀ ਹੁਕਮ ਮਿਲਿਆ ਕਿ ਕਲ੍ਹ ਨੂੰ ਠੀਕ ਦਸ ਵਜੇ ਅੰਮ੍ਰਿਤਸਰ ਰੇਲਵੇ ਸਟੇਸ਼ਨ ਤੇ ਪਾਕਿਸਤਾਨ ਨੂੰ ਜਾਣ ਵਾਲੀ ਗੱਡੀ ਦੇ ਪਲੇਟ

ਫਾਰਮ ਤੇ ਪਹੁੰਚ ਕੇ ਸ੍ਰੀ ਨਨਕਾਣਾ ਸਾਹਿਬ ਪਹੁੰਚ ਜਾਓ।

ਓਦੋਂ ਬਠਿੰਡੇ ਤੋਂ ਬੱਸ ਦਾ ਸਿੱਧਾ ਰਸਤਾ ਹਾਲੇ ਚਾਲੂ ਨਹੀਂ ਸੀ ਹੋਇਆ, ਅਸੀਂ ਰੇਲ ਤੇ ਹੀ ਬਠਿੰਡੇ ਤੋਂ ਫਿਰੋਜ਼ਪੁਰ, ਜਲੰਧਰ ਹੁੰਦੇ ਹੋਏ ਮਸਾਂ ਹੀ ਸਵੇਰੇ ਅੱਠ ਵਜੇ ਅੰਮ੍ਰਿਤਸਰ ਪੁੱਜੇ। ਗੁਰਦੁਆਰੇ ਆ ਕੇ ਇਸ਼ਨਾਨ ਪਾਣੀ ਕਰਕੇ ਸਾਢੇ ਨੌਂ ਵਜੇ ਅੰਮ੍ਰਿਤਸਰ ਰੇਲਵੇ ਸਟੇਸ਼ਨ ਦੱਸੇ ਹੋਏ ਪਲੇਟ ਫਾਰਮ ਤੇ ਪੁੱਜ ਕੇ ਸ੍ਰੀ ਨਨਕਾਣਾ ਸਾਹਿਬ ਦੀਆਂ ਟਿਕਟਾਂ ਖਰੀਦ ਲਈਆਂ।

ਗੱਡੀ ਦੀ ਉਡੀਕ ਕਰਨ ਲੱਗੇ। ਮਨ ਵਿੱਚ ਖੁਸ਼ੀ ਦੀਆਂ ਤਰੰਗਾਂ ਉਮਡ ਰਹੀਆਂ ਸਨ। ਲਾਹੌਰ ਕਿਵੇਂ ਦਾ ਹੋਵੇਗਾ ? ਹੁਣ ਸਾਨੂੰ ਉਥੇ ਕੋਈ ਖਤਰਾ ਨਹੀਂ ਹੋਵੇਗਾ? ਇਹਨਾਂ ਸੋਚਾਂ ਵਿੱਚ ਹੀ ਸਾਂ ਕਿ ਗੱਡੀ ਪਲੇਟ ਫਾਰਮ ਤੇ ਆ ਲੱਗੀ। ਅੱਧੇ ਡੱਬੇ ਪਾਕਿਸਤਾਨੀ ਤੇ ਅੱਧੇ ਡੱਬੇ ਭਾਰਤੀ ਸਨ। ਯਾਤਰੀ ਆਪਣੀ ਆਦਤ ਅਨੁਸਾਰ ਧੱਕਾ ਪੇਲ ਕਰਦੇ ਆਪਣੀਆਂ ਸੀਟਾਂ ਮੱਲਣ ਦੀ ਕਾਹਲੀ ਵਿੱਚ ਕਾਵਾਂ ਰੌਲੀ ਪਾ ਰਹੇ ਸਨ। ਕਵੀ ਜੀ ਤੇ ਮੈਂ ਅਡੋਲ ਖੜ੍ਹੇ ਸਾਂ, ਕਵੀ ਜੀ ਨੇ ਇੱਕ ਅੱਖ ਨੀਵੀਂ ਕਰਕੇ ਮੇਰੇ ਵੱਲ ਵੇਖਿਆ ਤੇ ਮੁਸਕਰਾ ਕੇ ਆਖਿਆ, ''ਠੀਕ ਏ ਅਮਰੀਕ ਸਿੰਘ, ਤੂੰ ਅੱਜ ਬਹੁਤ ਵਧੀਆ ਨਾਮਧਾਰੀ ਲੱਗ ਰਿਹੈਂ।'' ''ਤੇ ਤੁਸੀਂ ਕਿਹੜੇ ਘੱਟ ਸੋਹਣੇ ਲੱਗ ਰਹੇ ਹੋ, ਸੱਚ ਦੱਸਾਂ ਤੁਸਾਂ ਮੇਰੀ ਕਾਇਆ ਕਲਪ ਕਰ ਦਿੱਤੀ ਏ ਕਵੀ ਜੀ।'' ਮੈਂ ਇਤਨਾ ਕਹਿ ਕੇ ਕਵੀ ਜੀ ਨੂੰ ਆਪਣੀਆਂ ਬਾਹਾਂ ਨਾਲ ਘੁੱਟ ਲਿਆ। ਚੱਲ ਯਾਰ ਸੀਟਾਂ ਤੇ ਬੈਠੀਏ ਹੁਣ ਕੁੱਝ ਸ਼ਾਂਤ ਹੋਈਏ, ਕਵੀ ਜੀ ਨੇ ਮੈਨੂੰ ਬਾਹੋਂ ਫੜ ਕੇ ਗੱਡੀ ਵੱਲ ਖਿੱਚਦਿਆਂ ਕਿਹਾ।

ਸਾਡੀ ਇੱਛਾ ਮੁਤਾਬਕ ਸੀਟਾਂ ਸਾਨੂੰ ਬਾਰੀ ਵਾਲੇ ਪਾਸੇ ਹੀ ਮਿਲ ਗਈਆਂ। ਅਸੀਂ ਬਾਹਰ ਅੰਮ੍ਰਿਤਸਰ ਸਟੇਸ਼ਨ ਦਾ ਇੱਕ ਜਾਇਜ਼ਾ ਲਿਆ। ਕਵੀ ਜੀ ਨੇ ਕਿਹਾ ਕਿ ਸਾਡੇ ਦੇਸ਼ ਵਿੱਚ ਤਾਂ ਕਾਫੀ ਤਬਦੀਲੀ ਆਈ ਹੈ, ਪਾਕਿਸਤਾਨ ਦਾ ਕੀ ਹਾਲ ਏ, ਚੱਲ ਕੇ ਵੇਖਾਂਗੇ।

''ਉਥੇ ਕੀ ਹੋਣੈ ਕਵੀ ਜੀ, ਭਾਗਾਂ ਵਾਲਾ ਪਿੰਡ ਪਰਾਲੀਓਂ ਹੀ ਦਿੱਸ ਪੈਂਦਾ ਏ, ਆਹ ਗੱਡੀਆਂ ਦਾ ਹਾਲ ਹੀ ਵੇਖ ਲੈ।'' ਮੈਂ ਅੱਗੇ ਖੜ੍ਹੇ ਡੱਬੇ ਵੱਲ ਵੇਖ ਕੇ ਆਖਿਆ 'ਇਹ ਉਹਨਾਂ ਵਧੀਆ ਡੱਬੇ ਹੀ ਸਾਡੇ ਵੱਲ ਭੇਜੇ ਹੋਣਗੇ।'

'ਇਹ ਤਾਂ ਠੀਕ ਏ' ਕਵੀ ਜੀ ਨੇ ਮੇਰੀ ਗੱਲ ਦੀ ਪ੍ਰੋੜ੍ਹਤਾ ਕੀਤੀ। ਅਸੀਂ ਅਜੇ ਕੁੱਝ ਹੋਰ ਗੱਲਾਂ ਕਰਦੇ ਇਸ ਵਿਸ਼ੇ ਬਾਰੇ ਪਰ ਵਿਸਲ ਹੋਈ ਜਵਾਬੀ ਸੀਟੀ ਇੰਜਨ ਨੇ ਮਾਰੀ ਤੇ ਗੱਡੀ ਚੱਲ ਪਈ।

ਅੰਮ੍ਰਿਤਸਰ ਸਟੇਸ਼ਨ ਹੌਲੇ ਹੌਲੇ ਪਿੱਛੇ ਰਹਿਣ ਲੱਗਾ, ਮੈਂ ਪੰਦਰਾਂ ਸਾਲ ਪਹਿਲਾਂ ਵਾਲਾ ਵਕਤ ਯਾਦ ਕਰ ਰਿਹਾ ਸਾਂ। ਕਿਵੇਂ ਸੰਤਾਲੀ 'ਚ ਮਾਰੇ ਕੁੱਟੇ ਅਸੀਂ ਪਾਕਿਸਤਾਨੋਂ ਏਧਰ ਆਏ ਸਾਂ, ਭੁੱਖੇ ਤਿਹਾਏ। ਉਹ ਸਾਰਾ ਸੀਨ ਮੇਰੀਆਂ ਅੱਖਾਂ ਅੱਗੇ ਆ ਗਿਆ।

''ਕੋਈ ਗੱਲ ਕਰ ਅਮਰੀਕ ਸਿੰਘ, ਅਸੀਂ ਚੁੱਪ ਬਹਿਣ ਥੋੜ੍ਹੇ ਆਏ ਹਾਂ। ਵੈਸੇ ਤਾਂ ਜੋ ਕੁੱਝ ਤੂੰ ਸੋਚ ਰਿਹਾ ਹੈਂ ਉਹੋ ਕੁੱਝ ਮੈਂ ਸੋਚ ਰਿਹਾਂ ਰੌਲੇ ਦੇ ਸਾਲਾਂ ਬਾਰੇ।'' ਕਵੀ ਜੀ ਨੇ ਜਿਵੇਂ ਮੇਰੇ ਚਿਹਰੇ ਤੋਂ ਸਭ ਕੁੱਝ ਪੜ੍ਹ ਲਿਆ ਹੋਵੇ। ਚਿਹਰੇ ਤੋਂ ਸਭ ਕੁੱਝ ਪੜ੍ਹ ਲੈਣਾ ਕਵੀ ਜੀ ਦਾ ਇੱਕ ਵਧੀਆ ਹੁਨਰ ਸੀ।

ਲੋਕ ਆਪੋ ਵਿੱਚ ਗੱਲਾਂ ਕਰ ਰਹੇ ਸਨ, ''ਮੈਂ ਤਾਂ ਪਾਕਿਸਤਾਨੋਂ ਬਦਾਮ, ਗਿਰੀਆਂ ਸੌਗੀ ਲਿਆਵਾਂਗਾ'' ਇੱਕ ਕਹਿ ਰਿਹਾ ਸੀ। ਦੂਜੇ ਨੇ ਕਿਹਾ ਕਿ ਮੈਂ ਪਾਕਿਸਤਾਨੋਂ ਜੁੱਤੀਆਂ ਦੇ ਚਾਰ ਜੋੜੇ ਲੈ ਕੇ ਆਉਣੇ ਨੇ, ਮੇਰੀ ਉਮਰ ਤੇ ਕੱਢ ਹੀ ਜਾਣਗੇ। ਇਹ ਸੱਜਣ ਕੋਈ ਸੱਠ ਸਾਲ ਦੇ ਕਰੀਬ ਹੋਵੇਗਾ।

ਕਵੀ ਜੀ ਹੁੰਗਲਾ ਗਏ ਪਰ ਮੈਂ ਯਾਤਰੀਆਂ ਦੀਆਂ ਯਾਤਰਾ ਕਰਨ ਦੀਆਂ ਭਾਵਨਾਵਾਂ ਬਾਰੇ ਡੂੰਘੀ ਸੋਚ ਵਿੱਚ ਡੁੱਬ ਰਿਹਾ ਸਾਂ। ਜਿਸ ਆਸ਼ੇ ਨੂੰ ਲੈ ਕੇ ਅਸੀਂ ਇਹ ਯਾਤਰਾ ਕਰ ਰਹੇ ਹਾਂ, ਉਸ ਬਾਰੇ ਤਾਂ ਕੋਈ ਵੀ ਗੱਲ ਨਹੀਂ ਕਰ ਰਿਹਾ। ਗੁਰੂ ਨਾਨਕ ਦੇਵ ਜੀ ਬਾਰੇ, ਨਨਕਾਣਾ ਸਾਹਿਬ ਬਾਰੇ, ਇਹ ਤਾਂ ਸਾਰੇ ਵਪਾਰੀ ਲੱਗ ਰਹੇ ਹਨ ਜੋ ਕਿਸੇ ਵਪਾਰ ਲਈ ਹੀ ਜਾ ਰਹੇ ਹੋਣ।

ਗੱਡੀ ਦੀ ਸਪੀਡ ਘੱਟ ਗਈ ਪਤਾ ਲੱਗਾ ਕਿ ਅਟਾਰੀ ਸਟੇਸ਼ਨ ਆ ਗਿਆ। ਕੁੱਝ ਦੇਰ ਗੱਡੀ ਰੁੱਕੀ ਤੇ ਫੇਰ ਚੱਲ ਪਈ। ਅਟਾਰੀ ਦਾ ਸਟੇਸ਼ਨ ਮੈਨੂੰ ਬੜਾ ਯਾਦ ਹੈ। ਸੰਤਾਲੀ ਵਿੱਚ ਅਸੀਂ ਮਾਰੇ ਕੁੱਟੇ ਤੇ ਭੁੱਖੇ ਤਿਹਾਏ ਇਸ ਸਟੇਸ਼ਨ ਤੇ ਰੁੱਕੇ ਤਾਂ ਪਾਸੇ ਦੇ ਲੋਕ ਸਾਡੇ ਲਈ ਲੰਗਰ, ਦੁੱਧ, ਕੜਾਹ-ਪ੍ਰਸਾਦ ਲਿਆਏ ਸਨ ਤੇ ਅਸਾਂ ਕਈ ਦਿਨਾਂ ਦੀ ਭੁੱਖ, ਤਰੇਹ ਲਾਹੀ ਸੀ।

ਲੌ ਜੀ ਵਾਹਘਾ ਬਾਰਡਰ ਆ ਗਿਆ ਤੇ ਗੱਡੀ ਫੇਰ ਰੁੱਕੀ। ਮੈਂ ਕਵੀ ਜੀ ਨੂੰ ਛੂਹਿਆ ਤੇ ਅਸੀਂ ਲੋਕਾਂ ਨਾਲ ਸਟੇਸ਼ਨ ਦੇ ਪਲੇਟ ਫਾਰਮ ਤੇ ਉਤਰ ਆਏ। ਏਥੇ ਸਭ ਦੀ ਚੈਕਿੰਗ ਹੋਣੀ ਸੀ। ਆਪਣੇ ਨਾਲ ਲਿਆਏ ਸਾਮਾਨ ਨੂੰ ਕਿਵੇਂ ਪਾਰ ਕਰਨਾ ਹੈ, ਆਮ ਯਾਤਰੂ ਇਹ ਹੀ ਸਕੀਮ ਬਣਾ ਰਹੇ ਸਨ। ਅਸੀਂ ਦੋਵੇਂ ਵੀ ਲਾਈਨ ਵਿੱਚ ਲੱਗ ਗਏ, ਭਾਵੇਂ ਪਾਕਿਸਤਾਨੀ ਅਧਿਕਾਰੀ ਕਾਫੀ ਖੁਲ੍ਹਦਿਲੀ ਵਰਤ ਰਹੇ ਸਨ, ਫੇਰ ਵੀ ਕਈਆਂ ਕੋਲ ਸਾਮਾਨ ਹੀ ਇਤਨਾ ਤੇ ਇਤਰਾਜਯੋਗ ਸੀ ਕਿ ਇੱਕ ਯਾਤਰੀ ਤੇ ਕਾਫੀ ਦੇਰ ਲੱਗ ਜਾਂਦੀ ਸੀ।

ਅੱਕ ਕੇ ਕਵੀ ਜੀ ਤੇ ਮੈਂ ਬੈਗਾਂ ਵਿਚੋਂ ਆਪਣੇ ਕੱਪੜੇ ਕੱਢ ਕੇ ਹੱਥ ਵਿੱਚ ਫੜ ਲਏ ਤੇ ਬੈਗ ਲੈ ਕੇ ਅਸੀਂ ਅਧਿਕਾਰੀ ਕੋਲ ਆ ਗਏ, ਲਾਈਨ ਤੋੜ ਕੇ।

'ਸਾਡੇ ਕੋਲ ਤਾਂ ਐਹ ਕੁੱਝ ਹੀ ਹੈ, ਸਾਨੂੰ ਕਿਉਂ ਸਜਾ ਮਿਲ ਰਹੀ ਏ ਇਹਨਾਂ ਲੋਕਾਂ ਨਾਲ।' ਕਵੀ ਜੀ ਨੇ ਹੱਸਦਿਆਂ ਅਧਿਕਾਰੀ ਨੂੰ ਆਖਿਆ।

'ਲਿਆਓ ਸਰਦਾਰ ਜੀ ! ਨੌਜਵਾਨ ਅਧਿਕਾਰੀ ਨੇ ਕਿਹਾ ਤੁਹਾਡੀ ਗੱਲ ਠੀਕ ਏ। ਇਹਨਾਂ ਵਪਾਰੀਨੁਮਾ ਯਾਤਰੀਆਂ ਨਾਲ ਤੁਸੀਂ ਕਿਉਂ ਦੁੱਖ ਪਾਓ।

ਉਸ ਨੇ ਸਾਡੇ ਪਾਸਪੋਰਟ ਲੈ ਕੇ ਲੋੜੀਂਦੀ ਕਾਰਵਾਈ ਕੀਤੀ ਤੇ ਸਾਨੂੰ

ਕਿਹਾ, 'ਜਾਓ ਬਾਦਸ਼ਾਹੋ ਹੁਣ ਖੁਸ਼ ਜੇ।' ਉਸ ਨੇ ਪੂਰੇ ਲਾਹੌਰੀ ਲਹਿਜੇ ਵਿੱਚ ਮੁਸਕਰਾਉਂਦਿਆਂ ਕਿਹਾ।

ਸ਼ੁਕਰੀਆ ਅਦਾ ਕਰਕੇ ਅਸੀਂ ਪਲੇਟ ਫਾਰਮ ਤੇ ਟਹਿਲਣ ਲੱਗ ਪਏ।

'ਕਿਉਂ ਬਦਨਾਮ ਕਰ ਰਹੇ ਨੇ ਇਹ ਲੋਕ ਆਪਣੇ ਦੇਸ਼ ਤੇ ਆਪਣੇ ਧਰਮ ਨੂੰ।' ਕਵੀ ਜੀ ਨੇ ਲਾਈਨ ਵਿੱਚ ਲੱਗਿਆਂ ਵੱਲ ਵੇਖ ਕੇ ਆਖਿਆ, ਭਲੇ ਮਾਣਸੋ, ਤੁਸੀਂ ਆਏ ਕਿਹੜੇ ਕੰਮ ਹੋ ਤੇ ਕਰ ਕੀ ਰਹੇ ਹੋ।

'ਕੁਫਰ ਟੂਟਾ ਖੁਦਾ ਖੁਦਾ ਕਰਕੇ' ਵਾਲੀ ਗੱਲ ਕਈ ਘੰਟਿਆਂ ਬਾਅਦ ਇਹ ਚੈਕਿੰਗ ਮੁਕੀ ਤੇ ਅਸੀਂ ਸਾਰੇ ਫੇਰ ਗੱਡੀ ਵਿੱਚ ਆ ਬੈਠੇ।ਗੱਡੀ ਚੱਲ ਪਈ, ਮੈਂ ਬਾਹਰ ਖਿੜਕੀ ਤੋਂ ਆਪਣੇ ਦੇਸ਼ ਨੂੰ ਇੱਕ ਵਾਰ ਫਿਰ ਵੇਖਿਆ। ਹੌਲੇ ਹੌਲੇ ਵਾਹਘਾ ਸਟੇਸ਼ਨ ਦੀਆਂ ਬੱਤੀਆਂ ਤੇ ਸਿਗਨਲ ਪਿੱਛੇ ਰਹਿ ਗਏ।

ਅਸੀਂ ਹੁਣ ਉਸ ਧਰਤੀ ਤੇ ਜਾ ਰਹੇ ਸਾਂ ਜੋ ਕਦੇ ਆਪਣੀ ਹੁੰਦੀ ਸੀ। ਮੈਨੂੰ ਯਾਦ ਆਇਆ ਵਾਲਟਨ ਸਕੂਲ ਦਾ ਸਟੇਸ਼ਨ, ਜਿੱਥੇ ਮੈਂ ਆਪਣੇ ਦੋਸਤ ਕਾਦਰ ਨਾਲ ਸਕੂਲ ਵਿੱਚ ਪੜ੍ਹਦਿਆਂ ਇੱਕ ਸਕਾਊਟਿੰਗ ਕੈਂਪ ਵਿੱਚ ਆਇਆ ਸਾਂ। ਉਸ ਸਟੇਸ਼ਨ ਦੇ ਉਤੋਂ ਦੀ ਗੱਡੀ ਲੰਘ ਰਹੀ ਸੀ। ਯਾਦ ਆ ਰਿਹਾ ਸੀ ਸਟੇਸ਼ਨ ਦੇ ਪਰਲੇ ਪਾਸੇ ਉਹ ਮੈਦਾਨ ਜਿਸ ਵਿੱਚ ਤੰਬੂਆਂ ਵਿੱਚ ਅੱਠ ਦਿਨ ਗੁਜ਼ਾਰੇ। ਇਹ ਕੈਂਪ ਪਿਸ਼ਾਵਰ ਤੋਂ ਗੁੜਗਾਵਾਂ ਤੱਕ ਵਾਲੇ ਪੰਜਾਬ ਤੋਂ ਆਏ ਸਕਾਊਟਾਂ ਦਾ ਸੀ। ਇੱਕ ਦੂਜੇ ਦੀ ਬੋਲੀ ਨਾ ਸਮਝਦੇ ਹੋਇਆਂ ਵੀ ਅਸੀਂ ਆਪੋ ਵਿੱਚ ਕਿੰਨੇ ਘੁਲ ਮਿਲ ਗਏ ਸਾਂ। ਹਿੰਦੂ, ਮੁਸਲਮਾਨ, ਸਿੱਖ, ਈਸਾਈ, ਪਠਾਨ, ਜੱਟ ਗੱਲ ਕੀ ਹਰ ਕੌਮ ਤੇ ਧਰਮ ਦੇ ਲੋਕਾਂ ਦੇ ਬੱਚੇ ਉਸ ਵਿੱਚ ਸ਼ਾਮਲ ਸਨ। ਵੱਖਰੀ ਵੱਖਰੀ ਬੋਲੀ, ਵੱਖਰਾ ਵੱਖਰਾ ਰਹਿਣ ਸਹਿਣ-ਢੰਗ, ਫੇਰ ਵੀ ਹਜ਼ਾਰਾਂ ਦੀ ਗਿਣਤੀ ਵਿੱਚ ਅਸੀਂ ਸਭ ਇੱਕ ਸਾਂ। ਪਰ ਕੁੱਝ ਸਾਲਾਂ ਬਾਅਦ ਹੀ ਕੀਹ ਬਣਿਆ, ਇਸ ਇੱਕਠ ਨੂੰ ਕੀਹ ਭਾਣਾ ਵਰਤਿਆ ਇਸ ਭਾਈਚਾਰੇ ਨਾਲ, ਸਭ ਕੁੱਝ ਖਿੰਡ ਪੁੰਡ ਗਿਆ। ਅਸੀਂ ਸਾਰੇ ਇੱਕ ਦੂਜੇ ਦੇ ਦੁਸ਼ਮਸ਼ ਬਣ ਗਏ। ਲਾਸ਼ਾਂ ਦੇ ਢੇਰ ਲੱਗ ਗਏ, ਲੱਖਾਂ ਔਰਤਾਂ ਦੀ ਬੇਪੱਤੀ ਹੋਈ, ਕਿਹੜੀ ਬੁਰੀ ਗੱਲ ਸੀ, ਜੋ ਨਹੀਂ ਹੋਈ ਉਸ ਵੇਲੇ। ਨਹਿਰਾਂ ਦਰਿਆਵਾਂ ਦਾ ਪਾਣੀ ਆਪਣਿਆਂ ਦੇ ਲਹੂ ਨਾਲ ਹੀ ਲਾਲ ਹੋ ਗਿਆ। ਸੂਇਆਂ, ਖਾਲਾਂ, ਨਹਿਰਾਂ ਵਿੱਚ ਮਾਵਾਂ ਦੇ ਪੁੱਤਰਾਂ ਦੀਆਂ ਲਾਸ਼ਾਂ ਤਰ ਰਹੀਆਂ ਸਨ ਤੇ ਉਹਨਾਂ ਉਤੇ ਬੈਠੇ ਕਾਵਾਂ ਤੇ ਇੱਲਾਂ ਨੂੰ ਲਾਸ਼ਾਂ ਨੂੰ ਨੋਚਦਿਆਂ, ਮੈਂ ਆਪਣੀਆਂ ਅੱਖਾਂ ਨਾਲ ਵੇਖਿਆ ਸੀ। ਮੈਂ ਪਤਾ ਨਹੀਂ ਕਦੋਂ ਤੱਕ ਆਪਣੇ ਪਛੋਕੜ ਨੂੰ ਘੋਖਦਾ ਰਹਿੰਦਾ, ਕਵੀ ਜੀ ਮੈਨੂੰ ਹਲੂਣ ਕੇ ਆਖਿਆ 'ਲਾਹੌਰ ਆ ਗਿਆ, ਕਿਹੜੀਆਂ ਸੋਚਾਂ ਵਿੱਚ ਪਏ ਹੋ ? ਇਹਨਾਂ ਸੋਚਾਂ ਦਾ ਕੋਈ ਬੰਨਾਂ ਨਹੀਂ ਪਿਆਰੇ।'

ਮੈਂ ਉਭੜ ਵਾਹੇ ਉਠਿਆ। ਮੈਨੂੰ ਪਤਾ ਹੀ ਨਹੀਂ ਲੱਗਾ ਕਦੋਂ ਮੁਗਲਪੁਰਾ ਲੰਘ ਕੇ ਗੱਡੀ ਲਾਹੌਰ ਸਟੇਸ਼ਨ ਤੇ ਆ ਕੇ ਰੁੱਕ ਗਈ ਸੀ। ਮੈਂ ਵੇਖਿਆ ਗੱਡੀ ਦੀ

ਹਰ ਬਾਰੀ ਅੱਗੇ ਪਾਕਿਸਤਾਨ ਸਰਕਾਰ ਵਲੋਂ ਮੁਫ਼ਤ ਠੰਢਿਆਂ ਦੀਆਂ ਰੇੜ੍ਹੀਆਂ ਲੱਗੀਆਂ ਸਨ। ਜਥੇ ਵਾਲੇ ਸਭ ਲੋਕ ਦਬਾ ਦਬਾ ਗੱਟਾ ਗੱਟ ਬੋਤਲਾਂ ਪੀ ਰਹੇ ਸਨ। ਅਸਾਂ ਦੂਹਾਂ ਵੀ ਦੋ ਬੋਤਲਾਂ ਥਮਜ਼-ਅੱਪ ਦੀਆਂ ਪੀਤੀਆਂ, ਜਿਹਨਾਂ ਨੇ ਸਾਡੇ ਨੱਕ ਰਾਹੀਂ ਧੂੰ ਕੱਢ ਦਿੱਤਾ। ਖਿੜਕੀ ਚੋਂ ਵੇਖਿਆ ਇੱਕ ਸਰਦਾਰ ਜੀ ਤਿੰਨ ਤਿੰਨ ਬੋਤਲਾਂ ਦੋਹਾਂ ਹੱਥਾਂ ਵਿੱਚ ਤੇ ਦੋ ਬੋਤਲਾਂ ਆਪਣੀਆਂ ਬਗਲਾਂ ਵਿੱਚ ਦਬਾਈ ਵਾਹੋ ਦਾਹੀ ਆਈ ਜਾਣ ਕਿ ਪੈਰ ਥਿੜਕ ਗਿਆ ਤੇ ਉਹ ਚੋਫਾਲ ਮੂੰਦੜੇ ਮੂੰਹ ਡਿੱਗ ਪਏ। ਮੈਥੋਂ ਨਾ ਰਿਹਾ ਗਿਆ, ਕਹਿ ਹੀ ਦਿੱਤਾ ਸਰਦਾਰ ਜੀ ਸੰਭਲ ਕੇ ਥੋੜ੍ਹੀਆਂ ਲੈ ਆਉਂਦੇ।'

'ਕਿਉਂ ਤੇਰੇ ਪੱਲਿਓਂ ਤਾਂ ਨਹੀ ਲਿਆਇਆ, ਪਾਕਿਸਤਾਨ ਸਰਕਾਰ ਨੇ ਘੱਲੀਆਂ ਨੇ ਰੱਜ ਕੇ ਪੀਵਾਂਗੇ।' ਇਹ ਕਹਿੰਦੇ ਹੋਏ ਸਰਦਾਰ ਜੀ ਉਠੇ ਤੇ ਓਨੀਆਂ ਹੀ ਹੋਰ ਲੈ ਆਏ, ਕਿਉਂਕਿ ਅਗਲੀਆਂ ਕੁੱਝ ਤੇ ਟੁੱਟ ਗਈਆਂ ਤੇ ਕੁੱਝ ਪਲੇਟ ਫਾਰਮ ਤੋਂ ਥੱਲੇ ਡਿੱਗ ਪਈਆਂ। ਉਹਨਾਂ ਨੂੰ ਕੱਢਣ ਦੀ ਉਹਨਾਂ ਨੇ ਖੇਚਲ ਵੀ ਨਹੀਂ ਕੀਤੀ, ਜੇ ਆਪਣੀਆਂ ਹੁੰਦੀਆਂ ਤਾਂ ਖਤਰਾ ਮੁੱਲ ਲੈ ਕੇ ਵੀ ਉਹ ਬੋਤਲਾਂ ਕੱਢ ਲਈਆਂ ਜਾਣੀਆਂ ਸਨ।

'ਆਪਾਂ ਸਾਰੀ ਦੁਨੀਆਂ ਨੂੰ ਸੁਧਾਰਨ ਦਾ ਠੇਕਾ ਤਾਂ ਨਹੀਂ ਲਿਆ ਯਾਰ।' ਕਵੀ ਜੀ ਨੇ ਮੈਨੂੰ ਬਾਹੋਂ ਫੜ ਝੰਜੋੜ ਕੇ ਥੋੜ੍ਹਾ ਗੁੱਸੇ ਨਾਲ ਆਖਿਆ।

ਲਾਹੌਰ ਜਿਦ੍ਹੇ ਬਾਰੇ ਮਸ਼ਹੂਰ ਸੀ, 'ਜਿਸ ਲਾਹੌਰ ਨਹੀਂ ਵੇਖਿਆ ਉਹ ਜੰਮਿਆ ਹੀ ਨਹੀਂ। ਮੈਨੂੰ ਯਾਦ ਆਇਆ ਗੁਜਰਾਂ ਵਾਲੇ ਪੜ੍ਹਦਿਆਂ ਅਸੀ ਕੁੱਝ ਵਿਦਿਆਰਥੀ ਸਕੂਲੋਂ ਨੱਸ ਕੇ ਲਾਹੌਰ ਵੇਖਣ ਆਏ ਤਾਕਿ ਏਸ ਦੁਨੀਆਂ ਤੋਂ ਬਿਨਾ ਜੰਮੀਆਂ ਹੀ ਨਾ ਟੁਰ ਜਾਈਏ।

ਗੱਡੀ ਨੇ ਫੇਰ ਵਿਸਲ ਮਾਰੀ ਤੇ ਸ੍ਰੀ ਨਨਕਾਣਾ ਸਾਹਿਬ ਨੂੰ ਚੱਲ ਪਈ। ਬਦਾਮੀ ਬਾਗ਼, ਸ਼ੇਖੂਪੁਰਾ ਦੇ ਕਈ ਸਟੇਸ਼ਨ ਆਏ, ਪਰ ਗੱਡੀ ਸ੍ਰੀ ਨਨਕਾਣਾ ਸਾਹਿਬ ਤੋਂ ਉਰਾਂ ਕਿਸੇ ਸਟੇਸ਼ਨ ਤੇ ਨਾ ਰੁੱਕੀ।

ਗੱਡੀ ਦੇ ਰੁੱਕਦਿਆਂ ਹੀ ਸਾਰੀ ਗੱਡੀ ਵਿੱਚ ਖਲਬਲੀ ਮੱਚ ਗਈ। ਲੋਕ ਸਿਰਾਂ ਤੇ ਸਮਾਨ ਚੁੱਕੀ ਇੱਕ ਦੂਜੇ ਤੋਂ ਪਹਿਲਾਂ ਉਤਰਨ ਲਈ ਧੱਕੋ ਧੱਕੀ ਹੋ ਰਹੇ ਸਨ। 'ਹੌਲਾ ਭਾਰ ਤੇ ਸਾਥ ਦੇ ਮੋਹਰੀ' ਵਾਲੀ ਗੱਲ ਅਸੀਂ ਆਪਣੇ ਬੈਗ ਮੋਢੇ ਤੇ ਪਾਏ ਤੇ ਛੇਤੀ ਹੀ ਉਤਰ ਗਏ।

ਉਤਰਦਿਆਂ ਹੀ ਗਿਆਨੀ ਮਹਿੰਦਰ ਸਿੰਘ ਜੀ ਆਪਣੇ ਜਥੇ ਸਮੇਤ ਕਵੀ ਜੀ ਨੂੰ ਮਿਲ ਪਏ। ਅਸੀਂ ਹਾਲੇ ਫਤੇ ਹੀ ਬੁਲਾ ਰਹੇ ਸਾਂ ਕਿ ਪਾਕਿਸਤਾਨ ਸਰਕਾਰ ਵਲੋਂ ਜਥੇ ਦਾ ਸੁਆਗਤ ਕਰਨ ਵਾਲੇ ਸਰਕਾਰੀ ਅਧਿਕਾਰੀ ਆ ਗਏ। ਅਸੀਂ ਬੜੇ ਹੈਰਾਨ ਹੋਏ ਜਦੋਂ ਉਹ ਸਾਰੇ ਫੁੱਲਾਂ ਦੇ ਹਾਰ ਸਾਡੇ ਗਲਾਂ ਵਿੱਚ ਪਾਈ ਜਾ ਰਹੇ ਸਨ। ਕਵੀ ਜੀ ਸਮਝ ਗਏ ਸਨ ਅਸਲੀ ਗੱਲ ਨੂੰ। ਸਾਡਾ ਬਹੁਤ ਵਧੀਆ ਚਿੱਟਾ

ਬਾਣਾ ਵੇਖ ਕੇ ਉਹਨਾਂ ਸਾਨੂੰ ਹੀ ਜਥੇਦਾਰ ਸਮਝ ਲਿਆ ਸੀ। ਅਸੀਂ ਦੋਵੇਂ ਹੈ ਵੀ ਸਾਰਿਆਂ ਤੋਂ ਵਿਲੱਖਣ ਹੀ ਸਾਂ। ਗਿਆਨੀ ਮਹਿੰਦਰ ਸਿੰਘ ਹੀ ਦਰਅਸਲ ਸ਼੍ਰੋਮਣੀ ਕਮੇਟੀ ਵਲੋਂ ਏਸ ਯਾਤਰੂ ਜਥੇ ਦੇ ਜਥੇਦਾਰ ਨਿਯੁਕਤ ਹੋ ਕੇ ਆਏ ਸਨ। ਸਾਡੇ ਗਲਾਂ ਵਿੱਚ ਪੈਂਦੇ ਹਾਰ ਵੇਖ ਗਿਆਨੀ ਜੀ ਖਿਸਿਆਣੇ ਜਹੇ ਖੜ੍ਹੇ ਸਨ। ਕਵੀ ਜੀ ਨੇ ਸਮੇਂ ਦੀ ਨਜ਼ਾਕਤ ਨੂੰ ਵੇਖਦਿਆਂ ਫੁੱਲਾਂ ਦੇ ਹਾਰ ਆਪਣੇ ਗਲੋਂ ਲਾਹ ਕੇ ਗਿਆਨੀ ਜੀ ਦੇ ਗਲੇ ਪਾਉਣੇ ਸ਼ੁਰੂ ਕਰ ਦਿੱਤੇ। ਏਸ ਤਰ੍ਹਾਂ ਮੈਂ ਵੀ ਆਪਣੇ ਹਾਰ ਗਿਆਨੀ ਜੀ ਦੇ ਸਾਥੀਆਂ ਦੇ ਗਲ ਪਾਈ ਗਿਆ। ਹਾਰ ਆਉਂਦੇ ਗਏ ਤੇ ਅਸੀਂ ਏਸੇ ਤਰ੍ਹਾਂ ਅੱਗੇ ਤੋਰਦੇ ਗਏ।

ਅਖ਼ੀਰ ਪਾਕਿਸਤਾਨੀ ਮੁੱਖ ਅਧਿਕਾਰੀ ਨੇ ਕਵੀ ਜੀ ਨਾਲ ਹੱਥ ਮਿਲਾਉਂਦਿਆਂ ਕਿਹਾ 'ਗਿਆਨੀ ਮਹਿੰਦਰ ਸਿੰਘ ਜੀ ਕੋਈ ਤਕਲੀਫ਼ ਤਾਂ ਨਹੀਂ ਹੋਈ ਰਾਹ ਵਿੱਚ ?'

'ਤਕਲੀਫ਼ ਤਾਂ ਮੀਆਂ ਜੀ ਰਸਤੇ ਵਿੱਚ ਬਿਲਕੁਲ ਹੀ ਨਹੀਂ ਹੋਈ, ਪਰ ਗਿਆਨੀ ਮਹਿੰਦਰ ਸਿੰਘ ਜੀ ਮੈਂ ਨਹੀਂ ਇਹ ਹਨ। ਕਵੀ ਜੀ ਨੇ ਹੱਸਦਿਆਂ ਹੱਸਦਿਆਂ ਭੁਲੇਖਾ ਕੱਢ ਦਿੱਤਾ। ਕਵੀ ਜੀ ਨੇ ਆਪਣਾ ਨਾਂ ਦੱਸਿਆ 'ਮੈਂ ਤਾਂ ਪ੍ਰੀਤਮ ਸਿੰਘ ਕਵੀ ਹਾਂ।'

'ਤੁਸੀਂ ਪ੍ਰੀਤਮ ਸਿੰਘ ਕਵੀ ਹੋ ਤੇ ਮੈਂ ਗਿਆਨੀ ਅਬਾਦੁੱਲਾ ਹਾਂ 'ਸਤਿਜੁਗ ਦਾ ਖਾਸ ਕਾਲਮ ਨਵੀਸ।' ਅਧਿਕਾਰੀ ਜੀ ਨੇ ਕਵੀ ਜੀ ਨੂੰ ਜੱਫ਼ੀ ਵਿੱਚ ਲੈ ਲਿਆ। 'ਤੁਸੀਂ ਸਤਿਜੁਗ ਦੇ ਸੰਪਾਦਕ ਹੋ, ਚਿੱਠੀਆਂ ਰਾਹੀਂ ਅਸੀਂ ਬਹੁਤ ਵਾਰੀ ਮਿਲੇ ਹਾਂ, ਪਰ ਸਾਖ਼ਸ਼ਾਤ ਦਰਸ਼ਨ ਅੱਜ ਹੋਏ ਨੇ। ਤੁਸੀਂ ਆਪਣੀ ਸੁੰਦਰ ਲਿਖਾਈ ਵਰਗੇ ਹੀ ਸੁੰਦਰ ਤੇ ਬਾਂਕੇ ਨਾਮਧਾਰੀ ਹੋ। ਚੰਗਾ ਤੁਸੀਂ ਵੀ ਨਾਲ ਹੀ ਜਾਓ।'

ਕੱਚੇ ਜਹੇ ਹੁੰਦਿਆਂ ਗਿਆਨੀ ਜੀ ਇਹ ਸਭ ਸੁਣ ਰਹੇ ਸਨ। ਅਧਿਕਾਰੀਆਂ ਨੇ ਆਪਣੀ ਕਾਰਗੁਜ਼ਾਰੀ ਕੀਤੀ ਤੇ ਸਟੇਸ਼ਨ ਤੋਂ ਬਾਹਰ ਆ ਗਏ। ਗੁਰਦੁਆਰੇ ਜਾਣ ਲਈ ਬੱਸਾਂ ਆਈਆਂ ਖੜ੍ਹੀਆਂ ਸਨ, ਜੋ ਏਥੋਂ ਕਰੀਬ ਡੇੜ ਮੀਲ ਸੀ, ਬੱਸਾਂ ਵਿੱਚ ਬੈਠੇ ਜਦ ਅਸੀਂ ਤੁਰੇ ਤਾਂ ਅੱਗੇ ਅੱਗੇ ਬੈਂਡ ਵਾਜੇ ਧੁਨ ਵਜਾ ਰਹੇ ਸਨ 'ਅੱਜ ਦਿਨ ਵਡਭਾਗੀ ਆਇਆ, ਅੱਜ ਦਿਨ ਵਡਭਾਗੀ ਆਇਆ।'

ਬੱਸ ਵਿੱਚ ਬੈਠਾ ਮੈਂ ਗਿਆਨੀ ਅਬਾਦੁੱਲਾ ਬਾਰੇ ਸੋਚ ਰਿਹਾ ਸਾਂ, ਗਿਆਨੀ ਜੀ ਪੰਜਾਬੀ ਦੇ ਵਧੀਆ ਲਿਖਾਰੀ ਸਨ ਤੇ ਇਹਨਾਂ ਦੇ ਖੋਜ ਭਰਪੂਰ ਲੇਖ 'ਸਤਿਜੁਗ' ਹਫ਼ਤਾਵਾਰੀ ਤੇ ਮਾਸਿਕ ਵਿੱਚ ਛਪਦੇ ਰਹੇ ਹਨ। ਗਿਆਨੀ ਅਬਾਦੁੱਲਾ ਮੁਸਲਮਾਨਾਂ ਵਿਚੋਂ ਇੱਕ ਅਹਿਮਦੀਆ ਫਿਰਕੇ ਵਿਚੋਂ ਸਨ, ਅਹਿਮਦੀਆ ਫਿਰਕਾ ਚੂੰਕਿ ਨਾਮਧਾਰੀਆਂ ਵਾਂਗ ਜਿੰਦਾ ਰਸੂਲ (ਦੇਹਧਾਰੀ ਗੁਰੂ) ਨੂੰ ਹੀ ਮੰਨਦੇ ਹਨ। ਇਸ ਲਈ ਗਿਆਨੀ ਅਬਾਦੁੱਲਾ ਦੇ ਲੇਖ ਗੁਰਬਾਣੀ ਦੇ ਆਧਾਰ ਤੇ ਦੇਹਧਾਰੀ ਗੁਰੂ ਨੂੰ ਹੀ ਮੰਨਣਾ ਸਿੱਧ ਕਰਦੇ ਹਨ। ਮੈਂ ਆਪਣੇ ਆਪ ਨੂੰ ਬਹੁਤ ਵਡਭਾਗਾ

ਸਮਝ ਰਿਹਾ ਸਾਂ। ਕਵੀ ਜੀ ਦੇ ਸਾਥ ਕਰਕੇ ਮੈਨੂੰ ਬਹੁਤ ਉਚੀਆਂ ਹਸਤੀਆਂ ਨਾਲ ਮਿਲਣ ਦਾ ਮੌਕਾ ਮਿਲ ਰਿਹਾ ਸੀ।

ਜਨਮ ਅਸਥਾਨ ਗੁਰਦੁਆਰਾ ਸਾਹਿਬ ਅੱਗੇ ਅਸੀਂ ਸਾਰੇ ਬੱਸਾਂ ਵਿਚੋਂ ਉਤਰ ਕੇ ਇੱਕ ਜਲੂਸ ਦੇ ਰੂਪ ਵਿੱਚ ਮੇਨ ਗੇਟ ਲੰਘ ਕੇ ਸੱਜੇ ਪਾਸੇ ਗੁਰੂ ਨਾਨਕ ਸਰਾਂ ਵੱਲ ਵਧੇ। ਪਾਕਿਸਤਾਨੀ ਅਧਿਕਾਰੀ ਜਥੇਦਾਰ ਮਹਿੰਦਰ ਸਿੰਘ ਤੇ ਉਹਨਾਂ ਦੇ ਸਾਥੀਆਂ ਨੂੰ ਸਮੇਤ ਸਾਡੇ ਦੋਹਾਂ ਦੇ ਇੱਕ ਪਾਸੇ ਲੈ ਗਏ। ਸਾਨੂੰ ਇੱਕ ਨਿਵੇਕਲਾ ਕਮਰਾ ਮਿਲ ਗਿਆ। ਸਰਾਂ ਦੇ ਵਿਚਾਲੇ ਟੂਟੀਆਂ ਤੋਂ ਮੂੰਹ ਹੱਥ ਧੋ ਕੇ ਅਸੀਂ ਆਪਣੇ ਕਮਰੇ ਵਿੱਚ ਆ ਗਏ। ਸਾਨੂੰ ਕਿਹਾ ਗਿਆ ਕਿ ਲੰਗਰ ਛੱਕ ਕੇ ਏਥੇ ਹੀ ਆ ਜਾਣਾ। ਅਸੀਂ ਕਮਰੇ ਨੂੰ ਤਾਲਾ ਲਾ ਕੇ ਲੰਗਰ ਵੱਲ ਚੱਲ ਪਏ।

ਲੰਗਰ ਛੱਕ ਕੇ ਅਸੀਂ ਆਪਣੇ ਕਮਰੇ ਵਿੱਚ ਆਏ, ਦੋ ਬਿਸਤਰੇ ਲੱਗੇ ਪਏ ਸਨ। ਥੱਕੇ ਹੋਏ ਸਾਂ ਦਿਨ ਦੇ। ਸੌਣਾ ਹੀ ਠੀਕ ਸਮਝਿਆ। ਮੰਜੇ ਤੇ ਲੇਟਦਿਆਂ ਹੀ ਨੀਂਦਰ ਰਾਣੀ ਦੀ ਗੋਦ ਵਿੱਚ ਸੁਖ ਆਸੀਨ ਹੋ ਗਏ।

## ਦੂਸਰਾ ਦਿਨ

ਆਦਤ ਅਨੁਸਾਰ ਅਸੀਂ ਸਵੇਰੇ ਤਿੰਨ ਵਜੇ ਹੀ ਜਾਗ ਪਏ, ਜ਼ਰੂਰੀ ਲੋੜਾਂ ਤੋਂ ਨਵਿਰਤ ਹੋ ਕੇ ਇਸ਼ਨਾਨ ਕੀਤਾ। ਕਵੀ ਜੀ ਤਾਂ ਕੁੱਝ ਲਿਖਣ ਲੱਗ ਪਏ ਤੇ ਮੈਂ ਕਮਰੇ ਤੋਂ ਬਾਹਰ ਨਿਕਲ ਕੇ ਸਰਾਂ ਵਿੱਚ ਹੀ ਫਿਰਨ ਤੁਰਨ ਲਈ ਚਲਾ ਗਿਆ। ਮਾਹੌਲ ਬੜਾ ਸ਼ਾਂਤ ਸੀ। ਟਾਵੇਂ ਟਾਵੇਂ ਯਾਤਰੀ ਜਾਗ ਰਹੇ ਸਨ ਤੇ ਇਸ਼ਨਾਨ ਕਰ ਰਹੇ ਸਨ। ਮੈਂ ਫਿਰਦਾ ਫਿਰਦਾ ਗੁਰੂ ਨਾਨਕ ਸਰਾਂ ਤੋਂ ਬਾਹਰ ਆ ਗਿਆ। ਸੱਜੇ ਪਾਸੇ ਗੁਰਦੁਆਰਾ ਜਨਮ ਅਸਥਾਨ ਚੰਨ ਦੇ ਚਾਨਣ ਵਿੱਚ ਨਹਾ ਜਿਹਾ ਰਿਹਾ ਸੀ, ਗੁਰਦੁਆਰੇ ਵੱਲ ਨੂੰ ਵਧਿਆ, ਦਰਸ਼ਨੀ ਡਿਉਢੀ ਚੋਂ ਲੰਘ ਕੇ ਅਸਲ ਗੁਰਦੁਆਰੇ ਦੇ ਜਾ ਦਰਸ਼ਨ ਕੀਤੇ। ਆਦਿ ਸ੍ਰੀ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੋ ਚੁੱਕਾ ਸੀ ਤੇ ਰਾਗੀ ਕੀਰਤਨ ਕਰਨ ਦੇ ਆਹਰ ਵਿੱਚ ਸਨ। ਮੇਰੇ ਮੱਥਾ ਟੇਕਦਿਆਂ ਨੂੰ ਰਾਗੀਆਂ 'ਆਸਾ ਦੀ ਵਾਰ' ਆਰੰਭ ਕਰ ਦਿੱਤੀ।

ਮੈਂ ਕੁੱਝ ਦੇਰ ਕੀਰਤਨ ਦਾ ਰੰਗ ਮਾਣਿਆ ਤੇ ਫੇਰ ਮੱਥਾ ਟੇਕ ਪਤਾਸਿਆਂ ਦਾ ਪਰਸ਼ਾਦ ਲੈ ਕੇ ਬਾਹਰ ਆ ਗਿਆ। ਸੱਜੇ ਪਾਸੇ ਇੱਕ ਪੁਰਾਣਾ ਜੰਡ ਖੜਾ ਸੀ। ਉਹਦੇ ਨਾਲ ਲੱਗੀ ਫੱਟੀ ਤੇ ਪੜ੍ਹਿਆ 'ਇਸ ਜੰਡ ਨਾਲ ਬੰਨ੍ਹ ਕੇ ਸਰਦਾਰ ਲਛਮਣ ਸਿੰਘ ਨੂੰ ਜ਼ਿੰਦਾ ਸਾੜ ਦਿੱਤਾ ਸੀ ਪੁਜਾਰੀਆਂ ਨੇ।' ਤੇ ਮੈਨੂੰ ਉਹ ਪੁਰਾਣਾ ਸਾਕਾ ਯਾਦ ਆ ਗਿਆ ਜਦੋਂ ਪੁਜਾਰੀਆਂ ਤੋਂ ਗੁਰਦੁਆਰੇ ਆਜ਼ਾਦ ਕਰਾਉਣ ਲਈ ਸਿੰਘਾਂ ਨੇ ਸ਼ਹੀਦੀਆਂ ਪਾਈਆਂ ਸਨ। ਪਤਾ ਨਹੀਂ ਦਸਵੇਂ ਪਾਤਸ਼ਾਹ ਜੀ ਨੇ ਇਸ ਕੌਮ ਵਿੱਚ ਕੀ ਸਪਿਰਿਟ ਭਰ ਦਿੱਤੀ ਕਿ ਆਪਣੀ ਆਣ, ਸ਼ਾਣ ਤੇ ਬਾਣ ਲਈ ਕੁਰਬਾਨ ਹੋਣਾ ਇੱਕ ਖੇਡ ਹੀ ਸਮਝਦੇ ਹਨ। ਮੈਂ ਖੜਾ ਖੜਾ ਪਿਛਲੇ ਇਤਿਹਾਸ

ਤੇ ਝਾਤ ਮਾਰਨ ਲੱਗ ਪਿਆ। ਅੰਮ੍ਰਿਤਸਰ ਦੇ ਨਾਮਧਾਰੀ ਸ਼ਹੀਦਾਂ ਦਾ ਸਾਕਾ ਅੰਗਰੇਜ਼ਾਂ ਨੇ ਪੰਜਾਬੀਆਂ ਦੀ ਅਣਖ ਨੂੰ ਪਰਖਣ ਲਈ ਅੰਮ੍ਰਿਤਸਰ ਦਰਬਾਰ ਸਾਹਿਬ ਕੋਲ ਗਊਆਂ ਕਤਲ ਕਰਨ ਦੀ ਖੁਲ੍ਹ ਦੇ ਦਿੱਤੀ। ਹੱਡੀਆਂ ਤੇ ਮਾਸ ਦੀਆਂ ਬੋਟੀਆਂ ਇੱਲਾਂ ਰਾਹੀਂ ਪਵਿੱਤਰ ਸਰੋਵਰ ਵਿੱਚ ਡਿੱਗ ਕੇ ਪਵਿੱਤਰ ਜਲ ਨੂੰ ਅਪਵਿਤਰ ਕਰਨ ਲਗੀਆਂ ਤਾਂ ਸੂਰਮੇ ਇਹ ਸਹਾਰ ਨਾ ਸਕੇ। ਗੁਰਮਤਾ ਕਰਕੇ ਰਾਤੋ ਰਾਤ ਬੁੱਚੜਾਂ ਨੂੰ ਸੋਧ ਕੇ ਗਊਆਂ ਦੇ ਰੱਸੇ ਵੱਢ ਕੇ ਫਰਾਰ ਹੋ ਗਏ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਕਿਹਾ ਕਿ ਖੇਤੀ ਕਰਕੇ ਬੋਹਲ ਕਿਸੇ ਹੋਰ ਲਈ ਛੱਡ ਆਏ ਹੋ। ਬਹਾਦਰ ਲੋਕਾਂ ਕਚਹਿਰੀ ਵਿੱਚ ਪੇਸ਼ ਹੋਕੇ ਇਕਬਾਲ ਕੀਤਾ ਤੇ ਬੇਦੋਸ਼ਿਆਂ ਨੂੰ ਛੁੜਾ ਲਿਆ। ਆਪ ਹੱਸ ਹੱਸ ਫਾਂਸੀ ਦੇ ਰੱਸੇ ਗਲ ਪਾ ਕੇ ਕੁਰਬਾਨ ਹੋ ਗਏ। ਮੈਂ ਹਾਲੇ ਮਲੇਰ ਕੋਟਲੇ ਦੇ ਸ਼ਹੀਦਾਂ ਵਾਲਾ ਸਾਕਾ ਵੀ ਯਾਦ ਕਰਨ ਲੱਗਾ ਸਾਂ ਕਿ ਕਵੀ ਜੀ ਨੇ ਮੇਰੇ ਮੋਢੇ ਤੇ ਹੱਥ ਆ ਧਰਿਆ। ਉਹਨਾਂ ਪਿਆਰ ਭਰੇ ਗੁੱਸੇ ਵਿੱਚ ਕਿਹਾ, 'ਤੂੰ ਕਿੱਧਰ ਚਲਾ ਗਿਆਂ ਸੀ ਯਾਰ, ਮੈਂ ਲੱਭ ਲੱਭ ਫਾਵਾ ਹੋ ਗਿਆ ਸਵੇਰ ਦਾ।' ਮੈਂ...ਮੈਂ ਅੰਮ੍ਰਿਤਸਰੋਂ ਮਲੇਰ ਕੋਟਲੇ ਚਲਿਆ ਸਾਂ, ਅੱਭੜ ਵਾਹੇ ਮੇਰੇ ਮੂੰਹੋਂ ਨਿਕਲ ਗਿਆ।

''ਬੈਠੇ ਆਪਾਂ ਨਨਕਾਣੇ ਹਾਂ ਤੂੰ ਅੰਮ੍ਰਿਤਸਰੋਂ ਮਲੇਰਕੋਟਲੇ ਦੀਆਂ ਗੱਲਾਂ ਕਰ ਰਿਹਾ ਹੈਂ। ਕਵੀ ਜੀ ਨੇ ਮੇਰੀਆਂ ਅੱਖਾਂ ਵਿੱਚ ਝਾਕਦਿਆਂ ਆਖਿਆ। ਜਿਵੇਂ ਉਹਨਾਂ ਨੂੰ ਮੇਰੇ ਪਾਗਲ ਹੋ ਜਾਣ ਦਾ ਸ਼ੱਕ ਪੈ ਗਿਆ ਹੋਵੇ।''

''ਹਾਂ ਪਿਆਰੇ ਕਵੀ ਜੀ ਮੈਂ ਜਦੋਂ ਇਸ ਜੰਡ ਦੇ ਸਾਹਮਣੇ ਆ ਕੇ ਖੜ੍ਹਾ ਹੋਇਆ ਤਾਂ ਮੈਨੂੰ ਤੱਤੀਆਂ ਤਵੀਆਂ ਤੇ ਬੈਠੇ ਗੁਰੂ ਅਰਜਨ ਦੇਵ, ਬੰਦ ਬੰਦ ਕਟਵਾਂਦੇ ਸੂਰਮੇ, ਰੰਬੀਆਂ ਨਾਲ ਖੋਪਰ ਲੁਹਾਂਦੇ ਬਹਾਦਰ, ਆਰਿਆਂ ਨਾਲ ਚਿਰੀਂਦੇ ਦੇਗਾਂ ਵਿੱਚ ਉਬਲਦੇ, ਸਰੀਰ ਨਾਲ ਰੂੰ ਬੰਨ੍ਹ ਕੇ ਸੜਦੇ, ਆਪਣਾ ਸੀਸ ਕਟਾਂਦੇ ਗੁਰੂ ਤੇਗ ਬਹਾਦਰ, ਬਿਨਾ ਸੀਸ ਲੜਦਾ ਦੀਪ ਸਿੰਘ, ਬੱਚਿਆਂ ਦੇ ਟੋਟੇ ਕਰਵਾ ਕੇ ਗਲੇ ਹਾਰ ਪਾਂਦੀਆਂ ਮਾਈਆਂ, ਫਾਂਸੀ ਤੇ ਚੜ੍ਹਣ ਲਈ ਗਲਾਂ ਵਿੱਚ ਰੱਸੇ ਆਪ ਪਾਂਦੇ ਸ਼ਹੀਦ ਤੋਪਾਂ ਅੱਗੇ ਖਲੋ ਕੇ ਆਪ ਛਾਤੀਆਂ ਵਿੱਚ ਗੋਲੇ ਖਾਂਦੇ ਵੇਖੇ ਨੇ। ਮੈਨੂੰ ਤੇ ਏਥੇ ਸ਼ਹੀਦਾਂ ਦੀ ਵੱਡੀ ਭੀੜ ਨੇ ਘੇਰ ਲਿਆ। ਰਾਗੀ ਗਾ ਰਹੇ ਸਨ 'ਮੋਹੇ ਮਰਨੇ ਕਾ ਚਾਓ ਹੈ ਮਰੌਂ ਤੋ ਹਰਿ ਕੇ ਦੁਆਰ।'

''ਬੱਸ ਤੇਰੇ 'ਚ ਇਹ ਹੀ ਨੁਕਸ ਐ, ਤੂੰ ਭਾਵੁਕ ਬਹੁਤ ਹੋ ਜਾਨੈ, ਇਹ ਸਭ ਕੁੱਝ ਤਾਂ ਵੈਸੇ ਤੂੰ ਠੀਕ ਕਹਿ ਰਿਹਾ ਹੈਂ, ਸਾਡੇ ਸ਼ਹੀਦਾਂ ਦੀਆਂ ਕੁਰਬਾਨੀਆਂ ਸਦਕਾ ਹੀ ਤਾਂ ਸਿੱਖ ਕੌਮ ਅਮਿੱਟ ਹੈ, ਅਮਰ ਏ।''

ਕਵੀ ਜੀ ਨੇ ਮੈਨੂੰ ਬਾਹਾਂ ਵਿੱਚ ਘੁਟ ਲਿਆ ਤੇ ਆਪਣੇ ਖਾਸ ਅੰਦਾਜ਼ ਵਿੱਚ ਆਖਿਆ, 'ਭਲਿਆ ਮਾਨਸਾ ! ਵਕਤ ਤਾਂ ਵੇਖ ਦਿਨ ਕਿੱਥੇ ਆ ਗਿਆ ਏ, ਮੈਂ ਤੇਰੇ ਪਿੱਛੇ ਦਸ ਪੰਦਰਾਂ ਪੱਤਰੇ ਲਿਖ ਮਾਰੇ ਨੇ। ਮੈਂ ਵੀ ਅੱਜ ਆਪਣੇ ਮਹਾਨ

ਸ਼ਹੀਦਾਂ ਬਾਰੇ ਹੀ ਲਿਖ ਰਿਹਾ ਸਾਂ। ਪਰ ਉਹਨਾਂ ਦੀ ਕੀਰਤੀ ਤਾਂ ਲਿਖੀ ਨਹੀਂ ਜਾ ਸਕਦੀ, ਮਿਣੀ ਤੋਲੀ ਨਹੀਂ ਜਾ ਸਕਦੀ। ਆ ਚੱਲੀਏ ਲੰਗਰ ਵੱਲ ਮੇਰਾ ਚਾਹ ਪੀਣ ਨੂੰ ਬਹੁਤ ਜੀ ਕਰ ਰਿਹਾ ਏ।'

ਅਸੀਂ ਉਸ ਜੰਡ ਨੂੰ ਨਮਸਕਾਰ ਕਰਕੇ ਲੰਗਰ ਵੱਲ ਨੂੰ ਹੋ ਤੁਰੇ। ਅੱਗੇ ਚਾਹ ਨਾਲ ਡਬਲ ਰੋਟੀਆਂ ਤੇ ਸੁੱਕੇ ਬੰਦ ਵਰਤਾਏ ਜਾ ਰਹੇ ਸਨ। ਕਵੀ ਜੀ ਨੇ ਚਾਹ ਦਾ ਗਿਲਾਸ ਫੜ ਲਿਆ ਪਰ ਮੈਂ ਨਿੱਕੀ ਡਬਲ ਰੋਟੀ ਹੀ ਲੈ ਲਈ।

'ਕਵੀ ਜੀ ਤੁਸਾਂ ਇਹ ਚਾਹ ਦਾ ਕੀ ਫਾਹ ਪਾ ਰੱਖਿਆ ਏ।' ਮੈਂ ਹਨੋਰਾ ਜਿਹਾ ਦਿੱਤਾ।

ਕਵੀ ਜੀ ਮੁਸਕਰਾਏ ਤੇ ਕਹਿਣ ਲੱਗੇ 'ਛੁਟਤੀ ਨਹੀਂ ਯੇ ਕਾਫ਼ਿਰ ਮੂੰਹ ਸੇ ਲਗੀ ਹੂਈ।' ਮੇਰੇ ਵੀਰ ਇਹ ਛੁਟਦੀ ਨਹੀਂ, ਚਾਹ ਦੀਆਂ ਚੁਸਕੀਆਂ ਲੈਂਦਿਆਂ ਕਵੀ ਜੀ ਨੇ ਗੱਲ ਜਾਰੀ ਰੱਖੀ। ਤੈਨੂੰ ਇੱਕ ਲਤੀਫ਼ਾ ਸੁਣਾਵਾਂ ? ਇੱਕ ਵੇਰਾਂ ਮੈਂ ਤੇਰੇ ਵਰਗੇ ਕਿਸੇ ਦੇ ਆਖੇ ਚਾਹ ਛੱਡ ਦਿੱਤੀ। ਇੱਕ ਦਿਨ, ਦੋ ਦਿਨ, ਤਿੰਨ ਦਿਨ ਜਦੋਂ ਪੂਰੇ ਚਾਰ ਦਿਨ ਹੋ ਗਏ ਚਾਹ ਛੱਡਿਆਂ ਤਾਂ ਮੈਂ ਮਹਿਸੂਸ ਕੀਤਾ ਕਿ ਗੁਰਬਚਨ ਕੌਰ (ਕਵੀ ਜੀ ਦੀ ਪਤਨੀ) ਨਾਲੋਂ ਜਿਵੇਂ ਨਾਤਾ ਹੀ ਟੁੱਟ ਗਿਆ ਹੋਵੇ ਚਾਹ ਛੱਡਣ ਨਾਲ। ਅੱਗੇ ਮੈਂ ਕੁੱਝ ਨਾ ਕੁੱਝ ਲਿਖਦਿਆਂ ਵਾਜ ਮਾਰਨੀ, 'ਬਚਨੋ ਚਾਹ ਲਿਆਇਓ। ਤੇ ਮੇਰੀ ਪਤਨੀ ਨੇ ਝੱਟ ਚਾਹ ਲੈ ਆਉਣੀ। ਹੁਣ ਚੌਥੇ ਦਿਨ ਤੋਂ ਉਹ ਵਿਹਲੀ ਦੂਜੇ ਕਮਰੇ ਵਿੱਚ ਬੈਠੀ ਰਹਿੰਦੀ ਏ। ਹਾਰ ਕੇ ਮੈਂ ਵਾਜ ਮਾਰ ਕੇ ਇਸ ਲੰਮੀ ਚੁੱਪ ਨੂੰ ਤੋੜਿਆ ਤੇ ਕਿਹਾ, ''ਬਚਨੋ ਲਿਆ ਚਾਹ, ਮੇਰਾ ਤੇ ਤੇਰੇ ਨਾਲੋਂ ਜਿਵੇਂ ਸਬੰਧ ਹੀ ਟੁੱਟ ਗਿਆ ਤੇ ਦੋ ਮਿੰਟ ਬਾਅਦ ਬਚਨੋ ਚਾਹ ਲੈ ਕੇ ਆਈ ਤੇ ਸਾਡੇ ਸਾਰੇ ਟੁੱਟੇ ਸਬੰਧ ਫੇਰ ਬਹਾਲ ਹੋ ਗਏ।''

ਮੈਂ ਕਵੀ ਜੀ ਦਾ ਚੁਟਕਲਾ ਸੁਣ ਕੇ ਬਹੁਤ ਹੱਸਿਆ। ਕਵੀ ਜੀ ਨੇ ਚਾਹ ਮੁਕਾਈ ਤੇ ਅਸੀਂ ਫੇਰ ਆਪਣੇ ਡੇਰੇ ਵੱਲ ਨੂੰ ਤੁਰ ਪਏ। ਜਦੋਂ ਤਾਲਾ ਖੋਲ੍ਹਿਆ ਤਾਂ ਇੱਕ ਚਿੱਟ ਬੂਹੇ ਚੋਂ ਨਿਕਲ ਕੇ ਥੱਲੇ ਡਿੱਗ ਪਈ। ਚਿੱਟ ਤੇ ਲਿਖਿਆ ਸੀ ਕਿ ਮੈਂ ਗਿਆਨੀ ਅਬਾਦੁੱਲਾ ਤੁਹਾਨੂੰ ਫਲਾਂ ਨੰਬਰ ਕਮਰੇ ਵਿੱਚ ਉਡੀਕ ਰਿਹਾ ਹਾਂ।

ਅਸੀਂ ਦੋਵੇਂ ਦੱਸੇ ਕਮਰੇ ਅੱਗੇ ਜਾ ਖੜ੍ਹੇ ਹੋਏ। ਬੂਹਾ ਢੁਕਿਆ ਪਿਆ ਸੀ। ਖੰਘੂਰਾ ਮਾਰ ਕੇ ਅਸਾਂ ਬੂਹਾ ਖੜਕਾਇਆ। ਬੂਹਾ ਖੁਲ੍ਹਾ ਤੇ ਅਸੀਂ ਅੰਦਰ ਵੱਲ ਗਏ। ਅੱਗੇ ਗਿਆਨੀ ਅਬਾਦੁੱਲਾ ਸਾਹਿਬ ਹੱਥ ਜੋੜ ਕੇ ਸਾਡੇ ਸੁਆਗਤ ਲਈ ਖੜ੍ਹੇ ਸਨ। ਹੱਥ ਮਿਲਾ ਕੇ ਸਾਨੂੰ ਜੱਫ਼ੀ ਵਿੱਚ ਲੈ ਕੇ ਆਪਣੇ ਆਸਨ ਦੇ ਨਾਲ ਬਿਠਾ ਲਿਆ। ਉਹਨਾਂ ਦਾ ਆਸਨ ਦੁੱਧ ਚਿੱਟੀ ਚਾਦਰ ਉਤੇ ਇੱਕ ਮੋਟਾ ਕੱਪੜਾ ਪਿਆ ਸੀ।

ਗਿਆਨੀ ਜੀ ਨੇ ਬੜੇ ਮੋਹ ਭਰੇ ਲਹਿਜੇ ਨਾਲ ਸਾਡਾ ਹਾਲ ਚਾਲ ਪੁੱਛਿਆ। ਰਾਤ ਕਿਵੇਂ ਬੀਤੀ, ਅਸਾਂ ਠੀਕ ਠਾਕ ਕਹਿ ਕੇ ਸ਼ੁਕਰੀਆ ਅਦਾ ਕੀਤਾ। ਫੇਰ ਗਿਆਨੀ ਜੀ ਤੇ ਕਵੀ ਜੀ ਜੁੱਟ ਗਏ ਆਪਣੀਆਂ ਸਾਹਿਤਕ ਗੱਲਾਂ ਵੱਲ। ਸਾਰੇ

ਪਿਛਲੇ ਇਤਿਹਾਸ ਦੀਆਂ ਘਟਨਾਵਾਂ ਤੋਂ ਲੈ ਕੇ ਅੱਜ ਦੇ ਸਿੱਖ ਸਮਾਜ ਬਾਰੇ , ਦੇਹਧਾਰੀ ਗੁਰੂ ਦੇ ਮੰਨਣ ਬਾਰੇ ਤੇ ਪਤਾ ਨਹੀਂ ਕੀ ਕੁੱਝ ਉਸ ਨੇ ਆਪਣੇ ਦੋ ਤਿੰਨ ਘੰਟੇ ਦੇ ਵਾਰਤਾਲਾਪ ਵਿੱਚ ਦੁਹਰਾ ਦਿੱਤਾ। ਮੈਂ ਹੈਰਾਨ ਸਾਂ ਦੋਹਾਂ ਦੀਆਂ ਜਾਣਕਾਰੀਆਂ ਬਾਰੇ ਸਿੱਖ ਸਿਆਸਤ ਬਾਰੇ ਇਹ ਕਿੰਨਾ ਕੁੱਝ ਜਾਣਦੇ ਹਨ ਤੇ ਮੈਂ ‘ਸ਼ਬਦ ਨਾ ਸ਼ਲੋਕ ਬਾਬਾ ਟਿੱਕੀਆਂ ਦਾ ਠੋਕ’ ਵਾਲੀ ਗੱਲ। ਮੈਨੂੰ ਆਪਣਾ ਆਪ ਉਹਨਾਂ ਦੇ ਸਾਹਮਣੇ ਬਹੁਤ ਨਿਗੂਣਾ ਤੇ ਛੋਟਾ ਜਾਪਣ ਲੱਗ ਪਿਆ। ਕਵੀ ਜੀ ਦੀ ਅਜ਼ਮਤ ਦਾ ਮੈਂ ਹੋਰ ਵੀ ਕਾਇਲ ਹੋ ਗਿਆ। ਗਿਆਨੀ ਜੀ ਨੇ ਗੱਲਾਂ ਗੱਲਾਂ ਵਿੱਚ ਹੀ ਦੱਸਿਆ ਕਿ ਸਾਡਾ ਅਹਿਮਦੀਆਂ ਦਾ ਮੁੱਖ ਸਥਾਨ ‘ਕਾਦੀਆਂ’ ਜਿਲਾ ਗੁਰਦਾਸਪੁਰ (ਭਾਰਤ) ਹੈ ਤੇ ਪਾਕਿਸਤਾਨ ਵਿੱਚ ਸਾਡਾ ਸੈਂਟਰ ‘ਰਬਵਾਹ’ ਜ਼ਿਲਾ ਝੰਗ ਹੈ।

ਖ਼ੈਰ ਜੀ, ਗੱਲਾਂ ਕਰਦਿਆਂ ਤੇ ਸੁਣਦਿਆਂ ਸਾਨੂੰ ਸਾਰਿਆਂ ਨੂੰ ਭੁੱਖ ਲੱਗ ਗਈ ਤੇ ਅਸੀਂ ਉਠੱਣ ਦੀ ਤਿਆਰੀ ਵਿੱਚ ਹੀ ਸਾਂ ਕਿ ਕਵੀ ਜੀ ਨੇ ਵਧੀਆ ਪਾਰਕਰ ਦੇ ਦੋ ਪੈਨ ਆਪਣੇ ਪਰਸ ਵਿਚੋਂ ਕੱਢੇ ਤੇ ਗਿਆਨੀ ਜੀ ਨੂੰ ਭੇਟ ਕੀਤੇ। ਇਹ ਪੈਨ ਸਾਨੂੰ ਸ੍ਰੀ ਸਤਿਗੁਰੂ ਜੀ ਵਲੋਂ ਗਿਆਨੀ ਜੀ ਨੂੰ ਭੇਟ ਕਰਨ ਲਈ ਦਿੱਤੇ ਗਏ ਸਨ। ਗਿਆਨੀ ਜੀ ਨੇ ਸੱਚੇ ਪਾਤਸ਼ਾਹਾਂ ਦਾ ਸਿਰ ਨਿਵਾ ਕੇ ਸ਼ੁਕਰੀਆ ਅਦਾ ਕੀਤਾ ਤੇ ਅਸੀਂ ਲੰਗਰ ਵੱਲ ਨੂੰ ਤੁਰ ਪਏ। ਸਿੰਧੀ ਸਹਿਜਧਾਰੀ ਸਿੱਖਾਂ ਨੇ ਸੰਗਤ ਦੀ ਲੰਗਰ ਦੀ ਸੇਵਾ ਓਟ ਰੱਖੀ ਸੀ। ਵਧੀਆ ਪਕਵਾਨਾਂ ਵਿੱਚ ਬੋਲੀ ਦੀ ਮਿਠਾਸ ਘੁਲੀ ਪਈ ਸੀ ਤੇ ਦੇਸੀ ਘਿਓ ਦੀ ਥਿੰਧਿਆਈ ਨਾਲ ਚੋਪੜੇ ਫੁਲਕੇ। ਤਿੰਨ ਹਜ਼ਾਰ ਯਾਤਰੀਆਂ ਨੂੰ ਅਨੁਸ਼ਾਸਨ ਨਾਲ ਲੰਗਰ ਛਕਾਇਆ ਜਾ ਰਿਹਾ ਸੀ। ਹਰ ਚੌਥੇ ਆਦਮੀ ਪਾਸ ਇੱਕ ਸੇਵਾਦਾਰ ਖੜਾ ਸੀ। ਛੱਕਣ ਵਾਲਿਆਂ ਦੇ ਕੁੱਝ ਮੰਗਣ ਤੋਂ ਪਹਿਲਾਂ ਹੀ ਜੋ ਕੁੱਝ ਵੀ ਚਾਹੁੰਦਾ ਥਾਲੀ ਵਿੱਚ ਆ ਟਿਕਦਾ ਸੀ, ਫੇਰ ਵੀ ਕਈ ਸੱਜਣ ਆਪਣਾ ਆਪ ਵਖਾਣੋਂ ਨਹੀਂ ਰਹਿ ਰਹੇ ਸਨ।

‘ਓਏ ਲਾਲਾ ਏਧਰ ਲਿਆਈਂ ਖੀਰ।’ ਇੱਕ ਸੱਜਣ ਕਹਿ ਰਿਹਾ ਸਾਂ।

‘ਲਓ ਸਿੰਘ ਜੀ’ ਤੇ ਸੇਵਾਦਾਰ ਝੱਟ ਉਹਦੇ ਕੋਲ ਪਹੁੰਚ ਜਾਂਦਾ ਸੀ, ਸਿੰਧੀ ਸੇਵਾਦਾਰ ਸਾਰੀ ਸੰਗਤ ਨੂੰ ਸਿੰਘ ਜੀ ਕਹਿ ਕੇ ਹੀ ਬੁਲਾਉਂਦੇ ਸਨ। ਉਹਨਾਂ ਦੀ ਨਿਮਰਤਾ ਵੇਖੀ ਹੀ ਬਣਦੀ ਸੀ। ਸਿੰਘ ਖੀਰ ਬਹੁਤੀ ਪੁਆ ਲੈਂਦੇ ਤੇ ਨਾ ਖਾਧੀ ਜਾਣ ਤੇ ਵਿੱਚੇ ਹੀ ਛੱਡ ਕੇ ਤਿੱਤਰ ਹੋ ਜਾਂਦੇ। ਮੈਨੂੰ ਸਾਡੇ ਸਤਿਗੁਰਾਂ ਦੀ ਸਿੱਖਿਆ ਚੇਤੇ ਆ ਰਹੀ ਸੀ। ਪਹਿਲਾਂ ਲੰਗਰ ਉਤਨਾ ਲਓ ਜਿਤਨਾ ਛੱਕ ਸਕਦੇ ਹੋ, ਫੇਰ ਆਪਣੇ ਭਾਂਡੇ ਧੋ ਕੇ ਪੀਓ ਤਾਕਿ ਭੋਜਨ ਦਾ ਕੋਈ ਕਿਣਕਾ ਵੀ ਵਿਅਰਥ ਨਾ ਜਾਵੇ ਤੇ ਨਾਲੇ ਭਾਂਡਿਆਂ ਦੀ ਸਫਾਈ ਹੋ ਜਾਵੇ। ਤਾਕਿ ਸਾਫ਼ ਕਰਨ ਵਾਲੇ ਨੂੰ ਜੂਠ ਤੋਂ ਨਫਰਤ ਨਾ ਆਵੇ। ਇੱਕ ਵੇਰਾਂ ਮੈਂ ਆਪਣੇ ਛੋਟੇ ਪੁੱਤਰ ਮੰਗਲ ਸਿੰਘ ਨੂੰ ਮਿਲਣ ਫੌਜ ਵਿੱਚ ਫਿਰੋਜਪੁਰ ਛਾਉਣੀ ਗਿਆ, ਫੌਜੀਆਂ ਵਲੋਂ ਅਖੰਡ ਪਾਠ ਦਾ ਭੋਗ

ਪਿਆ। ਮੰਗਲ ਸਿੰਘ ਤਾਂ ਨਾ ਮਿਲਿਆ ਪਰ ਵੱਡੇ ਅਫਸਰ ਨੇ ਮੈਨੂੰ ਆਪਣੇ ਕੋਲ ਬਿਠਾ ਕੇ ਪਰਸ਼ਾਦਾ ਛਕਾਇਆ। ਮੈਂ ਜਦੋਂ ਪਰਸ਼ਾਦਾ ਛੱਕ ਲਿਆ ਤਾਂ ਕੌਲੀਆਂ ਥਾਲੀ ਧੋ ਕੇ ਪੀਣ ਲੱਗਾ ਤਾਂ ਅਫਸਰ ਨੇ ਮੈਨੂੰ ਹੈਰਾਨ ਹੋ ਕੇ ਕਿਹਾ :-

'ਓਹੋ ! ਇਹ ਕੀ ਕਰ ਰਹੇ ਹੋ।'

'ਮੈਂ ਆਪਣੇ ਭਾਂਡੇ ਹਮੇਸ਼ਾਂ ਧੋ ਕੇ ਪੀਂਦਾ ਹਾਂ। ਸਾਨੂੰ ਸਾਡੇ ਸਤਿਗੁਰੂ ਜੀ ਦਾ ਇਹੋ ਹੀ ਹੁਕਮ ਹੈ।'

ਅਫਸਰ ਨੇ ਲਾਪਰਵਾਹੀ ਨਾਲ ਕਿਹਾ, 'ਖਾਲਸਾ ਜੀ ਇਹ ਚੰਗਾ ਹੁਕਮ ਹੈ ਜੂਠੀ ਥਾਲੀ ਪੀ ਲੈਣੀ।'

'ਥਾਲੀ ਜੂਠੀ ਵੀ ਤਾਂ ਮੇਰੀ ਹੀ ਹੈ। ਸਰਦਾਰ ਸਾਹਿਬ ਇਸਦੇ ਕਈ ਲਾਭ ਹਨ, ਪਹਿਲਾ ਅੰਨ ਦੀ ਬੇਅਦਬੀ ਨਹੀਂ ਹੁੰਦੀ ਤੇ ਦੂਜੇ ਛਕਣ ਵਾਲਾ ਓਨਾ ਹੀ ਲੈਂਦਾ ਹੈ ਜਿੰਨਾ ਓਸ ਛੱਕਣਾ ਹੋਵੇ, ਅੰਨ ਦੀ ਬਚਤ ਵੀ ਹੁੰਦੀ ਹੈ। ਆਹ ਸਾਹਮਣੇ ਪਏ ਬਰਤਨ ਵੇਖੋ ਕਿੰਨੀ ਜੂਠ ਪਈ ਹੈ ਜੋ ਵਿਅਰਥ ਜਾਏਗੀ ਤੇ ਸਾਰੀ ਫੌਜ ਵਿੱਚ ਕਿੰਨਾ ਅੰਨ ਫਜ਼ੂਲ ਹੀ ਜਾਵੇਗਾ। ਸਾਡੇ ਦੇਸ਼ ਵਿੱਚ ਕਿੰਨੇ ਲੋਕ ਹਨ, ਦੋ ਗਰਾਹੀਆਂ ਅੰਨ ਲਈ ਤਰਸ ਰਹੇ ਹਨ। ਇੱਕ ਹੋਰ ਵੀ ਗੱਲ ਹੈ ਬਰਤਨ ਸਾਫ ਕਰਨ ਵਾਲੇ ਨੂੰ ਨਫਰਤ ਨਹੀਂ ਆਉਂਦੀ। ਆਖ਼ਰ ਉਹ ਵੀ ਤਾਂ ਇਨਸਾਨ ਹੈ। ਮੈਂ ਅਫਸਰ ਸਾਹਿਬ ਨੂੰ ਵਿਸਥਾਰ ਨਾਲ ਦੱਸਿਆ।'

'ਧੰਨ ਤੁਹਾਡੇ ਸਤਿਗੁਰੂ ਹਨ ਤੇ ਧੰਨ ਤੁਸੀਂ ਉਹਨਾਂ ਦਾ ਹੁਕਮ ਮੰਨਣ ਵਾਲੇ ਹੋ।' ਅਫਸਰ ਨੇ ਹੱਥ ਜੋੜ ਕੇ ਸਿਰ ਝੁਕਾਇਆ, 'ਖਾਲਸਾ ਜੀ ਮੈਂ ਵੀ ਅੱਜ ਤੋਂ ਪ੍ਰਣ ਕਰਦਾ ਹਾਂ ਕਿ ਅੰਨ ਨਸ਼ਟ ਹੋਣ ਤੋਂ ਬਚਾਉਣ ਦਾ ਇਹ ਵਧੀਆ ਢੰਗ ਜ਼ਰੂਰ ਜ਼ਰੂਰ ਵਰਤਾਂਗਾ।'

ਹਾਂ ਤੇ ਗੱਲ ਕਰ ਰਿਹਾ ਸਾਂ ਨਨਕਾਣੇ ਸਾਹਿਬ ਦੇ ਲੰਗਰ ਦੀ, ਏਦਾਂ ਅਨੁਸ਼ਾਸਨ, ਏਦਾਂ ਵਧੀਆ ਲੰਗਰ ਦਾ ਪ੍ਰਬੰਧ, ਮੈਂ ਅੱਜ ਤੱਕ ਕਿਸੇ ਮੇਲੇ ਵਿੱਚ ਨਹੀਂ ਸੀ ਵੇਖਿਆ। ਵੈਸੇ ਅੱਜਕਲ੍ਹ ਸਾਡੇ ਲੰਗਰ ਵਿੱਚ ਵੀ ਕਾਫੀ ਸ਼ਾਂਤੀ ਹੁੰਦੀ ਹੈ। ਜਦੋਂ ਜਾਓ ਬਿਨਾ ਦੇਰ ਦੇ ਲੰਗਰ ਮਿਲਦਾ ਹੈ ਤੇ ਚੁਪਚਾਪ ਸੰਗਤ ਛੱਕਦੀ ਹੈ। ਇਹ ਸਭ ਸ੍ਰੀ ਸਤਿਗੁਰੂ ਜੀ ਦੀ ਕ੍ਰਿਪਾ ਸਦਕਾ ਹੀ ਹੋ ਸਕਿਆ ਹੈ।

ਖ਼ੈਰ ਜੀ, ਅਸਾਂ ਲੋੜ ਅਨੁਸਾਰ ਲੰਗਰ ਛੱਕਿਆ, ਥਾਲ ਧੋ ਕੇ ਪੀਤੇ ਤੇ ਥਾਲ ਸਫਾਈ ਵਾਲੀ ਥਾਂ ਤੇ ਰੱਖ ਕੇ ਡੇਰੇ ਵੱਲ ਨੂੰ ਤੁਰ ਪਏ। ਕਵੀ ਜੀ ਕਹਿ ਰਹੇ ਸਨ, 'ਅਮਰੀਕ ਸਿੰਘ ਸਿੰਧੀਆਂ ਨੇ ਤਾਂ ਘਰ ਹੀ ਭੁਲਾ ਦਿੱਤਾ, ਬਹੁਤ ਸੇਵਾ ਕੀਤੀ ਹੈ।'

ਡੇਰੇ ਆ ਕੇ ਅਸਾਂ ਕੁੱਝ ਦੇਰ ਆਰਾਮ ਕੀਤਾ। ਮੈਂ ਕਵੀ ਜੀ ਅੱਗੇ ਪ੍ਰਸਤਾਵ ਰੱਖਿਆ ਕਿ ਆਪਾਂ ਨਨਕਾਣਾ ਸਾਹਿਬ ਨੂੰ ਜ਼ਰਾ ਫਿਰ ਤੁਰ ਕੇ ਵੇਖ ਆਈਏ। ਮੇਰੀ ਗੱਲ ਮੰਨੀ ਗਈ ਤੇ ਅਸੀਂ ਸ਼ਹਿਰ ਵਿੱਚ ਘੁੰਮਣ ਲਈ ਤੁਰ ਪਏ।

ਮੇਨ ਗੇਟ ਤੇ ਆਏ ਤਾਂ ਵੇਖਿਆ ਏਥੇ ਕਾਫੀ ਭੀੜ ਸੀ। ਕਾਫੀ ਪਾਕਿਸਤਾਨੀ

ਭਾਰਤੀ ਲੋਕਾਂ ਨੂੰ ਮਿਲਣ ਆਏ ਹੋਏ ਸਨ। ਗੇਟ ਤੇ ਖੜ੍ਹੇ ਪਹਿਰੇਦਾਰ ਨੂੰ ਜਾਂ ਆਉਣ ਜਾਣ ਵਾਲਿਆਂ ਨੂੰ ਆਪਣੇ ਮਿੱਤਰਾਂ ਬਾਰੇ ਪੁੱਛ ਰਹੇ ਸਨ। ਸਾਨੂੰ ਵੀ ਇੱਕ ਅਧਖੜ ਚੌਧਰੀ ਨੇ ਛੱਬਰਾਂ ਤੋਂ ਕਿਸੇ ਆਏ ਬੰਦੇ ਬਾਰੇ ਪੁੱਛਿਆ।

ਵਾਹ ! ਖੁਸ਼ ਹੋ ਕੇ ਉਸ ਨੇ ਆਖਿਆ, 'ਸਰਦਾਰ ਜੈਮਲ ਸਿੰਘ ਦੇ ਪੁੱਤਰ ਰਜਵੰਤ ਸਿੰਘ ਅਵਤਾਰ ਸਿੰਘ। ਉਹ ਤਾਂ ਮੇਰੇ ਨਜ਼ਦੀਕੀ ਰਿਸ਼ਤੇਦਾਰ ਨੇ। ਬਹੁਤ ਚੰਗੇ ਆਦਮੀ ਨੇ। ਰੱਬ ਨੇ ਉਹਨਾਂ ਨੂੰ ਬੜੇ ਭਾਗ ਲਾਏ ਨੇ। ਖੁਲ੍ਹੀ ਤੇ ਵਧੀਆ ਜ਼ਮੀਨ ਤੇ ਉਹਨਾਂ ਦੇ ਪੁੱਤ ਪੋਤਰੇ ਡੱਟ ਕੇ ਵਾਹੀ ਕਰਦੇ ਨੇ ਟਰੈਕਟਰਾਂ ਨਾਲ।

'ਹਲਾ ਭਾਗਾਂ ਵਾਲੇ ਜੀ ਸਨ ਬੋਲੀਆ ਬਾਪੂ ਜੈਮਲ ਸਿੰਘ ਬੜਾ ਨਿੱਘੇ ਤੇ ਸ਼ਾਹ ਦਿਲ ਸੁਭਾ ਦਾ ਮਾਲਕ ਸੀ। ਹਮਾਤੜਾਂ ਦਾ ਬਹੁਤ ਖਿਆਲ ਰੱਖਦਾ ਸੀ। ਚੌਧਰੀ ਨੇ ਆਪਣੀ ਖੁਲ੍ਹੀ ਬੋਲੀ ਵਿੱਚ ਆਖਿਆ।

'ਹੁਣ ਭਾਊ ਉਹਦੇ ਪੁੱਤਰ ਵੀ ਉਸੇ ਤਰ੍ਹਾਂ ਹੀ ਨੇ। ਸਰਦਾਰ ਅਵਤਾਰ ਸਿੰਘ ਨੇ ਤਾਂ ਆਪਣੇ ਗੁਰੂਆਂ ਦੇ ਹੁਕਮ ਨਾਲ ਕਾਫੀ ਲੋਕਾਂ ਨੂੰ ਜ਼ਮੀਨ ਅਲਾਟ ਕਰਵਾ ਕੇ ਟੱਬਰਾਂ ਦੇ ਟੱਬਰ ਕੀ ਪਿੰਡਾਂ ਦੇ ਪਿੰਡ ਉਸਦੀ ਭੱਜ ਨੱਸ ਕਰਕੇ ਹੀ ਹਨ। ਜੋ ਅੱਜ ਸੁੱਖੀਂ ਵੱਸ ਰਹੇ ਹਨ। ਸਾਡੇ ਕੋਲ ਹੀ ਪਿੰਡ ਕਰੀਵਾਲੇ ਰਹਿੰਦੇ ਹਨ। ਮੇਰੇ ਮਾਮੇ ਦਾ ਪੁੱਤ ਭਰਾ ਰਜਵੰਤ ਸਿੰਘ ਦਾ ਜਵਾਈ ਏ। ਮੈਂ ਉਹਨਾਂ ਨਾਲ ਆਪਣੇ ਰਿਸ਼ਤੇ ਦਾ ਵੀ ਜ਼ਿਕਰ ਕਰ ਦਿੱਤਾ।

'ਚੰਗਾ ! ਮੁੜ ਉਹਨਾਂ ਨੂੰ ਮੇਰੀ ਸਲਾਮ ਆਖੀਂ, ਮੇਰਾ ਨਾਂ ਕਾਸਮ ਏ ਤੇ ਮੈਂ ਉਹਨਾਂ ਦੇ ਪਿੰਡ ਦਾ ਹੀ ਰਹਿਣ ਵਾਲਾ ਹਾਂ। ਯਾਰ ਉਹ ਕਾਹਦੇ ਗਏ ਬੱਸ ਦੁਨੀਆਂ ਸੁੰਞੀ ਕਰ ਗਏ ਨੇ। ਹੁਣ ਤੇ ਪਿੰਡ 'ਚ ਰਹਿਣ ਦਾ ਈ ਕੋਈ ਹੱਜ ਨਹੀਂ।

'ਜ਼ਰੂਰ ਮੈਂ ਤੇਰੀ ਯਾਦ ਉਹਨਾਂ ਨੂੰ ਦੁਆਵਾਂਗਾ। ਤੇ ਹੱਥ ਮਿਲਾ ਕੇ ਮੈਨੂੰ ਜੱਫ਼ੀ ਵਿੱਚ ਲੈ ਲਿਆ। ਫੇਰ ਕਵੀ ਜੀ ਬਾਰੇ ਪੁੱਛਿਓ ਸੂ।

'ਇਹ ਸਰਦਾਰ ਕਿੱਥੋਂ ਦਾ ਏ। ਬੜਾ ਬਾਂਕਾ ਜਵਾਨ ਏ, ਸੁਭਾ ਦਾ ਵੀ ਚੰਗਾ ਹੀ ਲਗਦੈ।'

'ਹਾਂ ਅਸੀਂ ਕੱਠੇ ਹੀ ਆਏ ਹੋਏ ਹਾਂ, ਮੇਰੇ ਬੜੇ ਗੂਹੜੇ ਮਿੱਤਰ ਨੇ। ਇਹਨਾਂ ਦਾ ਨਾਂ ਪ੍ਰੀਤਮ ਸਿੰਘ ਹੈ ਤੇ ਇਹ ਏਥੋਂ ਹੀ ਪਿੰਡ ਡੱਫਰਕੇ ਤੋਂ ਗਏ ਹੋਏ ਨੇ।' ਕਵੀ ਜੀ ਬਾਰੇ ਮੈਂ ਸੰਖੇਪ ਜਿਹੀ ਜਾਣਕਾਰੀ ਦਿੱਤੀ।

'ਹਾਂ ਡੱਫਰਕੇ ਵੇਖੇ ਹੋਏ ਨੇ, ਸਾਡੀ ਵੀ ਰਿਸ਼ਤੇਦਾਰੀ ਉਥੇ ਪੈਂਦੀ ਏ, ਉਥੋਂ ਦਾ ਇੱਕ ਕਰਮ ਸਿੰਘ ਬੜਾ ਮਸ਼ਹੂਰ ਆਦਮੀ ਸੀ। ਯਾਰਾਂ ਦਾ ਯਾਰ ਤੇ ਚੋਰਾਂ ਦਾ ਸਰਦਾਰ ਅਖਵਾਂਦਾ ਸੀ।'

'ਹਾਂ ਮੇਰੇ ਸ਼ਰੀਕੇ ਵਿਚੋਂ ਹੀ ਸੀ ਤੇ ਮੱਝਾਂ ਤੇ ਜਿਹੜੀਆਂ ਵੇਖ ਲੈਂਦਾ ਦੂਸਰੇ ਦਿਨ ਆਪਣੇ ਘਰ ਹੀ ਬੰਨ੍ਹ ਲੈਂਦਾ ਸੀ। ਡੱਫਰਕਾ ਪਿੰਡ ਉਸ ਨੇ ਬੜੀ ਦੂਰ ਦੂਰ ਤੱਕ ਮਸ਼ਹੂਰ ਕਰ ਛੱਡਿਆ ਸੀ। ਕਵੀ ਜੀ ਨੇ ਉਹਦੀ ਹਾਂ ਵਿੱਚ ਹਾਂ ਮਿਲਾਈ।

ਅਸੀਂ ਹਾਲੇ ਖੜ੍ਹੇ ਹੀ ਸਾਂ ਕਿ ਸਾਡੇ ਨੇੜੇ ਹੀ ਗੇਟ ਦੇ ਇੱਕ ਪਾਸੇ ਸਾਨੂੰ ਔਰਤਾਂ ਦੇ ਰੋਣ ਦੀ ਆਵਾਜ਼ ਆਈ।

ਅਸੀਂ ਓਧਰ ਨੂੰ ਹੋਏ ਤਾਂ ਵੇਖਿਆ ਕਿ ਦੋ ਬੀਬੀਆਂ ਆਪੋ ਵਿੱਚ ਗਲ ਲੱਗ ਕੇ ਉਚੀ ਉਚੀ ਰੋ ਰਹੀਆਂ ਸਨ। ਕੋਲ ਉਹਨਾਂ ਦੇ ਬੱਚੇ ਵੀ ਖੜ੍ਹੇ ਅੱਖਾਂ ਵਿੱਚ ਹੰਝੂ ਭਰੀ ਹੈਰਾਨੀ ਨਾਲ ਉਹਨਾਂ ਨੂੰ ਵੇਖ ਰਹੇ ਸਨ।

'ਕੀ ਗੱਲ ਏ ਮੀਆਂ ਸਾਹਿਬ ! ਇਹ ਭੈਣਾਂ ਕਿਉਂ ਰੋ ਰਹੀਆਂ ਨੇ।' ਕਵੀ ਜੀ ਨੇ ਕੋਲ ਖੜ੍ਹੇ ਇੱਕ ਨੌਜਵਾਨ ਨੂੰ ਪੁੱਛਿਆ, ਜੋ ਬੀਬੀਆਂ ਨੂੰ ਚੁੱਪ ਕਰਾਉਣ ਦਾ ਯਤਨ ਕਰ ਰਿਹਾ ਸੀ।

'ਸਰਦਾਰ ਸਾਹਿਬ ਕੀ ਦੱਸਾਂ, ਬੜੀ ਦਰਦਨਾਕ ਕਹਾਣੀ ਏ, ਏਸ ਵੰਡ ਨੇ ਟੱਬਰਾਂ ਦੇ ਟੱਬਰ ਤੋੜ ਵਿਛੋੜ ਦਿੱਤੇ ਨੇ। ਇਹਨਾਂ ਦੀ ਕਹਾਣੀ ਉਸੇ ਵੰਡ ਦਾ ਸ਼ਿਕਾਰ ਹੋਇਆਂ ਦੀ ਹੈ।' ਉਸ ਨੌਜਵਾਨ ਨੇ ਗ਼ਮਗੀਨ ਲਹਿਜੇ ਵਿੱਚ ਆਪਣੇ ਦਿਲ ਦੀ ਭੜਾਸ ਕੱਢੀ।

'ਭਾਈ ਸਾਹਿਬ ਕੁੱਝ ਦੱਸੋਗੇ ਇਹਨਾਂ ਬਾਰੇ।' ਮੈਂ ਨੌਜਵਾਨ ਅੱਗੇ ਤਰਲਾ ਲਿਆ।

ਕੀਹ ਦੱਸਣਾ ਏ ਸਰਦਾਰੋ, ਦਿਲ ਨੂੰ ਫੜ ਕੇ ਇਹ ਵਿਥਿਆ ਸੁਣਨ ਵਾਲੀ ਏ। 'ਕਲੇਜਾ ਥਾਮ ਲੋ ਪਹਿਲੇ ਸੁਣੋ ਫਿਰ ਦਾਸਤਾਂ ਆਪਣੀ।'

ਕਿਸੇ ਸ਼ਾਇਰ ਦਾ ਇਹ ਮਿਸ਼ਰਾ ਬੋਲ ਕੇ ਨੌਜਵਾਨ ਨੇ ਇਸ ਤਰ੍ਹਾਂ ਕਹਿਣਾ ਅਰੰਭਿਆ।

'ਪਾਕਿਸਤਾਨ ਬਣਨ ਤੋਂ ਪਹਿਲਾਂ ਇਹਨਾਂ ਦੋਹਾਂ ਦਾ ਜੋ ਕਿ ਆਪਸ ਵਿੱਚ ਭੈਣਾਂ ਹਨ, ਟੱਬਰ ਦਾ ਟੱਬਰ ਜ਼ਿਲਾ ਜਿਹਲਮ ਦਾ ਰਹਿਣ ਵਾਲਾ ਸੀ। ਦੋ ਭੈਣਾਂ, ਦੋ ਭਾਈ, ਮਾਤਾ ਪਿਤਾ ਪਿੰਡ ਵਿੱਚ ਦੁਕਾਨ ਕਰਦੇ ਸਨ। ਰੌਲਾ ਪੈ ਗਿਆ ਤੇ ਇੱਕ ਰਾਤ ਜ਼ਾਲਮ ਗੁੰਡਿਆਂ ਨੇ ਇਹਨਾਂ ਦੇ ਘਰ ਨੂੰ ਘੇਰ ਲਿਆ। ਇਹਨਾਂ ਦੇ ਦੋਹਾਂ ਭਰਾਵਾਂ, ਮਾਤਾ ਪਿਤਾ ਨੂੰ ਉਹਨਾਂ ਦਰਿੰਦਿਆਂ ਮਾਰ ਦਿੱਤਾ। ਇਹਨਾਂ ਦੋਹਾਂ ਭੈਣਾਂ ਨੂੰ ਰੋਂਦੀਆਂ ਕੁਰਲਾਉਂਦੀਆਂ ਨੂੰ ਉਹ ਲੁੱਟ ਦਾ ਮਾਲ ਸਮਝ ਕੇ ਨਾਲ ਲੈ ਗਏ। ਉਹਨਾਂ ਨਾਲ ਸਮੂਹਕ ਬਲਾਤਕਾਰ ਕੀਤਾ। ਪਰਚੀਆਂ ਕੱਢ ਕੇ ਛੋਟੀ ਨੂੰ ਇੱਕ ਗੁੰਡਾ ਨਾਲ ਲੈ ਗਿਆ ਤੇ ਦੂਜੀ ਨੂੰ ਇੱਕ ਹੋਰ ਨੇ ਆਪਣੇ ਪੇਟੇ ਪਾ ਲਿਆ। ਇਹ ਜ਼ਾਲਮ ਵੱਡੀ ਭੈਣ ਜਿਸਦਾ ਨਾਂ ਬੰਸੋ ਦੂਸਰੇ ਪਿੰਡ ਲੈ ਕੇ ਜਾ ਰਿਹਾ ਸੀ ਕਿ ਰਾਹ ਵਿੱਚ ਸਿਪਾਹੀਆਂ ਦੀ ਗੱਡੀ ਲੰਘੀ, ਏਸ ਬੰਸੋ ਨੇ ਰੌਲਾ ਪਾ ਦਿੱਤਾ।

'ਵੇ ਵੀਰੋ ! ਮੈਨੂੰ ਏਸ ਜ਼ਾਲਮ ਤੋਂ ਬਚਾਓ, ਵੇ ਮੈਨੂੰ ਇੱਕ ਗੋਲੀ ਮਾਰ ਜਾਓ' ਗੱਡੀ ਖਲੋ ਗਈ ਤੇ ਫੌਜੀ ਥੱਲੇ ਉਤਰੇ ਤੇ ਹਾਲਾਤ ਦਾ ਜਾਇਜ਼ਾ ਲਿਆ। ਉਹਨਾਂ ਨੇ ਬੰਸੋ ਨੂੰ ਆਪਣੇ ਨਾਲ ਜਾਣ ਲਈ ਕਿਹਾ, ਪਰ ਉਹ ਏਹੀ ਰੌਲਾ ਪਾਈ ਜਾਏ ਮੈਂ ਕਿਤੇ ਨਹੀਂ ਜਾਣਾ, ਬੱਸ ਹੁਣ ਇੱਕ ਗੋਲੀ ਮੇਰੇ ਤੇ ਠੰਢੀ ਕਰ ਦਿਓ, ਵੇ ਵੀਰੋ...ਫੌਜੀਆਂ ਵਿੱਚ ਇੱਕ ਦਾ ਮਨ ਪਸੀਜਿਆ ਤੇ ਉਸ ਨੇ ਬੰਸੋ ਨੂੰ ਕਿਹਾ –

ਭੈਣ ਤੂੰ ਸਾਡੇ ਨਾਲ ਚੱਲ ਅਸੀਂ ਤੈਨੂੰ ਕੈਂਪ ਵਿੱਚ ਪੁਚਾ ਦਿਆਂਗੇ ਤੇ ਓਥੋਂ ਤੂੰ ਭਾਰਤ ਜਾ ਸੱਕੇਂਗੀ।'

'ਵੇ ਭਰਾਵੋ ! ਮੈਂ ਭਾਰਤ ਵਿੱਚ ਕਿਸ ਕੋਲ ਜਾਣਾ ਏ, ਮਾਪੇ ਨਹੀਂ ਰਹੇ, ਭਰਾ ਨਹੀਂ ਰਹੇ, ਪੁੰਨ ਕਰੋ ਵੇ ਬੀਬੇ ਭਰਾਵੋ ਮੈਨੂੰ ਗੋਲੀ ਮਾਰੋ ਮੈਂ ਜਿਉਣਾ ਨਹੀਂ ਚਾਹੁੰਦੀ।'

ਉਹ ਜ਼ਾਲਮ ਦਰਿੰਦਾ ਡਰਦਾ ਭੱਜ ਚੁੱਕਾ ਸੀ। ਫੌਜੀਆਂ ਨੇ ਪਰੇਰ ਕੇ ਬੰਸੋ ਨੂੰ ਨਾਲ ਬਿਠਾ ਲਿਆ ਤੇ ਲਾਹੌਰ ਕੈਂਪ ਵਿੱਚ ਆਪਣੇ ਕਿਸੇ ਰਿਸ਼ਤੇਦਾਰ ਮੁੰਡੇ ਵੱਲ ਬਿਠਾ ਦਿੱਤਾ। ਜਿਸਦੀ ਬੀਵੀ ਏਧਰ ਮਰ ਚੁੱਕੀ ਸੀ। ਹੁਣ ਬੰਸੋ ਦੇ ਬਾਲ ਬੱਚੇ ਹਨ, ਕਾਫ਼ੀ ਸੁੱਖੀ ਹੈ।

ਕਵੀ ਜੀ ਤੇ ਮੈਂ ਹੈਰਾਨ ਹੋ ਕੇ ਇਸ ਵਿੱਥਿਆ ਨੂੰ ਸੁਣ ਰਹੇ ਸਾਂ। ਉਹ ਨੌਜਵਾਨ ਜਿਸਦਾ ਨਾਂ ਕਵੀ ਜੀ ਨੇ ਪੁੱਛ ਲਿਆ ਸੀ, ਅਸਲਮ ਸੀ। ਉਹ ਦੋਵੇਂ ਭੈਣਾਂ ਹਾਲੇ ਤੱਕ ਓਸੇ ਤਰ੍ਹਾਂ ਜ਼ਾਰ ਕਤਾਰ ਰੋ ਰਹੀਆਂ ਸਨ।

'ਤੇ ਦੂਜੀ ਬੀਬੀ ਦਾ ਕੀ ਬਣਿਆ, ਮੈਂ ਜਿਵੇਂ ਦੂਜੀ ਦੀ ਕਹਾਣੀ ਸੁਣਨ ਲਈ ਉਤਾਵਲਾ ਸਾਂ।

'ਦੱਸਦਾਂ ਹਾਂ ਮੇਰੇ ਦੋਸਤ, ਇਹ ਛੋਟੀ ਜੋ ਅੱਜ ਕਲ੍ਹ ਮੇਰੀ ਪਤਨੀ ਏ। ਜਿਸ ਬੰਦੇ ਦੇ ਹਿੱਸੇ ਇਹ ਆਈ, ਜਿਹਲਮ ਸ਼ਹਿਰ ਦਵਾਈ ਦੀ ਦੁਕਾਨ ਤੇ ਆਇਆ। ਕਿਉਂਕਿ ਮਾਰ ਕੁੱਟ, ਬਲਾਤਕਾਰ ਤੇ ਮਾਪਿਆਂ ਤੇ ਭਰਾਵਾਂ ਦੀ ਮੌਤ ਦੇ ਦੁੱਖ ਨੇ ਇਹਨੂੰ ਬਹੁਤ ਨਿਢਾਲ ਕਰ ਦਿੱਤਾ ਸੀ। ਬਹੁਤ ਸਖਤ ਬਿਮਾਰ ਨੂੰ ਸਰਕਾਰੀ ਹਸਪਤਾਲ ਜਦੋਂ ਉਹ ਲੈ ਕੇ ਆਇਆ ਤਾਂ ਮਰਨ ਵਾਲੀ ਹੋਈ ਪਈ ਸੀ। ਮੈਂ ਉਥੇ ਨਵਾਂ ਨਵਾਂ ਡਾਕਟਰ ਲੱਗਾ ਸਾਂ। ਮੈਂ ਇਸਦਾ ਇਲਾਜ ਸ਼ੁਰੂ ਕੀਤਾ। ਕਾਫ਼ੀ ਸੀਰੀਅਸ ਕੇਸ ਸੀ, ਇਸਨੂੰ ਨਾਲ ਲਿਆਣ ਵਾਲਾ ਤਾਂ ਮੁੜ ਕੇ ਆਇਆ ਹੀ ਨਾ, ਮੇਰਾ ਸੀਨੀਅਰ ਡਾਕਟਰ ਬਹੁਤ ਮਿਹਰਬਾਨ ਸੀ। ਉਸਦਾ ਨਾਂ ਵੀ ਮਿਹਰਬਾਨ ਅਲੀ ਸੀ, ਉਸ ਨੇ ਮੈਨੂੰ ਇਹ ਕੇਸ ਦੇ ਦਿੱਤਾ, ਇਸਦਾ ਪਹਿਲਾ ਨਾਂ ਪ੍ਰਕਾਸ਼ੋ ਸੀ ਤੇ ਹੁਣ ਮੈਂ ਇਹਨੂੰ ਦਿਲਸ਼ਾਦ ਆਖਦਾ ਹਾਂ।

ਦਿਲਸ਼ਾਦ ਕੁੱਝ ਦਿਨ ਬਾਅਦ ਰਾਜ਼ੀ ਹੋਣ ਲੱਗੀ। ਮਿਹਰਬਾਨ ਡਾਕਟਰ ਰੋਜ਼ ਮੈਨੂੰ ਇਹਦੇ ਬਾਰੇ ਹਦਾਇਤਾਂ ਦੇ ਕੇ ਤੇ ਦਿਲਸ਼ਾਦ ਦੀ ਖ਼ੈਰ ਸੁਰਤ ਪੁੱਛ ਕੇ ਜਾਂਦੇ।

'ਆਖ਼ਰ ਇੱਕ ਦਿਨ ਇਹ ਬਿਲਕੁਲ ਠੀਕ ਹੋਈ ਤੇ ਹਸਪਤਾਲ ਵਾਲਿਆਂ ਇਸਨੂੰ ਡਿਸਚਾਰਜ ਕਰ ਦਿੱਤਾ। ਦਿਲਸ਼ਾਦ ਨੂੰ ਜਦੋਂ ਪਤਾ ਲੱਗਾ ਕਿ ਹੁਣ ਏਥੋਂ ਜਾਣਾ ਪੈਣਾ ਹੈ ਤਾਂ ਉਹ ਉਦਾਸੀ ਦੇ ਸਮੁੰਦਰ ਵਿੱਚ ਗੋਤੇ ਖਾਣ ਲੱਗੀ।'

'ਡਾ. ਮਿਹਰਬਾਨ ਅਲੀ ਆਏ ਤੇ ਮੈਨੂੰ ਆਪਣੇ ਕਮਰੇ ਵਿੱਚ ਸੱਦਿਆ। ਡਾ. ਅਸਲਮ ਤੇਰੇ ਨਾਲ ਇੱਕ ਖਾਸ ਗੱਲ ਕਰਨੀ ਚਾਹੁੰਦਾ ਹਾਂ। ਕੀ ਤੂੰ ਮੇਰੀ ਇਹ ਖਾਹਸ਼ ਪੂਰੀ ਕਰੇਂਗਾ, ਮੇਰਾ ਇੱਕ ਕੰਮ ਕਰੇਂਗਾ।'

'ਦੱਸੋ ਬੌਸ ! ਮੈਂ ਤੁਹਾਡਾ ਬਹੁਤ ਸ਼ੁਕਰ ਗੁਜ਼ਾਰ ਹੋਵਾਂਗਾ, ਜੋ ਤੁਸੀਂ ਮੈਨੂੰ ਕੰਮ ਦੱਸੋਗੇ।' ਮੈਂ ਜਵਾਬ ਦਿੱਤਾ।

ਡਾ. ਮਿਹਰਬਾਨ ਅਲੀ ਨੇ ਸਾਫ਼ ਲਫ਼ਜਾਂ ਵਿੱਚ ਕਹਿ ਦਿੱਤਾ, 'ਅਸਲਮ ਤੂੰ ਇਸ ਬੱਚੀ ਨੂੰ ਅਪਣਾ ਲੈ, ਇਹ ਮੇਰੀ ਬੱਚੀ ਸਮਝ ਕੇ ਤੈਨੂੰ ਕਹਿ ਰਿਹਾਂ। ਤੈਨੂੰ ਖੁਦਾਵੰਦ ਬਹੁਤ ਫੈਜ਼ ਅਤਾ ਫਰਮਾਏਗਾ।'

'ਮੈਂ ਤੇਰਾ ਸਾਰੀ ਉਮਰ ਸਹੁਰਾ ਬਣਕੇ ਰਹਾਂਗਾ, ਮੈਂ ਇਹਦਾ ਨਾਂ ਵੀ ਰੱਖ ਦਿੱਤਾ ਏ 'ਦਿਲਸ਼ਾਦ।'

ਇਹ ਗੱਲ ਸੁਣ ਕੇ ਮੇਰਾ ਹੈਰਾਨ ਹੋਣਾ ਕੁਦਰਤੀ ਸੀ।

ਡਾ. ਸਾਹਿਬ ਫੇਰ ਬੋਲੇ। ਗੱਲ ਕਰ ਨਿਕਾਹ ਕਦੋਂ ਕਰਨਾ ਏ।

'ਜਦੋਂ ਤੁਸੀਂ ਆਖੋ ਤੇ ਜਿਵੇਂ ਤੁਸੀਂ ਰਾਜ਼ੀ ਹੋਵੋਗੇ ਮੈਂ ਤਿਆਰ ਹਾਂ।' ਮੈਂ ਹਾਂ ਕਰ ਦਿੱਤੀ।

'ਮੈਂ ਰਾਤੋ ਰਾਤ ਆਪਣੇ ਅੱਬਾ ਜਾਨ ਤੇ ਅੰਮੀ ਜਾਨ ਨੂੰ ਬੁਲਾ ਲਿਆ ਤੇ ਦੂਸਰੇ ਦਿਨ ਸਾਡਾ ਨਿਕਾਹ ਹੋ ਗਿਆ।'

'ਅਸੀਂ ਬੜੇ ਸੁੱਖੀ ਤੇ ਖੁਸ਼ ਹਾਂ। ਕਿਸੇ ਤਰ੍ਹਾਂ ਦਾ ਕੋਈ ਫਿਕਰ ਨਹੀਂ। ਡਾ. ਮਿਹਰਬਾਨ ਇਹਦੇ ਨਾਲ ਬਾਪ ਨਾਲੋਂ ਵੀ ਵੱਧ ਪਿਆਰ ਕਰਦੇ ਨੇ। ਉਹਨਾਂ ਨੇ ਖ਼ਤੋ ਕਿਤਾਬਤ ਕਰ ਕੇ ਕਿਸੇ ਤਰ੍ਹਾਂ ਬੰਸੋ ਦਾ ਪਤਾ ਲੈ ਲਿਆ ਤੇ ਅੱਜ ਪੰਦਰਾਂ ਸਾਲਾਂ ਬਾਅਦ ਇਹ ਦੋਵੇਂ ਭੈਣਾਂ ਮਿਲ ਰਹੀਆਂ ਨੇ। ਡਾਕਟਰ ਸਾਹਿਬ ਨੇ ਨਾਲ ਆਉਣਾ ਸੀ, ਪਰ ਬਦਕਿਸਮਤੀ ਨਾਲ ਉਹ ਬਹੁਤ ਸਖਤ ਬਿਮਾਰ ਹੋ ਗਏ। ਇਸ ਲਈ ਨਹੀਂ ਆ ਸਕੇ।'

'ਹੁਣ ਮੁਸ਼ਕਲ ਇਹ ਹੈ ਕਿ ਇਹ ਅਫਸਰ ਸਾਨੂੰ ਨਾ ਤਾਂ ਇਹਨਾਂ ਨਾਲ ਅੰਦਰ ਜਾਣ ਦਿੰਦੇ ਹਨ ਤੇ ਨਾ ਹੀ ਇਹਨਾਂ ਨੂੰ ਸਾਡੇ ਨਾਲ ਜਾਣ ਦਿੰਦੇ ਹਨ।' ਡਾ. ਅਸਲਮ ਨੇ ਬਹੁਤ ਨਾਉਮੀਦੀ ਵਿੱਚ ਗੱਲ ਕੀਤੀ।'

'ਇਹ ਤਾਂ ਕੋਈ ਗੱਲ ਨਹੀਂ, ਤੁਸੀਂ ਏਥੇ ਹੀ ਠਹਿਰੋ, ਅਸੀਂ ਹੁਣੇ ਹੀ ਆਏ।' ਕਵੀ ਜੀ ਨੇ ਕਾਹਲੀ ਕਾਹਲੀ ਕਿਹਾ।

ਮੈਂ ਤੇ ਕਵੀ ਜੀ ਗੁਰਦੁਆਰੇ ਅੰਦਰ ਗਿਆਨੀ ਅਬਾਦੁੱਲਾ ਸਾਹਿਬ ਪਾਸ ਗਏ ਤੇ ਸਾਰੀ ਕਹਾਣੀ ਉਹਨਾਂ ਨੂੰ ਦੱਸੀ। ਕਵੀ ਜੀ ਕਿਵੇਂ ਕਰੀਏ ਕਾਨੂੰਨ ਬੜਾ ਸਖਤ ਏ, ਖ਼ੈਰ ! ਕੁੱਝ ਕਰਦੇ ਹਾਂ।' ਗਿਆਨੀ ਜੀ ਨੇ ਕੁੱਝ ਸੋਚਦਿਆਂ ਕਿਹਾ।

'ਏਦਾਂ ਕਰੀਏ ਕਿਉਂ ਨਾ ਇਹ ਦੋਵੇਂ ਪਰਵਾਰ ਮੇਰੇ ਘਰ ਹੀ ਚੱਲੇ ਚੱਲਣ। ਸਾਰੇ ਮਸਲੇ ਹੱਲ ਹੋ ਜਾਣਗੇ।' ਗਿਆਨੀ ਜੀ ਨੇ ਆਪਣੀ ਸਕੀਮ ਦੱਸੀ।

'ਵਾਹ ਵਾਹ ਕਿਆ ਬਾਤ ਏ। ਗਿਆਨੀ ਜੀ ਤੁਸੀਂ ਸੱਚੀਂ ਮੁੱਚੀ ਦੇ ਗਿਆਨੀ ਹੋ। ਚੱਲੋ ਚੱਲੀਏ ਉਹਨਾਂ ਦੇ ਕੋਲ। ਉਹ ਵਿਚਾਰੇ ਉਡੀਕ ਰਹੇ ਹੋਣਗੇ ਆਪਾਂ ਨੂੰ।' ਕਵੀ ਜੀ ਨੇ ਗਿਆਨੀ ਜੀ ਦੀ ਸਿਫ਼ਤ ਕਰਦਿਆਂ ਉੱਤਰ ਦਿੱਤਾ।

ਅਸੀਂ ਸਾਰੇ ਸਮੇਤ ਗਿਆਨੀ ਅਬਾਦੁੱਲਾ ਦੇ ਮੇਨ ਗੇਟ ਤੇ ਆਏ। ਦੋਵੇਂ ਭੈਣਾਂ ਹਾਲੇ ਵੀ ਸਿਸਕੀਆਂ ਭਰ ਰਹੀਆਂ ਸਨ।

ਡਾ. ਅਸਲਮ ਨੂੰ ਗਿਆਨੀ ਜੀ ਦੇ ਆਉਂਦਿਆਂ ਵੇਖ ਕੇ ਆਸ ਦੀ ਕਿਰਨ ਦਿੱਸੀ। ਗਿਆਨੀ ਜੀ ਨੇ ਅਸਲਮ ਨੂੰ ਪਾਸੇ ਕਰਕੇ ਸਾਰੀ ਗੱਲ ਦੱਸੀ, ਜਿਸ ਨੂੰ ਉਹ ਖੁਸ਼ੀ ਨਾਲ ਮੰਨ ਗਏ। ਗਿਆਨੀ ਜੀ ਨੇ ਆਪਣੀ ਕਾਰ ਮੰਗਵਾਈ ਤੇ ਦੋਹਾਂ ਪਰਵਾਰਾਂ ਨੂੰ ਨਾਲ ਲੈ ਕੇ ਆਪਣੇ ਘਰ ਗਏ। ਕਾਰਾਂ ਸਾਡੀਆਂ ਅੱਖਾਂ ਤੋਂ ਓਝਲ ਹੋ ਗਈਆਂ।

ਸਾਡੇ ਦੋਹਾਂ ਦੇ ਮਨਾਂ 'ਤੇ ਇਸ ਵਿੱਥਿਆ ਦਾ ਏਨਾ ਅਸਰ ਹੋਇਆ ਕਿ ਅਸੀਂ ਵਾਪਸ ਆਪਣੇ ਡੇਰੇ ਆ ਗਏ ਤੇ ਆਰਾਮ ਕਰਦਿਆਂ ਸੋਚ ਰਹੇ ਸਾਂ, ਇਹ ਤਾਂ ਇੱਕ ਪਰਵਾਰ ਦੀ ਦਰਦ ਕਹਾਣੀ ਏ। ਲੱਖਾਂ ਪਰਵਾਰ ਉਸ ਵੇਲੇ ਏਸੇ ਜ਼ੁਲਮ ਦੇ ਵੇਲਣੇ ਵਿੱਚ ਪੀੜੇ ਗਏ ਸਨ। ਮੈਂ ਸੋਚ ਰਿਹਾ ਸਾਂ ਕੀਹ ਹੋ ਗਿਆ ਸੀ ਉਸ ਵੇਲੇ ਇਨਸਾਨਾਂ ਨੂੰ, ਬੇਗੁਨਾਹਾਂ ਨੂੰ ਮਾਰਨਾ, ਧੀਆਂ ਭੈਣਾਂ ਦੀ ਪੱਤ ਲੁੱਟਣੀ ਤਾਂ ਕਿਸੇ ਵੀ ਧਰਮ ਵਿੱਚ ਠੀਕ ਨਹੀਂ ਮੰਨਿਆ ਗਿਆ। ਫੇਰ ਏਧਰਲੇ ਓਧਰਲੇ ਧਰਮ ਵਾਲਿਆਂ ਨੇ ਇਹ ਕੀਹ ਕੀਤਾ ?

ਕਵੀ ਜੀ ਪਏ ਪਏ ਹੁੰਘਲਾ ਗਏ ਤੇ ਮੈਂ ਹੁਣੇ ਸੁਣੀ ਕਹਾਣੀ ਨੂੰ ਜਿਵੇਂ ਫੇਰ ਸੁਣ ਰਿਹਾ ਸਾਂ। ਡਾ. ਅਸਲਮ ਦੀਆਂ ਗੱਲਾਂ ਮੇਰੇ ਕੰਨਾਂ ਵਿੱਚ ਉਸੇ ਤਰ੍ਹਾਂ ਗੂੰਜਦੀ ਰਹੀਆਂ ਸਨ। ਕਵੀ ਜੀ 'ਤੇ ਮੇਰੀ ਸ਼ਰਧਾ ਹੋਰ ਵੱਧ ਗਈ। ਗਿਆਨੀ ਅਬਾਦੁੱਲਾ ਨੂੰ ਮੈਂ ਅੰਤਰ ਹਿਰਦਿਓਂ ਨਮਸ਼ਕਾਰ ਕਰ ਰਿਹਾ ਸਾਂ।

## ਤੀਸਰਾ ਦਿਨ

ਸ਼ਾਮ ਦਾ ਖਾਣਾ ਖਾਣ ਲਈ ਅਸੀਂ ਲੰਗਰ ਵੱਲ ਨੂੰ ਚੱਲ ਪਏ। ਵੇਖਿਆ ਲੰਗਰ ਹਾਲ ਦੀ ਪੂਰੀ ਤਰ੍ਹਾਂ ਸਫ਼ਾਈ ਹੋ ਚੁੱਕੀ ਸੀ। ਪੰਗਤਾਂ ਸੱਜ ਹੀ ਰਹੀਆਂ ਸਨ, ਅਸੀਂ ਵੀ ਇੱਕ ਪੰਗਤ ਵਿੱਚ ਬੈਠ ਹੀ ਰਹੇ ਸਾਂ ਕਿ ਥਾਲੀਆਂ ਵਰਤਾਣ ਵਾਲਾ ਤੇ ਨਾਲ ਹੀ ਮਹਿਕ ਭਰੇ ਪੀਲੇ ਚੌਲਾਂ ਵਾਲਾ ਵਰਤਾਵਾ ਵੀ ਆ ਗਿਆ। ਛੇਤੀ ਹੀ ਦਹੀ ਪਕੌੜੀਆਂ ਵਾਲਾ ਵੀ ਪਹੁੰਚ ਗਿਆ।

'ਏਨੀ ਜਲਦੀ ਤਾਂ ਘਰ ਵੀ ਖਾਣਾ ਨਹੀਂ ਮਿਲਦਾ ਪਿਆਰੇ।' ਇੱਕ ਵਰਤਾਵੇ ਨੂੰ ਕਵੀ ਜੀ ਨੇ ਹੱਸ ਕੇ ਕਿਹਾ। 'ਇਹ ਆਪਣਾ ਘਰ ਨਹੀਂ ਸਿੰਘ ਜੀ। ਇਹ ਗੁਰੂ ਘਰ ਹੈ ਏਥੇ ਆਪਣੇ ਘਰ ਨਾਲੋਂ ਠੀਕ ਹੀ ਪਹਿਲਾਂ ਮਿਲਦਾ ਹੈ।' ਵਰਤਾਵੇ ਨੇ ਬੜੇ ਫ਼ਲਸਫ਼ਾਨਾ ਅੰਦਾਜ਼ ਵਿੱਚ ਕਿਹਾ।

ਬਾਅਦ ਵਿੱਚ ਦੋ ਸਬਜ਼ੀਆ ਕੂਲੇ ਤੇ ਤਾਜ਼ੇ ਫੁਲਕੇ ਨਾਲ ਸਲਾਦ ਮਿਲ ਰਿਹਾ ਸੀ। ਗੱਲ ਕੀ ਹਰ ਯਾਤਰੀ ਦੀ ਬਿਨਾ ਕਿਸੇ ਵਿਤਕਰੇ ਸ਼ਰਧਾ ਤੇ ਤਨੋ ਮਨੋ ਸੇਵਾ ਹੋ ਰਹੀ ਸੀ। ਅਸੀਂ ਲੰਗਰ ਛੱਕ, ਥਾਲੀਆਂ ਸਫਾਈ ਵਾਲੀ ਥਾਂ ਧਰਨ ਲਈ ਤੁਰ ਪਏ। ਰਸਤੇ ਵਿੱਚ ਹੀ ਇੱਕ ਸੱਜਣ ਮਿਲ ਪਿਆ ਤੇ ਬੜੇ ਪਿਆਰ ਨਾਲ

ਕਿਹਾ, 'ਸਿੰਘ ਜੀ ਤੁਸਾਂ ਕਿਉਂ ਖੇਚਲ ਕੀਤੀ ਇਹ ਸੇਵਾ ਮੈਨੂੰ ਬਖਸ਼ੋ।' ਤੇ ਥਾਲੀਆਂ ਸਾਡੇ ਹੱਥਾਂ ਵਿਚੋਂ ਲੈ ਲਈਆਂ।

'ਬੜੀ ਸ਼ਰਧਾ ਤੇ ਪਿਆਰ ਹੈ ਇਹਨਾਂ ਸਿੰਧੀ ਸੇਵਕਾਂ ਵਿੱਚ। ਵੇਖੋ ਸੇਵਾ ਕਰਦੇ ਹੋਏ ਕਿਵੇਂ ਭੰਬੀਰੀ ਵਾਂਗ ਫਿਰ ਰਹੇ ਹਨ।' ਕਵੀ ਜੀ ਨੇ ਖੜ੍ਹੇ ਹੋ ਕੇ ਸਾਰੇ ਦ੍ਰਿਸ਼ ਵੱਲ ਮੇਰਾ ਧਿਆਨ ਦੁਆਇਆ। ਮੈਂ ਵੇਖਿਆ ਚਿੱਟੇ ਕੱਪੜਿਆਂ ਵਿੱਚ ਸਿਰ ਤੇ ਟੋਪੀ ਪਾਈ ਸੇਵਾ 'ਚ ਕਿਵੇਂ ਸਾਰੇ ਖੀਵੇ ਹੋਏ ਫਿਰ ਰਹੇ ਸਨ, ਲੌ ਸਿੰਘ ਜੀ, ਹੋਰ ਲਓ ਜੀ, ਥੋੜ੍ਹਾ ਤਾਂ ਹੋਰ ਲੌ। ਨਿੱਮਰਤਾ ਭਰੇ ਸ਼ਬਦਾਂ ਨਾਲ ਪੰਗਤਾਂ ਵਿੱਚ ਫਿਰ ਰਹੇ ਸਨ। ਜਿਹੜੇ ਚੁੱਪ ਸਨ ਉਹ ਮੂੰਹ ਵਿੱਚ ਨਾਮ ਸਿਮਰਨ ਕਰ ਰਹੇ ਸਨ। ਕਿੰਨਾ ਸੋਹਣਾ ਤੇ ਸ਼ਾਂਤ ਨਜ਼ਾਰਾ ਸਾਨੂੰ ਵੇਖਣ ਨੂੰ ਮਿਲ ਰਿਹਾ ਸੀ।

ਆਪਣੇ ਡੇਰੇ ਵੱਲ ਨੂੰ ਆ ਰਹੇ ਸਾਂ, ਗਿਆਨੀ ਅਬਾਦੁੱਲਾ ਸਾਹਿਬ ਆਪਣੇ ਕਈ ਸਾਥੀਆਂ ਨਾਲ ਯਾਤਰੀਆਂ ਦਾ ਹਾਲ ਚਾਲ ਪੁੱਛ ਰਹੇ ਸਨ।

'ਬਈ ਖਾਲਸਾ ਜੀਓ, ਕੋਈ ਲੋੜ, ਕੋਈ ਤਕਲੀਫ ਹੋਵੇ ਤਾਂ ਦੱਸਿਓ। ਪਾਕਿਸਤਾਨ ਸਰਕਾਰ ਵਲੋਂ ਹਦਾਇਤ ਹੈ ਕਿ ਕਿਸੇ ਯਾਤਰੀ ਨੂੰ ਕਿਸੇ ਕਿਸਮ ਦੀ ਵੀ ਤਕਲੀਫ ਨਹੀਂ ਹੋਣੀ ਚਾਹੀਦੀ। ਅਸੀਂ ਪੂਰਾ ਜਤਨ ਕਰਾਂਗੇ ਕਿ ਤੁਹਾਨੂੰ ਘਰ ਨਾਲੋਂ ਵੀ ਵੱਧ ਸੁੱਖ ਮਿਲੇ। ਇਹ ਆਪਣਾ ਘਰ ਨਹੀਂ ਇਹ ਤਾਂ ਗੁਰੂ ਨਾਨਕ ਦੇਵ ਜੀ ਦਾ ਘਰ ਏ। ਏਥੇ ਤਾਂ ਸਭ ਨੂੰ ਆਪਣੇ ਘਰ ਨਾਲੋਂ ਵੱਧ ਸੁੱਖ ਮਿਲਣਾ ਚਾਹੀਦਾ ਹੈ।' ਉਹ ਆਖਣੀ ਗੱਲ ਜਾਰੀ ਰੱਖ ਰਹੇ ਸਨ। 'ਤੁਸੀਂ ਸਾਡੇ ਤੇ ਸਾਡੀ ਸਰਕਾਰ ਦੇ ਖਾਸ ਮਹਿਮਾਨ ਹੋ।'

ਇਹ ਗੱਲ ਮੈਨੂੰ ਉਸ ਲੰਗਰ ਵਰਤਾਵੇ ਦੀ ਆਖੀ ਗੱਲ ਨਾਲ ਬਿਲਕੁਲ ਮੇਚ ਖਾਂਦੀ ਪਰਤੀਤ ਹੋ ਰਹੀ ਸੀ। ਜਿਸ ਨੇ ਕਵੀ ਜੀ ਨੂੰ ਲੰਗਰ ਛਕਦਿਆਂ ਕਹੀ ਸੀ।

ਸਾਡੇ ਕਮਰੇ ਅੱਗੋਂ ਲੰਘਦਿਆਂ ਗਿਆਨੀ ਜੀ ਨੇ ਸਾਨੂੰ ਵੀ ਖ਼ੈਰ ਸੁੱਖ ਪੁੱਛੀ ਨਾਲੇ ਉਹਨਾਂ ਪਰਵਾਰਾਂ ਵਾਰੇ ਦੱਸਿਆ ਜਿਨ੍ਹਾਂ ਨੂੰ ਉਹ ਘਰ ਛੱਡ ਕੇ ਆਏ ਸਨ। ਅਸਾਂ ਆਨੰਦ ਪ੍ਰਸੰਨ ਆਖ ਕੇ ਗਿਆਨੀ ਜੀ ਦਾ ਧੰਨਵਾਦ ਕੀਤਾ। ਕਵੀ ਜੀ ਨੇ ਗਿਆਨੀ ਜੀ ਨੂੰ ਜੱਫ਼ੀ ਵਿੱਚ ਘੁੱਟ ਲਿਆ ਤੇ ਆਖਿਆ –

'ਗਿਆਨੀ ਜੀ ! ਤੁਸੀਂ ਕਿੰਨੇ ਵਧੀਆ ਇਨਸਾਨ ਹੋ, ਰੱਬ ਕਰੇ ਸਾਰੀ ਦੁਨੀਆਂ ਦੇ ਇਨਸਾਨ ਹੀ ਤੁਹਾਡੇ ਵਰਗੇ ਹੋ ਜਾਣ। ਸਵਰਗ ਧਰਤੀ ਉਤੇ ਹੀ ਉਤਰ ਆਵੇ।' ਕਵੀ ਜੀ ਕੁੱਝ ਹੋਰ ਕਹਿੰਦੇ ਪਰ ਗਿਆਨੀ ਜੀ ਨੇ ਕਵੀ ਜੀ ਦੇ ਮੂੰਹ ਅੱਗੇ ਹੱਥ ਧਰ ਲਿਆ।

'ਕਿਸੇ ਦੇ ਮੂੰਹ ਤੇ ਉਸਦੀ ਸਿਫ਼ਤ ਕਰਨੀ ਠੀਕ ਨਹੀਂ ਹੁੰਦੀ, ਕਵੀ ਜੀ ਬੰਦੇ ਨੂੰ ਘੁਮੰਡੀ ਤੇ ਹੰਕਾਰੀ ਹੋਣ ਦਾ ਖ਼ਤਰਾ ਹੋ ਜਾਂਦਾ ਹੈ।' ਉਹਨਾਂ ਹੋਰ ਕਿਹਾ 'ਅੱਲ੍ਹਾ ਦਾ ਸ਼ੁਕਰਗੁਜ਼ਾਰ ਹਾਂ ਜੋ ਅੱਲ੍ਹਾ ਮੀਆਂ ਮੇਰੇ ਰਾਹੀਂ ਤੁਹਾਨੂੰ ਸੁੱਖ ਦੇ ਰਿਹਾ ਹੈ। ਸਭ ਸੁੱਖਾਂ ਤੇ ਸਹੂਲਤਾਂ ਬਖਸ਼ਣ ਵਾਲਾ ਤੇ ਆਪ ਪਰਵਰਦਗਾਰ ਹੈ।'

ਇਤਨੇ ਨੂੰ ਇੱਕ ਸੱਜਣ ਨੇ ਆ ਕੇ ਗਿਆਨੀ ਜੀ ਨੂੰ ਕੁੱਝ ਕਿਹਾ ਤੇ ਉਹ ਸਾਨੂੰ ਦੁਆ ਸਲਾਮ ਕਰਕੇ ਉਸਦੇ ਨਾਲ ਚੱਲੇ ਗਏ।

ਮੈਂ ਆਪਣੇ ਮੰਜੇ ਤੇ ਲੇਟ ਰਿਹਾ ਸਾਂ। ਹਰ ਮਜ਼ਹਬ ਵਿੱਚ ਚੰਗੇ ਇਨਸਾਨ ਵੀ ਹੁੰਦੇ ਹਨ ਤੇ ਦੂਸਰੀ ਕਿਸਮ ਦੇ ਵੀ। ਪਾਕਿਸਤਾਨ ਵਿੱਚ ਆ ਕੇ ਅਜੇ ਤੱਕ ਅਸੀਂ ਅੱਛੇ ਇਨਸਾਨਾਂ ਨੂੰ ਹੀ ਮਿਲੇ ਹਾਂ। ਗਿਆਨੀ ਅਬਾਦੁੱਲਾ ਸਾਹਿਬ ਦੀ ਚੰਗਿਆਈ ਦੀ ਤਾਂ ਸੀਮਾ ਹੀ ਨਹੀਂ। ਇਹ ਸੋਚਦਿਆਂ ਪਤਾ ਨਹੀਂ ਮੇਰੀ ਕਦੋਂ ਅੱਖ ਲੱਗ ਗਈ। ਕਵੀ ਜੀ ਤਾਂ ਪਹਿਲਾਂ ਹੀ ਸੁੱਖ ਆਸਣ ਹੋ ਚੁੱਕੇ ਸਨ।

## ਚੌਥਾ ਦਿਨ

ਅੱਜ ਰਾਤ ਅਸੀਂ ਸਵੇਰੇ ਹੀ ਸੌਂ ਗਏ ਸਾਂ ਇਸ ਲਈ ਤੜਕੇ ਤਿੰਨ ਵਜੇ ਹੀ ਜਾਗ ਆ ਗਈ। ਇਸ਼ਨਾਨ ਪਾਣੀ ਕਰਕੇ ਅਸੀਂ ਗੁਰਦੁਆਰੇ ਵੱਲ ਤੁਰ ਪਏ। ਜਿੱਥੇ ਰਾਗੀਆਂ ਦੇ ਕੀਰਤਨ ਦੀ ਆਵਾਜ਼ ਆ ਰਹੀ ਸੀ। ਰਾਗੀ ਪੜ੍ਹ ਰਹੇ ਸਨ, 'ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣ ਹੋਆ।' ਕਵੀ ਜੀ ਕਹਿ ਰਹੇ ਸਨ ਭਾਈ ਗੁਰਦਾਸ ਜੀ ਇੱਕ ਐਸਾ ਮਹਾਨ ਕਵੀ ਹੋਇਆ ਹੈ, ਜਿਸ ਗੁਰਬਾਣੀ ਦੀ ਵਿਆਖਿਆ ਕਮਾਲ ਦੀ ਕੀਤੀ ਹੈ। ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਨੂੰ ਕੈਸੀਆਂ ਤਸ਼ਬੀਹਾਂ ਦੇ ਕੇ ਸੰਸਾਰ ਵਿੱਚ ਇਕ ਮਹਾਨ ਘਟਨਾ ਸਾਬਤ ਕੀਤਾ ਹੈ।

ਗੁਰਦੁਆਰੇ ਮੱਥਾ ਟੇਕਿਆ। ਪਿਛਲੇ ਪਾਸੇ ਅਖੰਡ ਪਾਠ ਵੀ ਹੋ ਰਿਹਾ ਸੀ, ਸਾਡੇ ਗਿਆਂ ਹੀ ਪਹਿਲੇ ਵਾਲੇ ਪਾਠੀ ਦੀ ਥਾਂ ਦੂਜੇ ਪਾਠੀ ਨੇ ਰੌਲ ਤੇ ਬੈਠਣਾ ਸੀ। ਰੌਲ ਤੇ ਬੈਠਣ ਵਾਲੇ ਪਾਠੀ ਨੇ ਪਾਣੀ ਲਿਆ, ਹੱਥ ਪੈਰ ਸੁੱਚੇ ਕੀਤੇ ਤੇ ਜਾ ਕੇ ਪਹਿਲੇ ਵਾਲੇ ਪਾਠੀ ਨੂੰ ਉਠਾ ਕੇ ਬਹਿ ਗਿਆ। ਮੈਂ ਹੈਰਾਨ ਹੋ ਕੇ ਪੁੱਛਿਆ ਕਵੀ ਜੀ ਨੂੰ। 'ਕਵੀ ਜੀ, ਨਵੇਂ ਪਾਠੀ ਨੇ ਨਾ ਅਰਦਾਸ ਕੀਤੀ ਹੈ ਨਾ ਉਠਣ ਵਾਲੇ ਪਾਠੀ ਨੇ ਹੀ ਉਠਣ ਲੱਗਿਆਂ ਅਰਦਾਸ ਕੀਤੀ ਹੈ। ਸਾਡੇ ਤਾਂ ਏਦਾਂ ਨਹੀਂ ਕਰਦੇ।'

'ਏਥੇ ਏਸ ਤਰ੍ਹਾਂ ਹੀ ਕਰਦੇ ਹਨ ਇਹ ਲੋਕ, ਹੋ ਸਕਦੈ ਪਾਠ ਤੇ ਬੈਠਣ ਵਾਲੇ ਪਾਠੀ ਨੇ ਇਸ਼ਨਾਨ ਵੀ ਨਾ ਕੀਤਾ ਹੋਵੇ। ਪਰ ਆਪਾਂ ਕੀ ਲੈਣੈ। ਸਾਡਾ ਨਾਮਧਾਰੀਆਂ ਦਾ ਅਖੰਡ ਪਾਠ ਤਾਂ ਬਹੁਤ ਕਠਨ ਅਸੁਮੇਧ ਜੱਗ ਹੁੰਦੈ। ਪੋਹ ਦੀਆਂ ਠੰਢੀਆਂ ਰਾਤਾਂ ਵਿੱਚ ਵੀ ਪਾਠੀ ਨੂੰ ਸਣਕੇਸੀ ਇਸ਼ਨਾਨ ਕਰਕੇ ਪਾਠ ਤੇ ਬੈਠਣਾ ਪੈਂਦੈ। ਏਥੇ ਤਾਂ ਨਾ ਧੂਪੀਆ ਨਾ ਪਹਿਰੂ ਕੁੱਝ ਵੀ ਨਹੀਂ ਹੁੰਦਾ। ਅਖੰਡ ਪਾਠ ਦੀ ਸਹੀ ਮਰਿਆਦਾ ਤਾਂ ਨਾਮਧਾਰੀਆਂ ਨੇ ਹੀ ਸਾਂਭ ਕੇ ਰੱਖੀ ਹੋਈ ਜਾਪਦੀ ਹੈ। ਚੱਲ ਆਪਾਂ ਘੜੀ ਬੈਠ ਕੇ ਕੀਰਤਨ ਦਾ ਆਨੰਦ ਮਾਣੀਏ।'

ਅਸੀਂ ਇੱਕ ਪਾਸੇ ਹੋ ਕੇ ਬਹਿ ਗਏ। ਰਾਗੀ ਆਸਾ ਦੀ ਵਾਰ ਦਾ ਛੱਕਾ ਗਾ ਰਹੇ ਸਨ। ਅੱਗੇ ਸ਼ਲੋਕ ਆਇਆ 'ਭੰਡ ਜੰਮੀਐ.....।' ਮੈਂ ਮਨ ਵਿੱਚ ਸੋਚ

ਰਿਹਾ ਸੀ ਕਿ ਗੁਰੂ ਨਾਨਕ ਦੇਵ ਜੀ ਨੇ ਇਸਤਰੀ ਜਾਤੀ ਨੂੰ ਕਿੰਨਾ ਵਡਿਆਇਆ ਹੈ। ਅਸੀਂ ਰੋਜ਼ ਆਸਾ ਦੀ ਵਾਰ ਸੁਣਦੇ ਪੜ੍ਹਦੇ ਹਾਂ, ਪਰ ਕਿੰਨਾ ਕੁ ਇਸਤਰੀ ਜਾਤੀ ਦਾ ਮਾਣ ਸਨਮਾਨ ਕਰਦੇ ਹਾਂ। ਅੱਜ ਸਮਾਜ ਨੇ ਇਸਤਰੀ ਜਾਤੀ ਨੂੰ ਇੱਕ ਐਸ਼ ਦਾ ਸਾਧਨ ਬਣਾ ਕੇ ਰੱਖ ਦਿੱਤਾ ਹੈ। ਸਾਡੇ ਹੱਥੋਂ ਤੰਗ ਕੀਤੀਆਂ ਇਸਤਰੀਆਂ ਸੜ ਕੇ, ਡੁੱਬ ਕੇ ਤੇ ਜ਼ਹਿਰ ਖਾ ਕੇ ਅਣਿਆਈ ਮੌਤੇ ਮਰ ਰਹੀਆਂ ਹਨ। ਲੱਖਾਂ ਬੱਚੀਆਂ ਜੰਮਣ ਤੋਂ ਪਹਿਲਾਂ ਹੀ ਮਾਰੀਆਂ ਜਾਂ ਮਰਵਾਈਆਂ ਜਾ ਰਹੀਆਂ ਹਨ। ਰਾਗੀ ਨੇ ਲੰਮੀ ਹੇਕ ਨਾਲ ਆਖਿਆ, 'ਸੋ ਕਿਉਂ ਮੰਦਾ ਆਖੀਐ ਜਿਤੁ ਜੰਮੈ ਰਾਜਾਨ।' ਰਾਜਿਆਂ ਨੂੰ ਜਨਮ ਦੇਣ ਵਾਲੀ ਇਸਤਰੀ ਨੂੰ ਕਿਉਂ ਮੰਦਾ ਆਖਿਆ ਜਾ ਰਿਹਾ ਹੈ।

ਮੈਂ ਵੇਖਿਆ ਕੀਰਤਨ ਸੁਣਨ ਲਈ ਬਹੁਤ ਘੱਟ ਸੰਗਤ ਆਈ ਹੈ, ਮੈਂ ਕਵੀ ਜੀ ਨੂੰ ਪੁੱਛਿਆ, ਸੰਗਤ ਕਿਧਰ ਗਈ। ਬਹੁਤ ਘੱਟ ਸੰਗਤ ਆਈ ਹੈ।

'ਉਹ ਸਾਰੇ ਸੰਗੀਤ ਸੁਣਨ ਥੋੜ੍ਹਾ ਆਏ ਨੇ।' ਕਵੀ ਜੀ ਨੇ ਮੇਰੇ ਕੰਨਾਂ ਵਿੱਚ ਆਖਿਆ, 'ਉਹ ਸਾਰੇ ਤਾਂ ਕੀਹ ਖ਼ਰੀਦ ਫ਼ਰੋਖ਼ਤ ਕਰਨੀ ਹੈ ਉਸ ਦੀਆਂ ਵਿਓਂਤਾਂ ਬਣਾ ਰਹੇ ਹੋਣਗੇ।'

ਅਸੀਂ ਅਰਦਾਸ ਤੋਂ ਪਹਿਲਾਂ ਹੀ ਸਿਰ ਝੁਕਾ ਕੇ ਲੰਗਰ ਨੂੰ ਚੱਲ ਪਏ। ਕੀਹ ਵੇਖਦੇ ਹਾਂ ਕਿ ਲੰਗਰ ਵਿੱਚ ਤਾਂ ਭੀੜਾਂ ਲੱਗੀਆਂ ਹੋਇਆਂ ਹਨ। ਚਾਹ ਦੇ ਨਾਲ ਖਾਣ ਨੂੰ ਬੰਦ ਜਾਂ ਰਸ ਵਰਤਾਏ ਜਾ ਰਹੇ ਸਨ, ਪਰ ਚੁੱਪ ਇਤਨੀ ਕਿ ਸੂਈ ਦੀ ਆਵਾਜ਼ ਨੂੰ ਵੀ ਸੁਣਿਆ ਜਾ ਸਕਦਾ ਸੀ।

ਕਵੀ ਜੀ ਨੇ ਚਾਹ ਦਾ ਗਿਲਾਸ ਲਿਆ ਤੇ ਨਾਲ ਕੁੱਝ ਖਾਣ ਨੂੰ ਲਿਆ। ਮੈਂ ਵੈਸੇ ਹੀ ਪਾਸ ਬੈਠਾ ਰਿਹਾ। ਕਈ ਵਰਤਾਵਿਆਂ ਨੇ ਮੈਨੂੰ ਪੁੱਛਿਆ, 'ਸਿੰਘ ਜੀ ਚਾਹ ਲੌ।' ਇੱਕ ਵਰਤਾਵੇ ਨੂੰ ਕਵੀ ਜੀ ਨੇ ਕਿਹਾ ਇਹ ਚਾਹ ਨਹੀਂ ਲਵੇਗਾ।

'ਤਾਂ ਫਿਰ ਇਹ ਕੀ ਛੱਕਣਗੇ, ਵਰਤਾਵੇ ਪੁੱਛਿਆ, ਦੁੱਧ ਪੀਵੋਗੇ ਤਾਂ ਉਹ ਲੈ ਆਵਾਂ।'

'ਨਹੀਂ ਬਾਦਸ਼ਾਹੋ ਮੈਨੂੰ ਕੋਈ ਇੱਛਾ ਨਹੀਂ।'

'ਕੁੱਝ ਤਾਂ ਲੈਣਾ ਪਵੇਗਾ।' ਅੱਗੋਂ ਜਵਾਬ ਮਿਲਿਆ।

ਮੈਂ ਝਕਦੇ ਝਕਦੇ ਆਖਿਆ 'ਜੇ ਥੋੜ੍ਹਾ ਦਹੀ ਮਿਲ ਜਾਵੇ ਤਾਂ ਠੀਕ ਹੈ।'

'ਵਾਹ ! ਗੁਰੂ ਘਰ ਵਿੱਚ ਕਿਸ ਚੀਜ਼ ਦੀ ਘਾਟ ਏ ਸਿੰਘ ਜੀ।' ਸਿੰਧੀ ਵਰਤਾਵੇ ਨੇ ਜ਼ੋਰ ਦੇ ਕੇ ਆਖਿਆ। 'ਹੁਣੇ ਲਓ ਤੇ ਉਹ ਜਾ ਕੇ ਦਹੀ ਦੀ ਬਾਟੀ, ਚਿਮਚਾ ਤੇ ਉਪਰ ਮਿੱਠਾ ਪਾ ਕੇ ਲੈ ਆਇਆ। ਮੈਂ ਦਹੀ ਚਿਮਚੇ ਨਾਲ ਹਿਲਾ ਕੇ ਛੱਕਿਆ, ਬਹੁਤ ਵਧੀਆ ਦਹੀ ਸੀ। ਠੀਕ ਹੀ ਗੁਰੂ ਘਰ ਵਿੱਚ ਕਿਸੇ ਚੀਜ਼ ਦੀ ਘਾਟ ਨਹੀਂ ਹੁੰਦੀ। ਇਹ ਸੋਚਦਾ ਹੋਇਆ ਮੈਂ ਦਹੀ ਖਾ ਲਿਆ ਤੇ ਕਵੀ ਜੀ ਨੇ ਚਾਹ ਛੱਕ ਲਈ। ਗਿਲਾਸ ਬਾਟੇ ਧੋਣ ਦੀ ਥਾਂ ਤੇ ਰੱਖ ਕੇ ਅਸੀਂ ਫੇਰ ਆਪਣੇ

ਡੇਰੇ ਵੱਲ ਨੂੰ ਚੱਲ ਪਏ। ਅਰਦਾਸ ਹੋ ਚੁੱਕੀ ਸੀ। ਸੰਗਤ ਲੰਗਰ ਵੱਲ ਨੂੰ ਚਾਹ ਪੀਣ ਲਈ ਕਾਹਲੀ ਕਾਹਲੀ ਜਾਣ ਲੱਗੀ।

ਆਪਣੇ ਕਮਰੇ ਵਿੱਚ ਹਾਲੇ ਬੈਠੇ ਹੀ ਸਾਂ ਕਿ ਕਵੀ ਜੀ ਨੂੰ ਕੁੱਝ ਯਾਦ ਆਇਆ, ਕਹਿਣ ਲੱਗੇ –

'ਆਪਾਂ ਗਿਆਨੀ ਅਬਾਦੁੱਲਾ ਸਾਹਿਬ ਅੱਗੇ ਅਰਜ਼ ਕਰੀਏ ਜੋ ਸਾਨੂੰ ਜਥੇ ਤੋਂ ਪਹਿਲਾਂ ਜਾਣ ਦੀ ਇਜਾਜ਼ਤ ਮਿਲ ਜਾਵੇ। ਪਹਿਲਾਂ ਚਲੇ ਚੱਲੀਏ ਤਾਕਿ ਪਰਮ ਮਿੱਤਰ ਮੌਲਵੀ ਸੈਦ ਅਹਿਮਦ ਸਾਹਿਬ ਨੂੰ ਮਿਲ ਚੱਲੀਏ ਜੋ ਕਿ ਲਾਹੌਰ ਨੇੜੇ ਪਿੰਡ ਹਰਬੰਸਪੁਰੇ ਰਹਿੰਦੇ ਹਨ।

ਮੈਂ ਹਾਂ ਵਿੱਚ ਹਾਂ ਮਿਲਾਈ ਤੇ ਆਖਿਆ, 'ਹੈ ਆਪ ਜੀ ਦੀ ਵਿਓਂਤ ਠੀਕ, ਪਰ ਹੈ ਬੜੀ ਮੁਸ਼ਕਲ ਕਿਉਂਕਿ ਪਤਾ ਨਹੀਂ ਉਹ ਸਾਨੂੰ ਇਜਾਜ਼ਤ ਦੇ ਸੱਕਣ ਕਿ ਨਹੀਂ।

'ਚੱਲੋ ਪੁੱਛ ਕੇ ਵੇਖਦੇ ਹਾਂ। ਸੈਦ ਅਹਿਮਦ ਸਾਹਿਬ ਨੂੰ ਮਿਲਿਆਂ ਬਗੈਰ ਆਪਣੀ ਯਾਤਰਾ ਫਜ਼ੂਲ ਜਿਹੀ ਹੀ ਹੋਵੇਗੀ।' ਕਵੀ ਜੀ ਨੇ ਉਠਦਿਆਂ ਹੋਇਆਂ ਕਿਹਾ।

ਅਸੀਂ ਸਿੱਧੇ ਗਿਆਨੀ ਅਬਾਦੁੱਲਾ ਜੀ ਦੇ ਦਫਤਰ ਗਏ ਤੇ ਖ਼ੈਰ ਸੁੱਖ ਪੁੱਛਣ ਤੋਂ ਬਾਅਦ ਉਹਨਾਂ ਸਾਡੇ ਚਿਹਰਿਆਂ ਤੋਂ ਕੁੱਝ ਪੜ੍ਹਣ ਦਾ ਜਤਨ ਕੀਤਾ ਤੇ ਆਖਿਓ ਨੇ –

'ਕਵੀ ਜੀ ਕਿਵੇਂ ਦਰਸ਼ਨ ਦਿੱਤੇ ਜੇ ?'

ਕਵੀ ਜੀ ਨੇ ਆਪਣੇ ਦਿਲ ਦੀ ਗੱਲ ਜ਼ੁਬਾਨ ਤੇ ਲਿਆਉਂਦਿਆਂ ਅਖ਼ੀਰ ਵਿੱਚ ਕਿਹਾ, 'ਮੌਲਵੀ ਸਾਹਿਬ ਜੀ ਤੁਹਾਡੇ ਵਾਂਗ ਹੀ ਮੇਰੇ ਬੜੇ ਜਿਗਰੀ ਦੋਸਤ ਹਨ।'

'ਉਹ ਤਾਂ ਠੀਕ ਏ ਪਰ ਹੈ ਬੜਾ ਔਖਾ।' ਚੱਲੋ ਪਤਾ ਕਰਦੇ ਹਾਂ ਕਹਿੰਦੇ ਹੋਏ ਸਾਨੂੰ ਨਾਲ ਲੈ ਕੇ ਸਬੰਧਤ ਅਧਿਕਾਰੀ ਕੋਲ ਪਹੁੰਚ ਗਏ। ਬਹੁਤ ਕੁੱਝ ਕਹਿਣ ਸੁਣਨ ਤੋਂ ਬਾਅਦ ਸਾਨੂੰ ਇਜਾਜ਼ਤ ਮਿਲ ਹੀ ਗਈ। ਪਹਿਲਾਂ ਲਾਹੌਰ ਤੇ ਫਿਰ ਹਰਬੰਸਪੁਰੇ ਜਾਣ ਦੀ।

'ਕਵੀ ਜੀ ਜਲਦੀ ਕਰੋ, ਲਾਹੌਰ ਜਾਣ ਵਾਲੀ ਗੱਡੀ ਵਿੱਚ ਅੱਧਾ ਘੰਟਾ ਹੀ ਬਾਕੀ ਹੈ, ਤੁਸੀਂ ਰੇਲਗੱਡੀ ਤੇ ਹੀ ਚੰਗੇ ਤੇ ਸੁਰੱਖਿਅਤ ਰਹੋਗੇ।' ਗਿਆਨੀ ਜੀ ਕਹਿ ਰਹੇ ਸਨ।

ਅਸੀਂ ਜਲਦੀ ਜਲਦੀ ਆਪਣੇ ਬੈਗ ਮੋਢਿਆਂ ਤੇ ਪਾਏ ਤੇ ਗਿਆਨੀ ਜੀ ਦੇ ਦਫਤਰ ਅੱਗੇ ਆ ਗਏ। ਗਿਆਨੀ ਜੀ ਸਾਨੂੰ ਉਡੀਕ ਰਹੇ ਸਨ।

ਮੇਨ ਗੇਟ ਕੋਲ ਆ ਕੇ ਉਹਨਾਂ ਇੱਕ ਸੱਜਣ ਨੂੰ ਆਖਿਆ, 'ਇਹਨਾਂ ਨੂੰ ਸਟੇਸ਼ਨ ਤੇ ਜਾ ਕੇ ਲਾਹੌਰ ਜਾਣ ਵਾਲੀ ਗੱਡੀ ਤੇ ਬਿਠਾ ਆਓ।'

ਉਹ ਸੱਜਣ ਆਪਣੀ ਕਾਰ ਕੋਲ ਖੜ੍ਹਾ ਸੀ, ਸਾਨੂੰ ਕਾਰ ਵਿੱਚ ਬੈਠਣ ਦਾ

ਇਸ਼ਾਰਾ ਕੀਤਾ, ਅਸਾਂ ਗਿਆਨੀ ਜੀ ਨਾਲ ਹੱਥ ਮਿਲਾਏ ਤੇ ਕਾਰ ਵਿੱਚ ਬੈਠ ਗਏ। ਸ਼ੁਕਰਾਨੇ ਨਾਲ ਅਸੀਂ ਦੱਬੇ ਜਿਹੇ ਪਏ ਸਾਂ।

ਕਾਰ ਤੋਂ ਉਤਰ ਕੇ ਉਹ ਸੱਜਣ ਸਾਡੇ ਮਨਾ ਕਰਨ ਤੇ ਲਾਹੌਰ ਦੀਆਂ ਟਿਕਟਾਂ ਲੈ ਆਇਆ। ਗੱਡੀ ਆਈ ਤੇ ਉਹ ਸੱਜਣ ਗੱਡੀ ਤੁਰਨ ਤੱਕ ਸਾਡੇ ਨਾਲ ਨਿੱਕੀਆਂ ਨਿੱਕੀਆਂ ਗੱਲਾਂ ਕਰਦਾ ਰਿਹਾ। ਵਿਸਲ ਹੋਈ ਤੇ ਅਸਾਂ ਉਸ ਸੱਜਣ ਤੋਂ ਵਿਦਾ ਲਈ। ਉਹਦਾ ਨਾਂ ਅਰਸ਼ਦ ਸੀ। ਗੱਡੀ ਹੌਲੀ ਹੌਲੀ ਚੱਲਦੀ ਰਹੀ। ਅਰਸ਼ਦ ਜਿੰਨਾ ਚਿਰ ਦਿੱਸਦਾ ਰਿਹਾ, ਸਾਡੇ ਹੱਥ ਹਿਲਾਉਣ ਦਾ ਜਵਾਬ ਹਵਾ ਵਿੱਚ ਹੱਥ ਲਹਿਰਾ ਕੇ ਦਿੰਦਾ ਰਿਹਾ।

ਰਾਹ ਵਿੱਚ ਛੋਟੇ ਛੋਟੇ ਕਈ ਸਟੇਸ਼ਨ ਆਏ। ਸ਼ੇਖੂਪੁਰਾ ਆਇਆ। ਮੈਨੂੰ ਇੱਕ ਦਮ ਉਹ ਚੇਤਾ ਆਇਆ ਜਦੋਂ ਸੰਤਾਲੀ ਵਿੱਚ ਸਾਡੀ ਗੱਡੀ ਦੇ ਹਿੰਦੂ ਸਿੱਖ ਮੁਸਾਫ਼ਰਾਂ ਤੋਂ ਹਥਿਆਰ ਸੁਟਾ ਲਏ ਸਨ। ਕਿੰਨਾ ਭਿਆਨਕ ਸਮਾਂ ਸੀ ਉਹ।

ਅਸੀਂ ਸਾਰੇ ਭਾਦਰੋਂ ਦੀ ਧੁੱਪੇ ਚੂਹੜ ਕਾਣੇ (ਸੱਚੇ ਸੌਦੇ) ਰੇਲਵੇ ਸਟੇਸ਼ਨ ਤੇ ਬੈਠੇ ਸਾਂ। ਮੈਂ ਤੇ ਮੇਰੇ ਛੋਟੇ ਭਰਾ ਸੁਦਰਸ਼ਨ ਸਿੰਘ ਤੇ ਬਹੁਤ ਛੋਟੀ ਭੈਣ ਸਿਮਰਜੀਤ ਨਾਲ ਇੱਕ ਰੁੱਖ ਦੀ ਛਾਵੇਂ ਬੈਠ ਗਏ। ਕੁੱਝ ਦੇਰ ਬਾਅਦ ਸ਼ੇਖੂਪੁਰੇ ਵਾਲੇ ਪਾਸਿਓਂ ਇੱਕ ਖਾਲੀ ਗੱਡੀ ਆਈ। ਲੋਕਾਂ ਸਮਝਿਆ ਇਹ ਗੱਡੀ ਸਾਨੂੰ ਭਾਰਤ ਲਿਜਾਣ ਆਈ ਹੈ ਪਰ ਚੱਲਦੀ ਗੱਡੀ ਵਿਚੋਂ ਗੋਲੀਆਂ ਦੀ ਵਾਛੜ ਸ਼ੁਰੂ ਹੋ ਗਈ। ਮੇਰੀ ਮਾਤਾ ਲਾਭ ਕੌਰ ਜੀ ਐਨ ਪਲੇਟ ਫਾਰਮ ਦੇ ਅੱਗੇ ਲਾਈਨ ਦੇ ਦੂਜੇ ਪਾਸੇ ਬੈਠੇ ਸਨ ਸੋ ਬਚ ਗਈ। ਮੈਂ ਆਪਣੀ ਭੈਣ ਨੂੰ ਚੁੱਕਿਆ ਹੋਇਆ ਸੀ ਤੇ ਵੀਰ ਸੁਦਰਸ਼ਨ ਸਿੰਘ ਨੂੰ ਉਂਗਲੀ ਲਾਇਆ ਹੋਇਆ ਸੀ। ਗੋਲੀ ਚੱਲਦੀ ਸੁਣ ਕੇ ਅਸੀਂ ਇੱਕ ਖਾਲੇ ਦੀ ਓਟ ਲੈ ਕੇ ਬਹਿ ਗਏ ਤੇ ਗੋਲੀ ਲੱਗਣ ਤੋਂ ਬਚ ਗਏ। ਢਾਈ ਤਿੰਨ ਮਿੰਟਾਂ ਵਿੱਚ ਸੈਕੜੇ ਲੋਕਾਂ ਨੂੰ ਮਾਰ ਕੇ ਗੱਡੀ ਆਪਣੀ ਚਾਲੇ ਚੱਲਦੀ ਗਈ। ਅਸੀਂ ਸਾਰੇ ਆਪਣੇ ਜੀਆਂ ਨੂੰ ਲੱਭਦੇ ਹੋਏ ਜਦੋਂ ਮਾਤਾ ਕੋਲ ਆਏ ਤਾਂ ਉਸ ਨੇ ਸਾਰਿਆਂ ਨੂੰ ਗਲੇ ਲਗਾਇਆ। ਕੁੱਝ ਦੇਰ ਬਾਅਦ ਭੀੜ ਵਿਚੋਂ ਮੇਰੇ ਪਿਤਾ ਜੀ ਸਵਰਗੀ ਸ੍ਰ. ਕਰਤਾਰ ਸਿੰਘ, ਮੇਰੇ ਦਾਦਾ ਸਵਰਗੀ ਸ੍ਰ. ਈਸ਼ਰ ਸਿੰਘ, ਦਾਦਾ ਜੀ ਦੇ ਭਰਾ ਤੇ ਹੋਰ ਨਾਲ ਦੇ ਸਾਨੂੰ ਲੱਭਦੇ ਹੋਏ ਆ ਗਏ। ਅਸੀਂ ਇੱਕ ਦੂਜੇ ਦੇ ਸਾਹਮਣੇ ਖੜ੍ਹੇ ਸਾਂ ਤੇ ਸਾਨੂੰ ਕਿਸੇ ਨੂੰ ਯਕੀਨ ਨਹੀਂ ਆ ਰਿਹਾ ਸੀ ਕਿ ਅਸੀਂ ਜਿੰਦਾ ਹਾਂ।

ਖ਼ੈਰ ! ਅਸੀਂ ਜਿੰਦਾ ਸਾਂ ਠੀਕ ਹੀ। ਅਸੀਂ ਆਪਣਾ ਸਾਮਾਨ ਸਿਰ 'ਤੇ ਚੁੱਕਿਆ ਤੇ ਚੂਹੜ ਕਾਨੇ ਪਿੰਡ ਨੂੰ ਚੱਲ ਪਏ। ਚੂਹੜ ਕਾਨਾ ਪਿੰਡ ਗੁਰਦੁਆਰਾ ਸੱਚਾ ਸੌਦਾ ਦੇ ਨੇੜੇ ਹੀ ਸੀ। ਜਿੱਥੇ ਗੁਰੂ ਨਾਨਕ ਦੇਵ ਜੀ ਨੇ ਸਾਧੂਆਂ ਨੂੰ ਭੋਜਨ ਛਕਾ ਕੇ ਸੱਚਾ ਸੌਦਾ ਕੀਤਾ ਸੀ। ਦੁਆਲੇ ਦੇ ਵਿਸਥਾਪਤ ਪਿੰਡਾਂ ਦੇ ਲੋਕ ਗੁਰਦੁਆਰੇ ਲਾਗੇ ਕੱਠੇ ਹੋ ਗਏ ਤੇ ਏਥੇ ਹੀ ਇੱਕ ਕੈਂਪ ਬਣ ਗਿਆ। ਏਥੇ ਹੀ ਖਾਲੀ ਗੱਡੀਆਂ ਆਉਂਦੀਆਂ ਤੇ ਲੁੱਟੇ ਹੋਏ ਲੋਕਾਂ ਦੀਆਂ ਜ਼ਿੰਦਾ ਲਾਸ਼ਾਂ ਭਾਰਤ ਨੂੰ ਲੈ ਤੁਰਦੀਆਂ ਸਨ।

ਮੈਨੂੰ ਉਹ ਦਿਨ ਪੂਰਾ ਚੇਤੇ ਸੀ ਜਦੋਂ ਸਾਡੀ ਸਵਾਰੀ ਗੱਡੀ ਨਹੀਂ ਮਾਲ ਗੱਡੀ ਸੀ। ਜਿਸਦੇ ਖੁਲ੍ਹੇ ਵੈਗਨਾਂ ਵਿੱਚ ਅਸੀਂ ਬੈਠੇ ਸਾਂ। ਬਾਦਾਮੀ ਬਾਗ਼ ਰੇਲਵੇ ਸਟੇਸ਼ਨ ਆਇਆ ਤੇ ਗੱਡੀ ਇੱਕ ਪਾਸੇ ਵਾਲੀ ਲਾਈਨ ਤੇ ਖੜ੍ਹੀ ਕਰ ਦਿੱਤੀ ਗਈ।

ਕਵੀ ਜੀ ਹੁੰਘਲਾ ਰਹੇ ਸਨ। ਗੱਡੀ ਵਿੱਚ ਬੈਠੇ ਸਾਰੇ ਲੋਕ ਸਾਡੇ ਵੱਲ ਹੈਰਾਨੀ ਨਾਲ ਵੇਖ ਰਹੇ ਸਨ ਤੇ ਮੇਰੀ ਯਾਦਾਂ ਦੀ ਫਿਲਮ ਬਾਕਾਇਦਾ ਚੱਲ ਰਹੀ ਸੀ। ਸਾਡੀ ਗੱਡੀ ਦੇ ਨਾਲ ਪੰਜ ਗੋਰਖੇ ਫੌਜੀ ਕਹਿ ਰਹੇ ਸਨ, 'ਕੋਈ ਲੋਗ ਗਾੜੀ ਸੇ ਨੀਚੇ ਨਹੀਂ ਉਤਰੇਗਾ। ਅਭੀ ਦੂਸਰਾ ਇੰਜਨ ਆਏਗਾ ਔਰ ਹਮਾਰਾ ਗਾੜੀ ਭਾਰਤ ਕੋ ਚੱਲ ਦੇਗਾ।'

ਸੂਰਜ ਡੁੱਬ ਰਿਹਾ ਸੀ। ਭਾਦਰੋਂ ਦਾ ਚੁਮਾਸਾ ਪੂਰੀ ਤਰ੍ਹਾਂ ਲੱਗਾ ਹੋਇਆ ਸੀ। ਲੋਕ ਪਾਣੀ ਨੂੰ ਵਿਲਖ ਰਹੇ ਸਨ ਪਰ ਮੌਤ ਦੇ ਡਰੋਂ ਕੋਈ ਥੱਲੇ ਨਹੀਂ ਸੀ ਉਤਰ ਰਿਹਾ। ਰਾਤ ਕਿਸੇ ਤਰ੍ਹਾਂ ਬੀਤੀ। ਨਾ ਇੰਜਨ ਆਇਆ ਤੇ ਪਾਣੀ ਹੀ ਕਿਸੇ ਨੂੰ ਮਿਲਿਆ। ਗੱਡੀ ਵਿੱਚ ਬੈਠੇ ਪਾਣੀ ਪਾਣੀ ਕਰ ਰਹੇ ਸਨ ਪਰ ਕੌਣ ਦੇਵੇ ਇਹਨਾਂ ਨੂੰ ਪਾਣੀ।

ਅੱਠ ਵਜੇ ਦੇ ਕਰੀਬ ਇੱਕ ਫੌਜੀ ਕੁੱਝ ਬੰਦਿਆਂ ਨੂੰ ਲੈ ਕੇ ਨਾਲ ਲੱਗਦੇ ਕਿਸੇ ਨਾਲੇ ਵਿਚੋਂ ਪਾਣੀ ਲੈਣ ਗਏ। ਫੌਜੀ ਤਾਂ ਆ ਗਏ ਪਰ ਪਾਣੀ ਲੈਣ ਵਾਲੇ ਵਿਚਾਰੇ ਵਾਪਸ ਨਹੀਂ ਆਏ। ਉਥੇ ਹੀ ਉਨ੍ਹਾਂ ਦੀ ਮੌਤ ਲਿਖੀ ਸੀ। ਪਤਾ ਨਹੀਂ ਵਿਚਾਰੇ ਕੀਹਦੇ ਹੱਥੋਂ ਮਾਰੇ ਗਏ। ਫੌਜੀਆਂ ਨੇ ਕਿਹਾ ਕਿ ਨਾਲੇ ਤੇ ਕੁੱਝ ਲੋਕ ਬੈਠੇ ਸਨ, ਜਿਹਨਾਂ ਪਾਣੀ ਲੈਣ ਗਿਆਂ ਨੂੰ ਮਾਰ ਦਿੱਤਾ। ਯਾਦ ਆਇਆ ਸਰਵਨ ਨੂੰ ਵੀ ਰਾਜੇ ਦਸ਼ਰਥ ਨੇ ਹਨ੍ਹੇਰੇ ਵਿੱਚ ਕਿਸੇ ਜੰਗਲੀ ਜਾਨਵਰ ਨੂੰ ਪਾਣੀ ਪੀਂਦਿਆਂ ਸਮਝ ਕੇ ਤੀਰ ਮਾਰ ਕੇ ਮਾਰ ਦਿੱਤਾ ਹੋਵੇਗਾ। ਦਸ਼ਰਥ ਨੂੰ ਤਾਂ ਸਰਵਨ ਦੇ ਮਾਪਿਆਂ ਨੇ ਸਰਾਪ ਦਿੱਤਾ ਸੀ। ਉਸਨੂੰ ਪੁੱਤਰ ਵਿਛੋੜੇ ਵਿੱਚ ਮਹੱਲਾਂ ਤੋਂ ਡਿੱਗ ਕੇ ਜਾਨ ਗੁਆਣੀ ਪਈ ਸੀ। ਪਰ ਅੱਜ ਹਜ਼ਾਰਾਂ ਸਰਵਨਾਂ ਨੂੰ ਮਾਰ ਕੇ ਵੀ ਕੋਈ ਸਰਾਪ ਦਾ ਭਾਗੀ ਨਹੀਂ ਬਣ ਰਿਹਾ। ਇਹ ਵੀ ਤਾਂ ਵਿਚਾਰੇ ਕਿਸੇ ਨਦੀ ਵਿੱਚ ਪਾਣੀ ਪੀਣ ਗਏ ਸਨ।

ਸਾਰਾ ਦਿਨ ਭਾਦਰੋਂ ਦੀ ਧੁੱਪੇ ਭੁੱਖੇ ਤਿਹਾਏ ਅਸੀਂ ਗੱਡੀ ਦੇ ਲੋਹੇ ਦੇ ਨੰਗੇ ਡਿੱਬਿਆਂ ਵਿੱਚ ਬੈਠੇ ਮੌਤ ਦਾ ਇੰਤਜਾਰ ਕਰ ਰਹੇ ਸਾਂ। ਮੌਤ ਤਾਂ ਸਾਡੀ ਯਕੀਨੀ ਸੀ, ਪਰ ਕਿਸ ਤਰ੍ਹਾਂ ਆਉਣੀ ਹੈ ਇਹ ਗੱਲ ਸਮਝ ਨਹੀਂ ਸੀ ਆ ਰਹੀ।

ਇਹ ਗੱਡੀ ਚੱਲਦੀ ਜਾ ਰਹੀ ਸੀ, ਪਰ ਮੇਰੀ ਯਾਦ ਦੀ ਗੱਡੀ ਬਾਦਾਮੀ ਬਾਗ਼ ਦੇ ਸਟੇਸ਼ਨ ਤੇ ਖੜ੍ਹੀ ਮੌਤ ਦਾ ਇੰਤਜਾਰ ਕਰ ਰਹੇ ਭੁੱਖੇ ਤਿਹਾਏ ਲੋਕਾਂ ਨਾਲ ਭਰੀ ਗੱਡੀ ਦੁਆਲੇ ਘੁੰਮ ਰਹੀ ਸੀ।

ਮੇਰੇ ਸੁਹਿਰਦ ਸਾਥੀ ਜਾਗ ਪਏ ਸਨ। ਮੈਨੂੰ ਚੱਲਦੀ ਗੱਡੀ ਵਿਚੋਂ ਦੂਰ

ਦਿਸਹੱਦੇ ਵੱਲ ਨੀਝ ਲਾ ਕੇ ਵੇਖਦਿਆਂ ਉਹਨਾਂ ਮੈਨੂੰ ਹਲੂਣ ਕੇ ਆਖਿਆ, 'ਕਿਹੜਿਆਂ ਵਹਿਣਾਂ ਵਿੱਚ ਪੈ ਗਿਆ ਏ ਮਾਸਟਰ।'

ਮੇਰੀ ਯਾਦਾਂ ਦੀ ਗੱਡੀ ਜਿਵੇਂ ਲੀਹੋਂ ਲਹਿ ਗਈ ਹੋਵੇ, ਮੈਂ ਉਭੜ ਵਾਹੇ ਆਖਿਆ, 'ਕਿਸੇ ਨੂੰ ਰੋਟੀ ਤਾਂ ਕੀ ਪਾਣੀ ਵੀ ਨਹੀਂ ਮਿਲਿਆ।'

'ਕੀਹ ਕਹਿ ਰਿਹਾ ਏ ਯਾਰ, ਕੈਸਾ ਪਾਣੀ, ਕਿਸਨੂੰ ਨਹੀਂ ਮਿਲਿਆ। ਤੇਰਾ ਜ਼ਰੂਰ ਕੋਈ ਦਿਮਾਗੀ ਪੁਰਜਾ ਢਿੱਲਾ ਹੋ ਗਿਆ ਜਾਪਦਾ ਏ।'

ਮੈਨੂੰ ਜਿਵੇਂ ਸੁੱਤੇ ਨੂੰ ਜਾਗ ਆ ਗਈ ਹੋਵੇ। 'ਹਾਂ ਕਵੀ ਜੀ ! ਜਿੱਥੇ ਮੈਂ ਅਪੜਿਆ ਹੋਇਆ ਸਾਂ, ਠੀਕ ਹੀ ਉਹ ਵੇਲਾ ਯਾਦ ਕਰਕੇ ਦਿਮਾਗ਼ੀ ਪੁਰਜਾ ਇੱਕ ਕੀਹ ਸਾਰੇ ਪੁਰਜੇ ਹੀ ਢਿੱਲੇ ਹੋ ਜਾਂਦੇ ਹਨ।

'ਕੁੱਝ ਸਮਝ ਨਹੀਂ ਆਉਂਦੀ ਤੇਰੀਆਂ ਬੁਝਾਰਤਾਂ ਦੀ।' ਕਵੀ ਜੀ ਨੇ ਅਕੇਵੇਂ ਜਿਹੇ ਵਿੱਚ ਕਿਹਾ।

ਗੱਡੀ ਇੱਕ ਝਟਕੇ ਨਾਲ ਰੁੱਕੀ। ਬਾਹਰ ਦੇਖਿਆ ਤਾਂ ਇਹ ਉਹੀ ਬਾਦਾਮੀ ਬਾਗ ਰੇਲਵੇ ਸਟੇਸ਼ਨ ਸੀ ਜਿੱਥੇ ਯਾਦਾਂ ਦੇ ਘੋੜੇ ਤੇ ਸਵਾਰ ਹੋ ਕੇ ਪੁੱਜ ਚੁੱਕਾ ਸਾਂ।

ਉਹੀ ਸਾਈਡ ਲਾਈਨ ਸੀ ਜਿੱਥੇ ਮਾਲ ਗੱਡੀ ਖੜ੍ਹੀ ਸੀ ਤੇ ਜਿੱਥੇ ਪੂਰੇ ਦੋ ਦਿਨ ਦੋ ਰਾਤਾਂ ਮੌਤ ਨੂੰ ਬਹੁਤ ਨੇੜਿਓਂ ਵੇਖਿਆ ਸੀ।

ਗੱਡੀ ਦਾ ਕਰਾਸ ਸੀ ਤੇ ਗੱਡੀ ਕਾਫੀ ਦੇਰ ਉਥੇ ਖੜ੍ਹੀ ਰਹੀ।

ਮੈਂ ਕਵੀ ਜੀ ਨੂੰ ਸਾਰੀ ਵਿੱਥਿਆ ਸੁਣਾਈ। ਮੈਨੂੰ ਯਾਦ ਆਇਆ। ਸਟੇਸ਼ਨ ਤੋਂ ਬਾਹਰ ਲੋਕੀਂ ਛੁਰਿਆਂ ਬਰਛਿਆਂ ਡਾਂਗਾਂ ਸੋਟੇ ਲਈ ਖੜ੍ਹੇ ਸਨ, ਤੇ ਸਟੇਸ਼ਨ ਮਾਸਟਰ ਨੂੰ ਦਰਵਾਜਾ ਖੋਲ੍ਹਣ ਲਈ ਮਜ਼ਬੂਰ ਕਰ ਰਹੇ ਸਨ। ਉਡੀਕ ਸਿਰਫ਼ ਏਸ ਗੱਲ ਦੀ ਸੀ ਕਿ ਜੇ ਭਾਰਤ ਵਿਚੋਂ ਮਜ਼ਲੂਮ ਲੋਕਾਂ ਦੀ ਗੱਡੀ ਵੱਢੀ ਕੱਟੀ ਆਈ ਤਾਂ ਇਸ ਨੂੰ ਵੀ ਵੱਢ ਕੇ ਕੱਟ ਕੇ ਭੇਜਿਆ ਜਾਵੇਗਾ। ਜੇ ਸਹੀ ਸਲਾਮਤ ਆਈ ਤਾਂ ਸ਼ਾਇਦ ਇਸ ਗੱਡੀ ਦੇ ਲੋਕ ਬਚ ਜਾਣ।

ਕੋਈ ਗਿਆਰਾਂ ਵਜੇ ਦੇ ਕਰੀਬ ਇੱਕ ਫੌਜੀ ਅਫਸਰ ਪਤਾ ਨਹੀਂ ਕਿਥੋਂ ਸਾਡੀ ਚੰਗੀ ਕਿਸਮਤ ਨੂੰ ਆ ਗਿਆ। ਉਸਦੇ ਨਾਲ ਦਸ ਬਾਰਾਂ ਸਿਪਾਹੀ ਸਨ। ਉਹ ਹਥਿਆਰਾਂ ਨਾਲ ਲੈਸ ਆਏ ਤੇ ਆਉਂਦੇ ਹੀ ਰੇਲਵੇ ਕ੍ਰਾਸਿੰਗ ਪੁਲ ਤੇ ਚੜ੍ਹ ਗਏ। ਸਾਰੀ ਗੱਡੀ ਵਿੱਚ ਖਲਬਲੀ ਮੱਚ ਗਈ ਕਿ ਇਹ ਹਥਿਆਰਬੰਦ ਫੌਜੀ ਸਾਡੀ ਮੌਤ ਦੇ ਫਰਿਸ਼ਤੇ ਬਣਕੇ ਆਏ ਹਨ। ਬੱਕਰਾ ਜਿਵੇਂ ਮੌਤ ਨੂੰ ਵੇਖ ਕੇ ਮਮਿਆਂਦਾ ਏ। ਸਾਰੇ ਲੋਕ ਇਸ ਤਰ੍ਹਾਂ ਮੌਤ ਨੂੰ ਨੇੜਿਓਂ ਵੇਖ ਕੇ ਚੀਖ ਚਿਹਾੜਾ ਪਾ ਰਹੇ ਸਨ।

ਪਰ ਉਸ ਫੌਜੀ ਅਫਸਰ ਨੇ ਉਚੀ ਆਵਾਜ਼ ਵਿੱਚ ਆਖਿਆ ਸਾਡੇ ਵੱਲ ਮੂੰਹ ਕਰਕੇ 'ਤੁਮ ਲੋਗ ਆਰਾਮ ਸੇ ਬੈਠੋ ਮੈਂ ਆਪ ਕੋ ਮਾਰਨੇ ਨਹੀਂ ਬਚਾਨੇ ਆਇਆਂ ਹੂੰ।' ਲੋਕ ਹੈਰਾਨ ਹੋ ਕੇ ਕੁੱਝ ਸ਼ਾਂਤ ਹੋਏ। ਆਪਸ ਵਿੱਚ ਖੁਸਰ ਪੁਸਰ

ਕਰ ਰਹੇ ਸਨ। 'ਸਾਨੂੰ ਹੁਣ ਕੌਣ ਬਚਾ ਸਕਦਾ ਏ ਭਲਾ।'

ਫੌਜੀਆਂ ਨੇ ਪੁਲ ਤੇ ਹੀ ਮੋਰਚਾ ਸੰਭਾਲ ਲਿਆ। ਸਟੇਸ਼ਨ ਮਾਸਟਰ ਨੂੰ ਬਾਹਰ ਖੜ੍ਹੇ ਲੋਕਾਂ ਨੇ ਦਰਵਾਜਾ ਖੋਲ੍ਹਣ ਲਈ ਮਜ਼ਬੂਰ ਕਰ ਦਿੱਤਾ। ਉਹ ਚਾਬੀਆਂ ਲੈ ਕੇ ਮੇਨ ਗੇਟ ਖੋਲ੍ਹਣ ਲਈ ਚੱਲ ਪਿਆ।

ਫੌਜੀ ਅਫਸਰ ਨੇ ਉਚੀ ਆਵਾਜ਼ ਵਿੱਚ ਆਖਿਆ ਜਿਵੇਂ ਬੱਦਲ ਕੜਕ ਰਿਹਾ ਹੋਵੇ, 'ਦਰਵਾਜਾ ਮਤ ਖੋਲ੍ਹਣਾ ਨਹੀਂ ਤੋ ਗੋਲੀ ਆਏਗੀ।'

ਪਰ ਸਟੇਸ਼ਨ ਮਾਸਟਰ ਨਹੀਂ ਰੁਕਿਆ ਤੇ ਉਸ ਨੇ ਤਾਲੇ ਨੂੰ ਚਾਬੀ ਲਾ ਦਿੱਤੀ। ਠਾਹ ਕਰਦੀ ਗੋਲੀ ਉਸਦੀ ਪਿੱਠ ਤੇ ਲੱਗੀ ਤੇ ਫਾਇਰਿੰਗ ਸ਼ੁਰੂ ਹੋ ਗਈ। ਸਟੇਸ਼ਨ ਦੇ ਬਾਹਰ ਅਫ਼ਰਾ ਤਫ਼ਰੀ ਮੱਚ ਗਈ। ਮਾਰਨ ਆਏ ਲੋਕ ਆਪ ਮਰਨੋਂ ਬਚਣ ਲਈ ਭੱਜਣ ਨੱਸਣ ਲੱਗ ਪਏ। ਸਟੇਸ਼ਨ ਮਾਸਟਰ ਵਿਚਾਰਾ ਉਥੇ ਹੀ ਢੇਰ ਹੋ ਗਿਆ।

ਫੌਜੀ ਅਫਸਰ ਕੁੱਝ ਸਿਪਾਹੀਆਂ ਨੂੰ ਉਥੇ ਛੱਡ ਕੇ ਲੋਕੋ ਸ਼ੈਡ ਵਿੱਚ ਗਿਆ। ਲੋਕੋ ਸ਼ੈਡ ਵਾਲੇ ਇੰਜਨ ਲਿਆਉਣ ਲਈ ਤਿਆਰ ਨਹੀਂ ਸਨ। ਪਰ ਗੋਲੀ ਤੋਂ ਡਰਦੇ ਕੀ ਨਾ ਕਰਦੇ। ਇੰਜਨ ਵਿੱਚ ਕੋਲਾ ਵਗੈਰਾ ਪਾ ਕੇ ਲੈ ਆਏ। ਪਰ ਇਹ ਇੰਜਨ ਉਸ ਨੂੰ ਖਿੱਚ ਨਹੀਂ ਸਕਿਆ ਤੇ ਦੂਸਰਾ ਇੰਜਨ ਵੀ ਆ ਗਿਆ।

ਖ਼ੈਰ ਇਹ ਗੱਡੀ ਹੌਲੀ ਹੌਲੀ ਚੱਲ ਪਈ ਤੇ ਸਾਡੀ ਜਿੰਦਗੀ ਦੀ ਕੁੱਝ ਆਸ ਬੱਝੀ।

ਪਰ ਮੁਗਲ ਪੁਰੇ ਆ ਕੇ ਗੱਡੀ ਫੇਰ ਖਲੋ ਗਈ। ਗੱਡੀ ਨੂੰ ਖਲੋਤਿਆਂ ਵੇਖ ਕੇ ਲੋਕ ਫੇਰ ਇੱਕਠੇ ਹੋਣੇ ਸ਼ੁਰੂ ਹੋ ਗਏ ਤੇ ਇੱਟਾਂ ਪੱਥਰ ਸਾਨੂੰ ਮਾਰਨ ਲੱਗ ਪਏ। ਮੌਤ ਦੂਰ ਜਾਂਦੀ ਜਾਂਦੀ ਫੇਰ ਮੁੜ ਆਈ ਜਾਪਦੀ ਸੀ।

ਓਹੋ ਫੌਜੀ ਅਫਸਰ ਆਪਣੀ ਫੌਜੀ ਗੱਡੀ ਲੈ ਕੇ ਫਿਰ ਆ ਗਿਆ ਤੇ ਹਵਾਈ ਫਾਇਰਿੰਗ ਸ਼ੁਰੂ ਕਰ ਦਿੱਤੀ। ਮਾਰਨ ਆਏ ਲੋਕ ਖਿੰਡ ਪੁੰਡ ਗਏ। ਅਫਸਰ ਨੇ ਇੰਜਨ ਡਰਾਈਵਰ ਨੂੰ ਗੱਡੀ ਚਲਾਉਣ ਲਈ ਕਿਹਾ। ਉਹਨਾਂ ਦਾ ਕਹਿਣਾ ਸੀ ਕਿ ਹਿੰਦੁਸਤਾਨ ਗਿਆਂ ਸਾਨੂੰ ਮਾਰ ਦਿੱਤਾ ਜਾਵੇਗਾ। ਅੱਗੋਂ ਜਵਾਬ ਮਿਲਿਆ ਕਿ 'ਜੇ ਤੁਸੀਂ ਨਾ ਚੱਲੇ ਤਾਂ ਤੁਹਾਨੂੰ ਪਾਕਿਸਤਾਨ ਵਿੱਚ ਹੀ ਮਾਰ ਮੁਕਾ ਦਿਆਂਗਾ।'

ਡਰਦੇ ਕੀ ਨਾ ਕਰਦੇ। ਮਜ਼ਬੂਰਨ ਉਹਨਾਂ ਨੂੰ ਗੱਡੀ ਤੋਰਨੀ ਹੀ ਪਈ। 'ਕੁਫ਼ਰ ਟੁੱਟਾ ਖੁਦਾ ਖੁਦਾ ਕਰਕੇ' ਅਸੀਂ ਏਸ ਤਰ੍ਹਾਂ ਵਾਹਘਾ ਬਾਰਡਰ ਆ ਹੀ ਪੁੱਜੇ। ਸਾਨੂੰ ਯਕੀਨ ਨਹੀਂ ਸੀ ਹੋ ਰਿਹਾ ਕਿ ਅਸੀਂ ਜਿੰਦਾ ਹਾਂ। ਅਟਾਰੀ ਸਟੇਸ਼ਨ ਤੇ ਇਲਾਕੇ ਦੇ ਲੋਕ ਸਾਡੇ ਲਈ ਲੰਗਰ ਪਾਣੀ ਲੱਸੀ ਦੁੱਧ ਲੈ ਕੇ ਆਏ ਹੋਏ ਸਨ।

ਕਵੀ ਜੀ ਨੂੰ ਮੈਂ ਦੱਸ ਰਿਹਾ ਸਾਂ ਕਿ ਉਸ ਗੱਡੀ ਵਿੱਚ ਭੁੱਖ ਤੇ ਪਿਆਸ ਦਾ ਵੱਡਾ ਝਟਕਾ ਲੋਕ ਸਹਿ ਨਾ ਸਕੇ। ਇੱਕ ਸਾਲ ਤੋਂ ਛੋਟੇ ਬੱਚੇ ਕੁੱਝ ਉਥੇ ਮਰ ਗਏ ਕੁੱਝ ਬਾਅਦ ਵਿੱਚ ਖਤਮ ਹੋ ਗਏ। ਬਿਮਾਰ ਤਾਂ ਕਰੀਬ ਸਾਰੇ ਹੀ ਹੋ ਗਏ।

ਰਾਵਲਪਿੰਡੀ ਨੂੰ ਜਾਣ ਵਾਲੀ ਗੱਡੀ ਲੰਘ ਚੁੱਕੀ ਸੀ। ਸਾਡੀ ਗੱਡੀ ਦੇ ਇੰਜਨ ਨੇ ਵੀ ਚੀਕ ਮਾਰੀ ਤੇ ਲਾਹੌਰ ਵੱਲ ਨੂੰ ਚੱਲ ਪਈ।

ਲਾਹੌਰ ਸਟੇਸ਼ਨ ਤੇ ਆ ਕੇ ਅਸੀਂ ਪਲੇਟ ਫਾਰਮ ਤੇ ਟਹਿਲਣ ਲੱਗ ਪਏ। ਹਰਬੰਸ ਪੁਰੇ ਕਵੀ ਜੀ ਦੇ ਦੋਸਤ ਕੋਲ ਜਾਣ ਵਾਲੀ ਗੱਡੀ ਵਿੱਚ ਹਾਲੇ ਦੇਰ ਸੀ।

ਇੱਕ ਉਚਾ ਲੰਮਾ ਨੌਜਵਾਨ ਸਾਡੇ ਕੋਲ ਆਇਆ ਤੇ ਕਹਿਣ ਲੱਗਾ, 'ਸੁਣਾਓ ਸਰਦਾਰ ਜੀ, ਅੱਜ ਜੱਥੇ ਤੋਂ ਵੱਖਰੇ ਹੀ ਕਿਧਰ ਜਾ ਰਹੇ ਓ।'

'ਅਸਾਂ ਹਰਬੰਸ ਪੁਰੇ ਜਾਣਾ ਏ ਭਾਈ ਸਾਹਿਬ।' ਕਵੀ ਜੀ ਨੇ ਉਤੱਰ ਦਿੱਤਾ। ਮੈਂ ਤਾਂ ਜਾਪਦਾ ਸੀ ਹੁਣੇ ਹੀ ਮਾਲ ਗੱਡੀ ਵਿਚੋਂ ਉਤਰ ਕੇ ਆਇਆ ਹਾਂ ਜੋ ਬਾਰਡਰ ਪਾਰ ਕਰ ਚੁੱਕੀ ਸੀ। ਯਾਦਾਂ ਦੇ ਘੁੰਮਣ ਘੇਰੇ ਵਿੱਚ ਘੁੰਮ ਰਿਹਾ ਸਾਂ।

'ਸਰਦਾਰ ਜੀ ਹਰਬੰਸ ਪੁਰੇ ਕੌਣ ਏ ਤੁਹਾਡਾ।' ਨੌਜਵਾਨ ਨੇ ਸਵਾਲ ਕੀਤਾ। 'ਮੇਰਾ ਜ਼ਿਗਰੀ ਦੋਸਤ ਮੌਲਵੀ ਸੈਦ ਅਹਿਮਦ ਹੈ ਉਸਨੂੰ ਮਿਲਣ ਜਾਣਾ ਏ। ਵੈਸੇ ਅਸਾਂ ਉਥੇ ਜਾਣ ਦੀ ਪਰਮਿਸ਼ਨ ਲਈ ਹੋਈ ਹੈ।' ਕਵੀ ਜੀ ਨੇ ਉਤੱਰ ਦਿੱਤਾ।

'ਤੁਸਾਂ ਮੈਨੂੰ ਗਲਤ ਸਮਝਿਆ ਏ ਸਰਦਾਰ ਜੀ।' ਨੌਜਵਾਨ ਨੇ ਆਜਜ਼ੀ ਨਾਲ ਕਿਹਾ।

'ਮੈਂ ਤਾਂ ਤੁਹਾਨੂੰ ਵੈਸੇ ਹੀ ਪੁੱਛ ਰਿਹਾਂ। ਮੈਂ ਕਿਸੇ ਸ਼ੱਕ ਦੀ ਨਜ਼ਰੇ ਤੁਹਾਨੂੰ ਨਹੀਂ ਵੇਖ ਰਿਹਾ। ਮੈਂ ਉਸੇ ਟੋਭਾ ਟੇਕ ਸਿੰਘ ਦਾ ਰਹਿਣ ਵਾਲਾ ਹਾਂ। ਜਿਸ ਬਾਰੇ ਕਿਸੇ ਭਾਰਤੀ ਲੇਖਕ ਨੇ ਆਪਣਾ ਨਾਵਲ 'ਟੋਭਾ ਟੇਕ ਸਿੰਘ' ਲਿਖਿਆ ਏ, ਮੈਂ ਉਸ ਨਾਵਲ ਤੋਂ ਬਹੁਤ ਮੁਤਾਸਰ ਹੋਇਆ ਹਾਂ।

'ਹਾਂ ! ਕਵੀ ਜੀ ਨੇ ਕਿਹਾ, ਬਹੁਤ ਵਧੀਆ ਨਾਵਲ ਏ, ਪਰ ਮੈਂ ਤੈਨੂੰ ਹੋਰ ਹੀ ਕੁੱਝ ਸਮਝ ਬੈਠਾ ਸਾਂ ਯਾਰ।'

ਨਹੀਂ ਭਾਜੀ, ਆਪਾਂ ਦੋਹਾਂ ਏਧਰ ਦੇ ਹਿੰਦੂ ਸਿੱਖਾਂ ਤੇ ਓਧਰ ਮੁਸਲਮਾਨਾਂ ਨੇ ਬਹੁਤ ਮਾਰ ਖਾਧੀ ਏ। ਦੇਖੋ ਨਾ ਸਾਨੂੰ ਹਾਲੇ ਤੱਕ ਵੀ ਪਾਕਿਸਤਾਨੀ ਤੇ ਤੁਹਾਨੂੰ ਓਧਰਲੇ ਅਸਲੀ ਹਿੰਦੁਸਤਾਨੀ ਨਹੀਂ ਸਮਝਦੇ। ਮੇਰੇ ਅੱਬਾ ਜਾਨ ਵੀ ਓਥੇ ਹੀ ਜ਼ਾਲਮਾਂ ਹੱਥੋਂ ਮਾਰੇ ਗਏ ਸਨ, ਪਰ ਅਸੀਂ ਕਿਸੇ ਤਰ੍ਹਾਂ ਬਚ ਕੇ ਆ ਗਏ। ਸਾਨੂੰ ਹਾਲੇ ਤੱਕ ਵੀ ਰਫਿਊਜੀ, ਮੁਹਾਜ਼ਰ, ਪਨਾਹ ਗੀਰ ਪਤਾ ਨਹੀਂ ਹੋਰ ਕੀ ਕੀ ਨਾਂ ਲੈ ਕੇ ਸੱਦਦੇ ਹਨ।'

'ਆਹੋ ਯਾਰ' ਕਵੀ ਜੀ ਨੇ ਉਸਦੇ ਮੋਢਿਆਂ ਉਤੇ ਹੱਥ ਰੱਖ ਕੇ ਅਪਣੱਤ ਜ਼ਾਹਿਰ ਕਰਦਿਆਂ ਕਿਹਾ, 'ਸਾਨੂੰ ਮੁਸਲਮਾਨਾਂ ਨਾਲ ਵਟਾਏ ਹੋਏ ਵੀ ਆਖ ਦਿੰਦੇ ਹਨ।'

'ਅੱਛਾ ਫੇਰ ਸਲਾਮ ਹਰਬੰਸਪੁਰੇ ਜਾਣ ਵਾਲਾ ਡੱਬਾ ਆ ਗਿਆ ਏ।' ਮੇਰਾ ਨਾਮ ਡਾ. ਕਾਸਮ ਅਲੀ ਏ 'ਤੁਹਾਡਾ ?'

ਕਵੀ ਜੀ ਨੇ ਆਪਣਾ ਤੇ ਮੇਰਾ ਨਾਂ ਦੱਸਿਆ। ਅਸਾਂ ਵਿਦਾ ਲਈ ਤੇ

ਆਪਣੇ ਡੱਬੇ ਵਿੱਚ ਜਾ ਬੈਠੇ। ਇਹ ਕੱਲਾ ਡੱਬਾ ਹੀ ਲੋਕਲ ਸਵਾਰੀਆਂ ਲਈ ਚੱਲਦਾ ਸੀ। ਜਿਹਨੂੰ ਬਿੱਲੂ ਵੀ ਆਖ ਦਿੰਦੇ ਨੇ।

ਬੜੀ ਭੀੜ ਸੀ ਖ਼ੈਰ ਸਾਨੂੰ ਸੀਟ ਮਿਲ ਹੀ ਗਈ। ਟਿਕਟਾਂ ਅਸਾਂ ਨਨਕਾਣਾ ਸਾਹਿਬ ਤੋਂ ਹੀ ਹਰਬੰਸਪੁਰੇ ਦੀਆਂ ਲੈ ਰੱਖੀਆਂ ਸਨ।

ਡੱਬਾ ਚੱਲ ਪਿਆ ਤੇ ਮੁਗਲਪੁਰਾ ਟੱਪੇ ਹੀ ਸਾਂ ਕਿ ਇੱਕ ਨੌਜਵਾਨ ਮੁੰਡਾ ਸਲਵਾਰ ਕਮੀਜ ਪਹਿਣੀ ਕਾਹਲੀ ਨਾਲ ਆਇਆ ਤੇ ਸਾਨੂੰ ਕਹਿਣ ਲੱਗਾ, 'ਸਰਦਾਰੋ ਕਿਧਰ ਫਿਰਦੇ ਓ, ਆਪਣਾ ਪਾਸਪੋਰਟ ਤੇ ਜ਼ਰਾ ਦਿਖਾਓ।'

ਮੈਂ ਆਪਣਾ ਪਾਸਪੋਰਟ ਦੇ ਕੇ ਉਸਨੂੰ ਆਖਿਆ 'ਅਸੀਂ ਪਰਮਿਸ਼ਨ ਲੈ ਕੇ ਆਏ ਹਾਂ ਭਾਈ ਸਾਹਿਬ।'

'ਹਾਂ ਹੁਣੇ ਪਤਾ ਲੱਗ ਜਾਂਦੈ।'' ਇਹ ਕਹਿੰਦਾ ਹੋਇਆ ਉਹ ਨੌਜਵਾਨ ਪਾਸਪੋਰਟ ਲੈ ਕੇ ਲੋਕਾਂ ਦੀ ਭੀੜ ਵਿੱਚ ਗਾਇਬ ਹੋ ਗਿਆ। ਦੂਸਰੇ ਦੇਸ਼ ਵਿੱਚ ਪਾਸਪੋਰਟ ਉਰਾਂ ਪਰਾਂ ਹੋ ਜਾਣਾ, ਜਾਨ ਹੀ ਉਰਾਂ ਪਰਾਂ ਹੋ ਜਾਣ ਦੇ ਬਰਾਬਰ ਹੈ। ਅਸੀਂ ਬੜੇ ਹੈਰਾਨ ਹੋਏ। ਇਧਰ ਓਧਰ ਦੇਖ ਰਹੇ ਸਾਂ, ਇੱਕ ਸਿਪਾਹੀ ਸਾਡੇ ਕੋਲੋਂ ਦੀ ਲੰਘਿਆ। ਕਵੀ ਜੀ ਨੇ ਉਸਨੂੰ ਸਾਰੀ ਗੱਲ ਦੱਸੀ। ਉਸ ਬੰਦੇ ਦੀ ਨਿਸ਼ਾਨੀ ਵੀ ਦੱਸੀ।

ਸਿਪਾਹੀ ਸਮਝ ਗਿਆ, ਕਹਿਣ ਲੱਗਾ, 'ਉਹ ਤਾਂ ਬਹੁਤ ਵੱਡਾ ਬਦਮਾਸ਼ ਏ। ਤੁਸਾਂ ਬਹੁਤ ਗਲਤੀ ਕੀਤੀ ਏ ਉਹਨੂੰ ਪਾਸਪੋਰਟ ਫੜਾਣ ਵਾਲੀ। ਅੱਛਾ ਮੈਂ ਭਾਲਦਾ ਹਾਂ ਉਸਨੂੰ।' ਤੇ ਉਹ ਡੱਬੇ ਵਿੱਚ ਉਸ ਮੁੰਡੇ ਨੂੰ ਲੱਭਣ ਲਈ ਚਲਾ ਗਿਆ।

ਏਨੇ ਨੂੰ ਡੱਬਾ ਹਰਬੰਸਪੁਰੇ ਸਟੇਸ਼ਨ ਤੇ ਆ ਖੜ੍ਹਾ ਹੋਇਆ। ਅਸੀਂ ਦੋ ਚਿੱਤੇ ਹੋਏ ਬੈਠੇ ਸਾਂ ਕਿ ਡੱਬਾ ਫੇਰ ਚੱਲ ਪਿਆ। ਪਾਸਪੋਰਟ ਬਗੈਰ ਅਸਾਂ ਕਾਹਨੂੰ ਉਤਰਨਾ ਸੀ। ਡੱਬਾ ਸਿਗਨਲ ਪਾਰ ਕਰ ਹੀ ਰਿਹਾ ਸੀ ਕਿ ਉਹ ਸਿਪਾਹੀ ਉਸ ਬੰਦੇ ਨੂੰ ਵਾਲਾਂ ਤੋਂ ਫੜੀ ਧਰੂੰਦਾ ਹੋਇਆ ਸਾਡੇ ਪਾਸ ਲੈ ਆਇਆ। ਸਾਨੂੰ ਪਾਸਪੋਰਟ ਦੁਆਇਆ ਤੇ ਸਾਡੇ ਤੋਂ ਮੁਆਫ਼ੀ ਵੀ ਮੰਗਵਾਈ।

ਉਹੋ ਤੁਸਾਂ ਹਰਬੰਸ ਪੁਰੇ ਉਤਰਨਾ ਸੀ। ਉਹ ਤਾਂ ਲੰਘ ਗਿਆ। ਖ਼ੈਰ ਫ਼ਿਕਰ ਨਾ ਕਰੋ ਕੋਈ ਇੰਤਜ਼ਾਮ ਕਰਦਾ ਹਾਂ। ਉਸ ਨੇ ਝੱਟ ਜੰਜ਼ੀਰ ਖਿੱਚੀ, ਡੱਬਾ ਖਲੋ ਗਿਆ। ਗਾਰਡ ਭੱਜ ਕੇ ਆਇਆ ਤੇ ਹਾਲੇ ਪੁੱਛਣ ਹੀ ਲੱਗਾ ਸੀ ਕਿ ਜੰਜ਼ੀਰ ਕਿਸ ਨੇ ਖਿੱਚੀ ਏ, ਉਸ ਸਿਪਾਹੀ ਨੇ ਕਿਹਾ –

'ਜ਼ਨਾਬ ਜੰਜ਼ੀਰ ਮੈਂ ਖਿੱਚੀ ਏ।' ਤੇ ਸਾਰਾ ਵਾਕਿਆ ਆਖ ਸੁਣਾਇਆ।

'ਹੁਣ ਫਿਰ ਸਟੇਸ਼ਨ ਤਾਂ ਬਹੁਤ ਦੂਰ ਰਹਿ ਗਿਆ ਏ।' ਗਾਰਡ ਕਹਿਣ ਲੱਗਾ।

ਕੋਈ ਗੱਲ ਨਹੀਂ ਇਹ ਸਰਦਾਰ ਸਾਡੇ ਮਹਿਮਾਨ ਨੇ। ਇਹਨਾਂ ਨੂੰ ਤਕਲੀਫ਼ ਨਹੀਂ ਹੋਣੀ ਚਾਹੀਦੀ। ਪੰਜ ਮਿੰਟ ਲੱਗਣਗੇ, ਡੱਬਾ ਵਾਪਸ ਹਰਬੰਸ ਪੂਰੇ ਤੇ ਲੈ ਚੱਲੋ। ਸਿਪਾਹੀ ਨੇ ਬੜੇ ਮਿਹਰਬਾਨ ਅੰਦਾਜ਼ ਵਿੱਚ ਆਖਿਆ। ਅਸੀਂ ਹੈਰਾਨ

ਉਹਨਾਂ ਦੀਆਂ ਗੱਲਾਂ ਸੁਣ ਰਹੇ ਸਾਂ ਤੇ ਸੋਚ ਰਹੇ ਸਾਂ ਕਿ ਇੱਕ ਹੀ ਧਰਤੀ ਤੇ ਵੱਖ ਵੱਖ ਕਿਸਮ ਦੇ ਬੰਦੇ ਰਹਿੰਦੇ ਹਨ।

ਟੋਭਾ ਟੇਕ ਸਿੰਘ ਵਾਲੇ ਡਾ. ਕਾਸਮ ਵਰਗੇ ਵੀ ਤੇ ਪਾਸਪੋਰਟ ਖੋਹਣ ਵਾਲੇ ਵਰਗੇ ਵੀ। ਇਹ ਸਿਪਾਹੀ ਵੀ ਤਾਂ ਏਥੇ ਦਾ ਹੀ ਹੈ ਜਿਸ ਨੇ ਸਾਡੀ ਹੱਦੋਂ ਵੱਧ ਮਦਦ ਕੀਤੀ ਏ।

ਡੱਬਾ ਵਾਪਸ ਮੁੜਿਆ ਕਿਉਂ ਜੁ ਇਹ ਡੱਬਾ ਪੁੱਠਾ ਸਿੱਧਾ ਤੁਰ ਪੈਣ ਵਾਲਾ ਸੀ। ਅਸਾਂ ਸਿਪਾਹੀ ਦਾ ਸ਼ੁਕਰੀਆ ਅਦਾ ਕੀਤਾ। ਕਵੀ ਜੀ ਨੇ ਬਹੁਤ ਚੰਗੀ ਆਦਤ ਕਾਰਨ ਉਸ ਬੰਦੇ ਨੂੰ ਜੱਫੀ ਵਿੱਚ ਲੈ ਲਿਆ ਤੇ ਸਿਪਾਹੀ ਨੂੰ ਕਿਹਾ ਕਿ ਮੁਆਫ਼ ਕਰ ਦਿਓ ਇਸਨੂੰ ਵੀ, ਗਲਤੀ ਹਰ ਇਨਸਾਨ ਤੋਂ ਹੋ ਜਾਂਦੀ ਹੈ।

ਅਸੀਂ ਹਰਬੰਸ ਪੁਰੇ ਸਟੇਸ਼ਨ 'ਤੇ ਉਤਰੇ। ਲੋਕ ਹੈਰਾਨ ਹੋਏ ਸਾਡੇ ਵੱਲ ਵੇਖ ਰਹੇ ਸਨ ਕਿ ਡੱਬਾ ਇਹਨਾਂ ਦੋ ਆਦਮੀਆਂ ਲਈ ਵਾਪਸ ਆਇਆ ਹੈ।

ਸਟੇਸ਼ਨ ਤੋਂ ਬਾਹਰ ਆ ਕੇ ਅਸੀਂ ਹਰਬੰਸਪੁਰੇ ਦੇ ਰਾਹ ਤੁਰ ਪਏ। ਰਾਹ ਵਿੱਚ ਇੱਕ ਛੋਟਾ ਜਿਹਾ ਪਿੰਡ ਹੋਰ ਵੀ ਪੈਂਦਾ ਸੀ। ਅਸੀਂ ਉਹ ਪਿੰਡ ਪਾਰ ਕਰ ਰਹੇ ਸਾਂ। ਦੂਰੋਂ ਸਾਨੂੰ ਦੋ ਔਰਤਾਂ ਆਉਂਦੀਆਂ ਨਜ਼ਰ ਆਈਆਂ। ਇਕ ਔਰਤ ਤਾਂ ਜ਼ਰਾ ਵਡੇਰੀ ਸੀ ਪਰ ਦੂਸਰੀ ਜਵਾਨ ਲੜਕੀ ਜਾਪਦੀ ਸੀ, ਜਿਵੇਂ ਦੋਵੇਂ ਮਾਵਾਂ ਧੀਆਂ ਹੋਣ।

ਦੋਵੇਂ ਬੀਬੀਆਂ ਜਦੋਂ ਸਾਡੇ ਕੋਲੋਂ ਲੰਘਣ ਲੱਗੀਆਂ ਤਾਂ ਉਹਨਾਂ ਵਿਚੋਂ ਵਡੇਰੀ ਨੇ ਕਵੀ ਜੀ ਵੱਲ ਗਹੁ ਨਾਲ ਵੇਖਿਆ, ਕੁੱਝ ਪਛਾਣ ਕੇ ਉਹ ਤਾਂ ਕਵੀ ਜੀ ਦੇ ਗਲ ਲੱਗ ਕੇ ਉਚੀ ਉਚੀ ਰੋਣ ਲੱਗ ਪਈ। ਮੈਂ ਹੈਰਾਨ ਪਰੇਸ਼ਾਨ ਵੇਖ ਰਿਹਾ ਸੀ। ਉਹ ਦੂਸਰੀ ਬੀਬੀ ਵੀ।

ਵੱਡੀ ਬੀਬੀ ਕਹਿ ਰਹੀ ਸੀ, 'ਭਰਾ ਜੀ ਇਹ ਕੀ ਬਣਿਆ, ਕਹਿੰਦੇ ਨੇ ਨਹੁੰਆਂ ਤੋਂ ਮਾਸ ਅਲੱਗ ਨਹੀਂ ਹੁੰਦਾ। ਇਹ ਉਂਗਲਾਂ ਹੀ ਵੱਢੀਆਂ ਗਈਆਂ ਨੇ, ਵੇ ਜ਼ਾਲਮ ਲੀਡਰੋ ! ਕੀ ਕੀਤਾ ਜੇ ਭਰਾ ਭਰਾਵਾਂ ਨਾਲੋਂ ਤੇ ਮੇਰੇ ਵਰਗੀਆਂ ਭੈਣਾਂ ਭਰਾਵਾਂ ਤੋਂ ਵਿਛੜ ਗਈਆਂ ਨੇ, ਤੁਹਾਡਾ ਕਿਸ ਤਰ੍ਹਾਂ ਭਲਾ ਹੋਵੇਗਾ। ਸ਼ੁਕਰ ਏ ਅੱਲ੍ਹਾ ਪਾਕ ਦਾ ਜੋ ਜੀਂਦੇ ਜੀਅ ਮੇਰੇ ਵੀਰ ਦਾ ਦੀਦਾਰ ਹੋ ਗਿਆ। ਫਿਰ ਕਵੀ ਜੀ ਨੇ ਮੈਨੂੰ ਹੈਰਾਨ ਹੋ ਕੇ ਕਿਹਾ, ਇਹ ਮੇਰੀ ਧਰਮ ਭੈਣ ਬੀਬੀ ਅਜ਼ੀਜ਼ ਏ ਤੇ ਅਸੀਂ ਇਹਨਾਂ ਦੇ ਹੀ ਘਰ ਜਾ ਰਹੇ ਹਾਂ। ਇਹ ਕੁੜੀ ਜੇ ਮੈਂ ਭੁਲਦਾ ਨਹੀਂ ਤਾਂ ਇਹਦੀ ਧੀ ਤੇ ਮੇਰੀ ਭਾਣਜੀ ਅਸ਼ਰਫ਼ ਏ। ਇਹ ਬਹੁਤ ਛੋਟੀ ਸੀ ਜਦੋਂ ਅਸੀਂ ਵਿਛੜੇ ਸਾਂ। ਕਵੀ ਜੀ ਨੇ ਅਸ਼ਰਫ਼ ਨੂੰ ਗਲਵਕੜੀ ਵਿੱਚ ਲੈਂਦਿਆਂ ਕਿਹਾ।

'ਹਾਂ ਮਾਮਾ ਕਵੀ ਜੀ ਮੈਂ ਹੀ ਅਸ਼ਰਫ਼ ਹਾਂ ਤੁਹਾਡੀ ਭਣੇਵੀ। ਬਚਪਨ ਦਾ ਤੁਹਾਡਾ ਪਿਆਰ ਮੈਨੂੰ ਜ਼ਿੰਦਗੀ ਭਰ ਨਹੀਂ ਭੁੱਲਣਾ।'

ਅਸ਼ਰਫ਼ ਦੀਆਂ ਅੱਖਾਂ ਵਿੱਚ ਅੱਥਰੂ ਸਨ। ਬੁਲ੍ਹ ਵੀ ਫਰਕ ਰਹੇ ਸਨ।

'ਵੇ ਵੀਰ ! ਰੱਬ ਤੈਨੂੰ ਮੇਰੀ ਵੀ ਉਮਰ ਲਾ ਦੇਵੇ, ਕਿਥੋਂ ਅੱਜ ਚੰਨ ਚੜ੍ਹ ਪਿਆ ਏ, ਮੁਬਾਰਕ ਹੋਵੇ ਇਹ ਦਿਨ।' ਬੀਬੀ ਅਜ਼ੀਜ਼ ਡੁਸਕਦੀ ਹੋਈ ਕਹਿ ਰਹੀ ਸੀ।

'ਏਸ ਬੰਦੇ ਦੀ ਹੀ ਹਿੰਮਤ ਏ ਭੈਣਾਂ ਤੁਹਾਡਾ ਦਰਸ਼ਨ ਕਰਾ ਦਿੱਤਾ ਏ। ਇਸਦੇ ਉਦੱਮ ਨਾਲ ਹੀ ਅਸੀਂ ਤੁਹਾਡੇ ਕੋਲ ਪਹੁੰਚ ਸਕੇ ਹਾਂ। ਇਹਦਾ ਨਾਂ ਅਮਰੀਕ ਸਿੰਘ ਏ ਤੇ ਅਸੀਂ ਕੱਠੇ ਹੀ ਰਹਿੰਦੇ ਹਾਂ।' ਕਵੀ ਜੀ ਨੇ ਮੇਰੇ ਵੱਲ ਇਸ਼ਾਰਾ ਕਰ ਰਹੀਆਂ ਦੋਹਾਂ ਮਾਵਾਂ ਧੀਆਂ ਨੂੰ ਦੱਸਿਆ।

ਕਵੀ ਜੀ ਨੇ ਗੱਲ ਜਾਰੀ ਰੱਖਦਿਆਂ ਪੁੱਛਿਆ, 'ਮੌਲਵੀ ਸਾਹਿਬ ਦਾ ਕੀ ਹਾਲ ਏ ? ਸਾਰੇ ਟੱਬਰ ਵਾਲੇ ਠੀਕ ਹਨ ? ਤੁਸੀਂ ਕਿੱਥੇ ਚੱਲੇ ਓ, ਜਾਓ ਹੋ ਆਓ।'

'ਨਹੀਂ ਵੀਰ, ਹੁਣ ਕਿਤੇ ਨਹੀਂ ਜਾਣਾ, ਖੁਦਾ ਨੇ ਐਸੀ ਦੀਦਾਰ ਦੀ ਦਵਾਈ ਦਿੱਤੀ ਏ ਮੈਂ ਬਿਲਕੁਲ ਠੀਕ ਹਾਂ, ਕੋਈ ਦੁੱਖ ਨਹੀਂ ਰਿਹਾ। ਕਈ ਦਿਨਾਂ ਦੀ ਬਿਮਾਰ ਮੰਜੀ ਨਾਲ ਮੰਜੀ ਹੋਈ ਪਈ ਸਾਂ, ਤੁਸੀਂ ਮਿਲ ਗਏ ਹੋ ਸਭ ਦੁੱਖ ਦੂਰ ਹੋ ਗਏ ਨੇ। ਹੁਣ ਅਸੀ ਵਾਪਸ ਹੀ ਚੱਲਾਂਗੀਆਂ।'

ਤੇ ਅਸੀ ਚਾਰੇ ਵਾਪਸ ਤੁਰ ਪਏ, ਰਾਹ 'ਚ ਅਸੀਂ ਕੋਈ ਥੋੜ੍ਹੀਆਂ ਗੱਲਾਂ ਕੀਤੀਆਂ ? ਆਪਣੀਆਂ ਗੱਲਾਂ, ਪਰਵਾਰ ਦੀਆਂ ਗੱਲਾਂ। ਰਾਹ ਦੀਆਂ ਗੱਲਾਂ ਕਿੱਧਰੇ ਮੁਕਣੀਆਂ ਸਨ ? ਪਰ ਹਰਬੰਸ ਪੁਰੇ ਦਾ ਸਫ਼ਰ ਮੁੱਕ ਗਿਆ।

ਪਿੰਡ ਦੇ ਸ਼ੁਰੂ ਵਿੱਚ ਹੀ ਉਹਨਾਂ ਦਾ ਘਰ ਸੀ। ਦੂਰੋਂ ਹੀ ਬੀਬੀ ਅਜ਼ੀਜ਼ ਉਚੀ ਉਚੀ ਆਖਣ ਲੱਗੀ, 'ਆਹ ਦੇਖੋ ਮੇਰੇ ਵੀਰ ਆਏ ਜੇ, ਆਓ ਵੇ ਲੋਕੋ ਅੱਜ ਮੇਰੀ ਕਿਸਮਤ ਖੁਲ੍ਹ ਗਈ।'

'ਵੇ ਅੱਜ ਖੁਦਾ ਦੇ ਫ਼ਜ਼ਲ ਨਾਲ ਮੇਰੇ ਦੋ ਵੀਰ ਆਏ ਭਾਰਤ ਵਿਚੋਂ। ਵੇ ਮਨਜ਼ੂਰ, ਵੇ ਸ਼ਾਹਿਦ, ਵੇ ਬਸ਼ੀਰ, ਤੁਹਾਡੇ ਮਾਮੇ ਆਏ ਨੇ।'

ਸੁਣ ਕੇ ਮੌਲਵੀ ਸੈਦ ਅਹਿਮਦ ਤੇ ਸਾਰੇ ਪੁੱਤਰ ਧੀਆਂ ਬਾਹਰ ਆ ਕੇ ਸਾਨੂੰ ਵਾਰੀ ਵਾਰੀ ਗਲੇ ਮਿਲੇ। ਮੀਆਂ ਸੈਦ ਅਹਿਮਦ ਸਾਹਿਬ ਦੀ ਚਿੱਟੀ ਦਾਹੜੀ, ਲੰਮਾ ਕੱਦ, ਦਰਮਿਆਨਾ ਸਰੀਰ ਤੇ ਚਿਹਰਾ ਫਰਿਸ਼ਤਿਆਂ ਵਰਗਾ ਕਵੀ ਜੀ ਨੇ ਜੋ ਕੁੱਝ ਉਹਨਾਂ ਬਾਰੇ ਦੱਸਿਆ ਹੋਇਆ ਸੀ, ਮੈਨੂੰ ਉਸ ਤੋਂ ਵੱਧ ਉਨ੍ਹਾਂ ਦੀ ਸਖ਼ਸ਼ੀਅਤ ਲੱਗ ਰਹੀ ਸੀ।

ਮੰਜੀਆਂ ਡਾਹੀਆਂ, ਅਸੀਂ ਸਾਰੇ ਬਹਿ ਗਏ। ਆਂਢੀ ਗੁਆਂਢੀ ਵੀ ਆ ਕੇ ਸਾਨੂੰ ਮਿਲੇ। ਬਹੁਤ ਗੱਲਾਂ ਕੀਤੀਆਂ, ਬਹੁਤ ਸੁਣੀਆਂ। ਅਸ਼ਰਫ਼ ਉਠ ਕੇ ਚੱਲੀ ਗਈ। ਥੋੜ੍ਹੀ ਦੇਰ ਬਾਅਦ ਕਵੀ ਜੀ ਲਈ ਚਾਹ ਤੇ ਮੇਰੇ ਲਈ ਦੁੱਧ ਦਾ ਗਲਾਸ ਲੈ ਕੇ ਆਈ, ਨਾਲ ਬਿਸਕੁਟ, ਬਰਫੀ, ਨਮਕੀਨ।

ਚਾਹ ਪਾਣੀ ਪੀ ਕੇ ਅਸੀਂ ਫੇਰ ਅੰਦਰ ਜਾ ਬੈਠੇ। ਚੂੰਕਿ ਸੂਰਜ ਡੁੱਬ ਚੁੱਕਾ ਸੀ। ਅਸ਼ਰਫ਼ ਕਹਿਣ ਲੱਗੀ 'ਮਾਮਾ ਜੀ ਮੈਂ ਜ਼ਰਾ ਨਹਾ ਲਵਾਂ, ਨਾਲੇ ਭਾਂਡੇ ਮਾਂਜ

ਲਵਾਂ, ਤੁਹਾਡਾ ਖਾਣਾ ਮੈਂ ਆਪ ਤਿਆਰ ਕਰਨਾ ਏ ਕਿਉਂਕਿ ਤੁਸੀਂ ਬਹੁਤ ਸਫ਼ਾਈ ਪਸੰਦ ਹੋ। ਅੰਮੀ ਤੇ ਅੱਬਾ ਨੇ ਤੁਹਾਡੇ ਬਾਰੇ ਬਹੁਤ ਕੁੱਝ ਦੱਸਿਆ ਹੋਇਆ ਹੈ। ਵੈਸੇ ਤਾਂ ਮਾਮਾ ਜੀ ਪਤਾ ਨਹੀਂ ਤੁਸੀਂ ਮੇਰੇ ਅੰਮੀ ਤੇ ਅੱਬਾ ਜਾਨ 'ਤੇ ਕੀ ਜਾਦੂ ਕੀਤਾ ਹੋਇਆ ਹੈ ਕਿ ਇਹ ਸਫ਼ਾਈ ਦੇ ਸ਼ੈਦਾਈ ਹੋਣ ਦੀ ਹੱਦ ਤੱਕ ਪਹੁੰਚ ਜਾਂਦੇ ਨੇ। ਅਸੀਂ ਗੋਸ਼ਤ ਬਿਲਕੁਲ ਨਹੀਂ ਇਸਤੇਮਾਲ ਕਰਦੇ, ਏਥੋਂ ਤੱਕ ਕਿ ਅੰਡੇ ਵੀ ਨਹੀਂ। ਫੇਰ ਵੀ ਤੁਹਾਡੇ ਸਟੈਂਡਰਡ ਦੀ ਸਫਾਈ ਨਹੀਂ ਹੋਣੀ।'

'ਨਹੀਂ ਬੇਟਾ ਅਸ਼ਰਫ਼, ਤੁਸੀਂ ਤਾਂ ਆਪ ਫਰਿਸ਼ਤਾ ਸੂਰਤ ਤੇ ਸੀਰਤ ਰੱਖਣ ਵਾਲੇ ਇਨਸਾਨ ਹੋ। ਵੈਸੇ ਸਫਾਈ ਤਾਂ ਅਸਲ ਬੰਦਗੀ ਏ। ਗੁਰੂ ਨਾਨਕ ਦੇਵ ਜੀ ਨੇ ਵੀ ਲਿਖਿਆ ਹੈ ਕਿ 'ਸੁੱਚ ਹੋਵੇ ਤਾਂ ਸਚੁ ਪਾਈਏ' ਮਤਲਬ ਹੈ ਕਿ ਸਫ਼ਾਈ ਹੋਵੇ ਤਾਂ ਹੀ ਖੁਦਾ ਨੂੰ ਪਾ ਸਕੀਦਾ ਹੈ।'

ਮੈਂ ਹੈਰਾਨ ਹੋਇਆ ਸਾਰਿਆਂ ਵੱਲ ਵੇਖੀ ਜਾ ਰਿਹਾ ਸਾਂ ਤੇ ਸੋਚ ਰਿਹਾ ਸਾਂ ਕਿ ਚੰਗਿਆਈ ਬੰਦੇ ਦੀ ਤੇ ਖੁਸ਼ਬੂ ਫੁੱਲ ਦੀ ਇਹਦਾ ਕੋਈ ਮਜ਼ਹਬ ਨਹੀਂ, ਕੋਈ ਵਿਤਕਰਾ ਲਈਂ। ਫੁੱਲ ਸਭ ਨੂੰ ਖੁਸ਼ਬੂ ਵੰਡਦਾ ਏ ਤੇ ਚੰਗਾ ਇਨਸਾਨ ਹਰ ਥਾਂ ਚੰਗਿਆਈ ਹੀ ਵੰਡਦਾ ਏ ਸਭ ਨੂੰ। ਕਿਸੇ ਨਾਲ ਵਿਤਕਰਾ ਨਹੀਂ ਕਰਦਾ। ਫੁੱਲ ਬਦਬੂ ਨਹੀਂ ਦਿੰਦਾ ਤੇ ਚੰਗਾ ਆਦਮੀ ਕਦੇ ਬੁਰਾਈ ਨਹੀਂ ਕਰਦਾ।

ਸਾਡੀ ਭਾਣਜੀ ਅਸ਼ਰਫ਼ ਨੇ ਨਹਾ ਕੇ ਸਾਰੇ ਬਰਤਨ ਦੁਬਾਰਾ ਸਾਫ਼ ਕੀਤੇ। ਨਵੇਂ ਕੱਪੜੇ ਪਹਿਣ ਕੇ ਸਾਡਾ ਕੀ ਸਾਰੇ ਟੱਬਰ ਦਾ ਲੰਗਰ ਤਿਆਰ ਕੀਤਾ। ਮੈਂ ਹੈਰਾਨ ਹੋਇਆ, ਉਸ ਨੇ ਕੱਪੜੇ ਵੀ ਸਫੈਦ ਹੀ ਪਾਏ ਹੋਏ ਸਨ। ਪੂਰੀ ਨਾਮਧਾਰਨ ਜਾਪ ਰਹੀ ਸੀ।

ਲੰਗਰ ਛੱਕਣ ਲਈ ਅਸੀ ਸਾਰੇ ਕੱਠੇ ਹੀ ਸਫ਼ ਤੇ ਬੈਠ ਗਏ। ਬੀਬੀ ਅਜ਼ੀਜ਼ ਭਾਂਡਿਆਂ ਵਿੱਚ ਪਾ ਪਾ ਕੇ ਦੇ ਰਹੀ ਸੀ ਤੇ ਅਸ਼ਰਫ਼ ਸਾਰਿਆਂ ਨੂੰ ਥਾਲੀਆਂ ਫੜਾ ਰਹੀ ਸੀ।

ਟੀਂਡਿਆਂ ਦੀ ਸਬਜ਼ੀ, ਗੰਗਾ ਜਮਨੀ ਦਾਲ, ਕੂਲੇ ਫੁਲਕੇ, ਸਲਾਦ ਸਭ ਕੁੱਝ ਸਵਾਦ ਲਾ ਲਾ ਕੇ ਅਸਾਂ ਖਾਣਾ ਖਾਧਾ। ਖਾਣੇ ਤੋਂ ਬਾਅਦ ਕੜਾਹ ਪਰਸ਼ਾਦ ਦੀਆਂ ਪਲੇਟਾਂ ਆ ਗਈਆਂ। ਮੈਂ ਹੈਰਾਨ ਹੋਇਆ ਪਰਸ਼ਾਦ ਛੱਕਿਆ ਜਿਵੇਂ ਸ੍ਰੀ ਭੈਣੀ ਸਾਹਿਬ ਤੋਂ ਬਣਕੇ ਆਇਆ ਹੋਵੇ। ਦਾਲ ਬਾਰੇ ਤਾਂ ਪੁੱਛੋ ਹੀ ਨਾ, ਇਹ ਉਹ ਦਾਲ ਸੀ ਜਿਸ ਬਾਰੇ ਮੇਰੇ ਦਾਦਾ ਜੀ ਸੰਤ ਈਸ਼ਰ ਸਿੰਘ ਜੀ ਕਿਹਾ ਕਰਦੇ ਸਨ ਕਿ ਕੂਕਿਆਂ ਦੀ ਦਾਲ ਤੇ ਢੋਲਕੀ ਨੇ ਹੀ ਲੋਕਾਂ ਨੂੰ ਕੂਕੇ ਬਣਾ ਦਿੱਤਾ ਹੈ। ਅਸ਼ਰਫ਼ ਦੀ ਦਾਲ ਵੀ ਕੁੱਝ ਐਸੀ ਹੀ ਸੀ।

ਬਾਅਦ ਵਿੱਚ ਅਸ਼ਰਫ਼ ਨੇ ਦੱਸਿਆ ਕਿ ਅੰਮੀ ਜਾਨ ਨੇ ਮੈਨੂੰ ਇਹ ਹਲਵਾ ਬਣਾਉਣ ਦੀ ਜਾਚ ਦੱਸੀ। ਸਾਡੇ ਤਾਂ ਲੇਈ ਜਿਹੀ ਬਣਾ ਛੱਡਦੇ ਨੇ ਤੇ ਇਸ ਹਲਵੇ ਦੀ ਜਾਚ ਮੇਰੀ ਅੰਮੀ ਨੂੰ ਮਾਮਾ ਜੀ ਨੇ ਹੀ ਦੱਸੀ ਸੀ। ਇੱਕ ਵਾਰੀ ਇਹ ਡੱਫਰਕੇ

ਗਏ ਸਨ ਤੇ ਕਿਸੇ ਢੰਗ ਤੋਂ ਅੰਮੀ ਜੀ ਨੇ ਇਹ ਹਲਵਾ ਖਾ ਕੇ ਕਵੀ ਜੀ ਤੋਂ ਇਸ ਤਰ੍ਹਾਂ ਦਾ ਹਲਵਾ ਬਣਾਉਣ ਦੀ ਜਾਚ ਸਿਖੀ ਸੀ।

'ਦਾਲ ਸਬਜ਼ੀ ਵਿੱਚ ਮਿਰਚਾਂ ਲੂਣ ਸਾਡੇ ਨਾਲੋਂ ਵੀ ਘੱਟ ਸੀ।' ਹਮੇਸ਼ਾ ਏਸ ਤਰ੍ਹਾਂ ਹੀ ਖਾਂਦੇ ਹੋ ?' ਮੈਂ ਪੁੱਛਿਆ।

'ਹਾਂ ਜੀ, ਇਹ ਵੀ ਪਿਆਰੇ ਕਵੀ ਜੀ ਦੀ ਹੀ ਦੇਣ ਹੈ। ਅਸੀਂ ਮਿਰਚਾਂ ਬਹੁਤ ਖਾਂਦੇ ਸਾਂ। ਇਹਨਾਂ ਨੇ ਹੀ ਸਾਨੂੰ ਦੱਸਿਆ ਕਿ ਮਿਰਚਾਂ ਖਾਣੀਆਂ ਸਿਹਤ ਵਾਸਤੇ ਠੀਕ ਨਹੀਂ ਨਾਲੇ ਜੇ ਮੈਨੂੰ ਖਾਣਾ ਖੁਆਣਾ ਹੈ ਤਾਂ ਮਿਰਚਾਂ ਅਸਲੋਂ ਘੱਟ ਪਾਇਆ ਕਰੋ। ਸੋ ਅਸਾਂ ਮਿਰਚਾਂ ਕਰੀਬਨ ਛੱਡ ਹੀ ਦਿੱਤੀਆਂ ਤੇ ਸੱਚ ਜਾਣਿਓ ਅਸੀਂ ਸਾਡੇ ਭਾਈਚਾਰੇ ਨਾਲੋਂ ਬਹੁਤ ਘੱਟ ਬਿਮਾਰ ਹੁੰਦੇ ਹਾਂ। ਇਹ ਸਭ ਅੱਲ੍ਹਾ ਦਾ ਫ਼ਜ਼ਲ ਹੈ ਤੇ ਪਿਆਰੇ ਕਵੀ ਜੀ ਦੀ ਮਿਹਰਬਾਨੀ ਹੈ।

'ਹਾਂ ਭੈਣ ਮੈਨੂੰ ਵੀ ਜਿਊਣ ਦੇ ਬਹੁਤ ਚੰਗੇ ਢੰਗ ਇਹਨਾਂ ਨੇ ਹੀ ਦੱਸੇ ਨੇ। ਮਾਪਿਆਂ ਤਾਂ ਸਾਨੂੰ ਪਾਲਿਆ ਹੀ ਹੈ, ਇਹਨਾਂ ਵੀ ਬਹੁਤ ਕੁੱਝ ਦੱਸਿਆ ਹੈ। ਪਰ ਚੰਗੇ ਜੀਣ ਦੇ ਢੰਗ ਤੇ ਬਰੀਕੀਆਂ ਇਹਨਾਂ ਹੀ ਦੱਸੀਆਂ ਨੇ।' ਮੈਂ ਭੈਣ ਅਜ਼ੀਜ਼ ਨੂੰ ਮੁਖਾਤਬ ਹੋਇਆ।

ਕਵੀ ਜੀ ਨੇ ਮੇਰੇ ਮੂੰਹ ਅੱਗੇ ਹੱਥ ਧਰ ਲਿਆ ਤੇ ਕਿਹਾ ਕਿ 'ਇਹ ਵੀ ਸਿਖਣ ਵਾਲੀ ਗੱਲ ਏ ਕਿ ਕਿਸੇ ਨੂੰ ਉਸਦੇ ਮੂੰਹ ਤੇ ਏਨਾ ਨਹੀਂ ਵਡਿਆਣਾ ਚਾਹੀਦਾ। ਇਸ ਤਰ੍ਹਾਂ ਬੰਦੇ ਨੂੰ ਘੁਮੰਡ ਹੋਣ ਦਾ ਖਤਰਾ ਹੋ ਜਾਂਦਾ ਹੈ। ਤੁਹਾਨੂੰ ਮੇਰੀਆਂ ਕੁੱਝ ਗੱਲਾਂ ਪਸੰਦ ਆਈਆਂ ਨੇ ਜੋ ਤੁਹਾਡੇ ਕੰਮ ਆ ਗਈਆਂ ਨੇ ਤਾਂ ਮੈਂ ਵੀ ਆਪਣੇ ਆਪ ਨੂੰ ਵਡਭਾਗਾ ਸਮਝਦਾ ਹਾਂ।'

'ਵੈਸੇ ਮੌਲਵੀ ਸਾਹਿਬ ਤੋਂ ਮੈਂ ਵੀ ਬਹੁਤ ਸਿੱਖਿਆ ਏ, ਨਿੱਮਰਤਾ, ਬਰਦਾਸ਼ਤ ਦੀ ਤਾਕਤ ਤੇ ਆਪਣੇ ਆਪ ਵਿੱਚ ਰਹਿਣਾ। ਇਹ ਸਭ ਇਹਨਾਂ ਦੀ ਹੀ ਸੁਗਾਤ ਹੈ।' ਕਵੀ ਜੀ ਨੇ ਗੱਲ ਜਾਰੀ ਰੱਖੀ।

'ਜਿਹੜੀ ਗੱਲੋਂ ਤੁਸੀਂ ਸਾਨੂੰ ਰੋਕ ਰਹੇ ਹੋ ਉਹੀ ਗੱਲਾਂ ਤੁਸੀਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਨੇ।' ਸੈਦ ਸਾਹਿਬ ਨੇ ਕਵੀ ਜੀ ਨੂੰ ਆਪਣੇ ਮੂੰਹ 'ਤੇ ਸਿਫ਼ਤਾਂ ਕਰਨ ਵਾਲੀ ਗੱਲ ਚੇਤੇ ਕਰਵਾਈ।

ਇਸ ਤਰ੍ਹਾਂ ਰਾਤ 12 ਵਜੇ ਤੱਕ ਗੱਲਾਂ ਚੱਲਦੀਆਂ ਰਹੀਆਂ। ਮੈਂ ਤਾਂ ਸੌਂ ਗਿਆ। ਪਰ ਕਵੀ ਜੀ ਸਮੇਤ ਸਾਰੇ ਪਤਾ ਨਹੀਂ ਕਦੋਂ ਤੱਕ ਦਿਲਾਂ ਦੀਆਂ ਘੁੰਡੀਆਂ ਖੋਲ੍ਹਦੇ ਰਹੇ।

ਮੌਲਵੀ ਸੈਦ ਅਹਿਮਦ ਜੀ ਰਿਟਾਇਰਡ ਟੀਚਰ ਹਨ ਤੇ ਅੱਜ ਕਲ੍ਹ ਆਪਣੇ ਪਿੰਡ ਹੀ ਰਹਿ ਰਹੇ ਹਨ। ਤਿੰਨ ਲੜਕੇ ਆਪਣੇ ਰੁਜ਼ਗਾਰਾਂ ਤੇ ਲੱਗੇ ਹੋਏ ਹਨ। ਅਸ਼ਰਫ਼ ਵਿਆਹੀ ਹੋਈ ਏ, ਇੱਕ ਕਾਕਾ ਹੈ ਪਰ ਆਪਣੇ ਖਾਵੰਦ ਨਾਲ ਕਿਸੇ ਗੱਲੋਂ ਅਣਬਣ ਹੋ ਗਈ ਹੈ ਤੇ ਤਲਾਕ ਲੈ ਲਿਆ ਹੈ। ਖਾਵੰਦ ਬੁਰੀ ਸੋਹਬਤ

ਵਿੱਚ ਪੈ ਕੇ ਇਹਦੇ ਨਾਲ ਅੱਛਾ ਸਲੂਕ ਨਹੀਂ ਸੀ ਕਰਦਾ। ਅਸ਼ਰਫ਼ ਬੜੀ ਅੱਛੀ ਸੂਰਤ ਤੇ ਸੀਰਤ ਵਾਲੀ ਕੁੜੀ ਹੈ। ਹਾਲੇ ਪੇਕੇ ਹੀ ਗੁਜ਼ਾਰਾ ਕਰ ਰਹੀ ਹੈ। ਹੋਰ ਕਿਤੇ ਘਰ ਵਸਾਣ ਦੀ ਸੋਚ ਰਹੇ ਨੇ। ਗੱਲ ਕਈ ਥਾਈਂ ਚੱਲੀ ਨੇ ਪਰ ਕਹਿੰਦੇ ਨੇ 'ਦੁੱਧ ਦਾ ਸੜਿਆ ਲੱਸੀ ਨੂੰ ਫੂਕਾਂ ਮਾਰਦਾ ਏ।' ਕਾਫੀ ਬੋਚ ਬੋਚ ਕੇ ਪੈਰ ਰੱਖ ਰਹੇ ਨੇ। ਇੱਕ ਪੁੱਤਰ ਹਾਲੇ ਲਾਹੌਰ ਬਾਗਬਾਨ ਪੁਰੋ ਪੜ੍ਹਦਾ ਏ ਤੇ ਬੋਰਡਿੰਗ 'ਚ ਹੀ ਰਹਿ ਰਿਹਾ ਏ।

## ਪੰਜਵਾ ਦਿਨ

ਦੂਸਰੇ ਦਿਨ ਅਸਾਂ ਖਾਹਸ਼ ਜ਼ਾਹਰ ਕੀਤੀ ਕਿ ਬੇਟੇ ਜਹਾਂਗੀਰ ਨੂੰ ਜ਼ਰੂਰ ਮਿਲਣਾ ਏ। ਦੂਜੇ ਲੜਕੇ ਕੰਮ ਤੇ ਜਾ ਚੁੱਕੇ ਸਨ ਨਹੀਂ ਤੇ ਉਨ੍ਹਾਂ ਨੂੰ ਨਾਲ ਹੀ ਲੈ ਚੱਲਦੇ। ਮੌਲਵੀ ਸਾਹਿਬ ਬਹੁਤ ਕਮਜ਼ੋਰ ਸਨ ਸੋ ਉਹਨਾਂ ਨੂੰ ਨਾਲ ਜਾਣ ਤੋਂ ਮਨ੍ਹਾ ਕਰ ਦਿੱਤਾ। ਜਹਾਂਗੀਰ ਦਾ ਪਤਾ ਪੁੱਛਕੇ ਅਸੀਂ ਟਾਂਗੇ ਚੜ੍ਹਕੇ ਲਾਹੌਰ ਨੂੰ ਤੁਰ ਪਏ।

ਟਾਂਗਾ ਖੂਬ ਸ਼ਿੰਗਾਰਿਆ ਹੋਇਆ ਸੀ ਤੇ ਘੋੜਾ ਵੀ ਖੂਬ ਪਲਿਆ ਹੋਇਆ ਸੀ। ਟਾਂਗੇ ਵਾਲਾ ਵੀ ਇੱਕ ਨੌਜਵਾਨ, ਜਿਸ ਤੇੜ ਚਾਦਰ ਤੇ ਸਿਰ ਤੇ ਪੱਗ ਬੰਨ੍ਹ ਤੇ ਟੌਰਾ ਰੱਖ ਕੇ ਬੰਨ੍ਹੀ ਹੋਈ ਸੀ।

ਮੈਨੂੰ ਆਪਣੇ ਪਿੰਡ ਲਾਲੇਪੁਰ ਦਾ ਬਰਕਤ ਯਾਦ ਆ ਗਿਆ। ਜਿਸਦਾ ਟਾਂਗਾ, ਘੋੜਾ ਸਭ ਤੋਂ ਵਧੀਆ ਹੁੰਦਾ ਸੀ। ਸਵਾਰੀਆਂ ਉਸਦੇ ਟਾਂਗੇ ਦੀ ਉਡੀਕ ਵਿੱਚ ਪਹਿਲਾਂ ਹੀ ਆ ਬੈਠਦੀਆਂ। ਸਾਡੇ ਪਿੰਡੋਂ (ਲਾਲੇਪੁਰੋਂ) ਕੱਚੀ ਸੜਕ ਗੁਜਰਾਂ ਵਾਲੇ ਜਾਂਦੀ ਸੀ, ਜਿਸ ਤੇ ਆਮ ਕਰਕੇ ਟਾਂਗੇ ਹੀ ਚੱਲਦੇ ਸਨ। ਪਰ ਬਰਕਤ ਦੇ ਟਾਂਗੇ ਦੀ ਕੋਈ ਵਾਰੀ ਨਹੀਂ ਸੀ। ਉਹ ਜਦੋਂ ਟਾਂਗਾ ਲੈ ਕੇ ਆਉਂਦਾ, ਸਵਾਰੀਆਂ ਦੂਸਰੇ ਟਾਂਗੇ ਤੇ ਬੈਠੀਆਂ ਹੋਈਆਂ ਵੀ ਉਤਰ ਕੇ ਬਰਕਤ ਵਾਲੇ ਟਾਂਗੇ ਤੇ ਆ ਬੈਠਦੀਆਂ। ਚੱਲਦੀਆਂ ਤਾਂ ਇੱਕ ਦੋ ਲਾਰੀਆਂ ਵੀ ਸਨ ਪਰ ਲੋਕ ਟਾਂਗਿਆਂ ਤੇ ਹੀ ਜਾਣਾ ਪਸੰਦ ਕਰਦੇ ਸਨ। ਲਾਰੀ ਕੀ ਪਤਾ ਕਿੱਥੇ ਜਾ ਕੇ ਖਰਾਬ ਹੋ ਜਾਏ, ਫਿਰ ਸਵਾਰੀਆਂ ਨੂੰ ਕਿੱਥੋਂ ਤੱਕ ਧੱਕਾ ਲੁਆਉਣਾ ਪਵੇ ਜਾਂ ਤੁਰ ਕੇ ਵੀ ਸ਼ਹਿਰ ਪਹੁੰਚਣਾ ਪਵੇ।

ਲਓ ਸਾਡਾ ਟਾਂਗਾ ਵੀ ਬਾਗਬਾਨ ਪੁਰੇ (ਲਾਹੌਰ) ਦੇ ਉਸ ਸਕੂਲ ਅੱਗੇ ਆ ਖੜ੍ਹਾ ਹੋਇਆ ਜਿੱਥੇ ਸਾਡਾ ਭਣੇਵਾਂ ਜਹਾਂਗੀਰ ਪੜ੍ਹਦਾ ਸੀ। ਟਾਂਗੇ ਤੋਂ ਉਤਰ ਕੇ ਅਸਾਂ ਟਾਂਗੇ ਵਾਲੇ ਨੂੰ ਪੈਸੇ ਦੇਣੇ ਚਾਹੇ ਪਰ ਉਸ ਨੇ ਇਹ ਗੱਲ ਆਖ ਕੇ ਟਾਲ ਦਿੱਤਾ :-

'ਵਾਹ ਸਰਦਾਰ ਜੀ ਤੁਹਾਡੇ ਪਾਸੋਂ ਪੈਸੇ ਲੈਣੇ ਚੰਗਾ ਲੱਗੇਗਾ, ਤੁਸੀਂ ਸਾਡੇ ਮੌਲਵੀ ਸਾਹਿਬ ਦੇ ਪ੍ਰਾਹੁਣੇ ਹੋ। ਵੱਡੀ ਗੱਲ ਏ ਤੁਸੀਂ ਸਾਡੇ ਮੁਲਕ ਦੇ ਵੀ

ਮਹਿਮਾਨ ਹੋ। ਚੰਗਾ, ਘੋੜਾ ਕਾਹਲਾ ਪੈ ਗਿਆ ਏ, ਸਲਾਮ ਵੀ ਤੇ ਸਤਿ ਸ੍ਰੀ ਅਕਾਲ ਵੀ।'

ਅਸੀਂ ਸਕੂਲ ਦੇ ਬੂਹੇ ਅੱਗੇ ਖੜ੍ਹੇ ਸਾਂ। ਅੰਦਰ ਸ਼ਾਇਦ ਬੱਚੇ ਦੁਆ (ਪ੍ਰਾਰਥਣਾ) ਪੜ੍ਹ ਰਹੇ ਸਨ। ਅਸੀਂ ਜਲਦੀ ਜਲਦੀ ਅੰਦਰ ਆ ਗਏ। ਸੰਯੋਗਵੱਸ ਇੱਕ ਉਸਤਾਦ (ਅਧਿਆਪਕ) ਸਾਨੂੰ ਮਿਲ ਪਿਆ। ਅਸਾਂ ਉਸਨੂੰ ਜਹਾਂਗੀਰ ਬਾਰੇ ਪੁੱਛਿਆ।

'ਆਓ ਸਰਦਾਰ ਜੀ, ਮੇਰਾ ਬੜਾ ਪਿਆਰਾ ਸ਼ਾਗਿਰਦ ਏ। ਤੁਹਾਨੂੰ ਜ਼ਰੂਰ ਮਿਲਾਵਾਂਗੇ। ਆਓ ਜ਼ਰਾ ਦੁਆ ਵਿੱਚ ਸ਼ਾਮਲ ਹੋਈਏ। ਟੀਚਰ ਬੜੇ ਪਿਆਰ ਨਾਲ ਇਹ ਗੱਲਾਂ ਕਰਕੇ ਉਧਰ ਲੈ ਗਿਆ। ਜਿਧਰ ਸਾਰੇ ਸਕੂਲ ਦੇ ਕਰੀਬਨ ਤਿੰਨ ਹਜਾਰ ਬੱਚੇ ਖੜ੍ਹੇ ਹੋ ਕੇ ਦੁਆ ਪੜ੍ਹ ਰਹੇ ਸਨ। ਏਹੀ ਦੁਆ ਸਾਡੇ ਸਕੂਲਾਂ ਵਿੱਚ ਵੀ ਪੜ੍ਹਦੇ ਹਨ।

'ਮੁਝ ਕੋ ਤੇਰੀ ਹੈ ਜੁਸਤਜ਼ੂ ਮੁਝਕੋ ਤੇਰੀ ਤਲਾਸ਼ ਹੈ।' ਛੇ ਲੜਕੇ ਬੜੀ ਸੁਰੀਲੀ ਆਵਾਜ਼ ਵਿੱਚ ਮਾਈਕ ਅੱਗੇ ਗਾ ਰਹੇ ਸਨ। ਕਿਆ ਨਜ਼ਾਰਾ ਸੀ। ਸਾਡੇ ਨਾਲ ਆਏ ਟੀਚਰ ਨੇ ਹੈਡ ਮਾਸਟਰ ਜੀ ਨੂੰ ਸਾਡੇ ਬਾਰੇ ਦੱਸਿਆ ਤਾਂ ਹੈਡ ਮਾਸਟਰ ਸਾਨੂੰ ਅਗਲ ਵਾਂਢੀ ਲੈਣ ਆ ਗਏ। ਸਲਾਮ ਦੁਆ ਤੋਂ ਬਾਅਦ ਸਾਡੇ ਬਾਰੇ ਪੁੱਛਿਆ। ਕਵੀ ਜੀ ਨੇ ਸੰਖੇਪ ਵਿੱਚ ਆਪਣੀ ਜਾਣ ਪਛਾਣ ਕਰਾਈ। ਅਸੀਂ ਚਾਰੇ ਮਾਈਕ ਵੱਲ ਜਾ ਰਹੇ ਸਾਂ। ਵੇਖਿਆ ਸਾਰੇ ਉਸਤਾਦ ਸਾਹਿਬ ਵੀ ਆਪਣੀ ਆਪਣੀ ਕਲਾਸ ਲਾਈਨ ਦੇ ਸਾਹਮਣੇ ਖੜ੍ਹੇ ਸਨ ਬਾਰਗਾਹਿ ਇਲਾਹੀ ਵਿੱਚ ਆਪਣੇ ਸਿਰ ਝੁਕਾਈ। ਦੁਆ ਖਤਮ ਹੋਈ। ਏਨੀ ਚੁੱਪ ਸੀ ਕਿ ਸੂਈ ਡਿਗਣੀ ਵੀ ਆਵਾਜ਼ ਸੁਣੀ ਜਾ ਸਕਦੀ ਸੀ।

ਹੈਡ ਮਾਸਟਰ ਸਾਹਿਬ ਨੇ ਸਾਨੂੰ ਆਖਿਆ ਕਿ ਬੱਚਿਆਂ ਨੂੰ ਕੁੱਝ ਆਖਿਆ ਜਾਵੇ। ਕਵੀ ਜੀ ਨੇ ਕਿਹਾ 'ਜ਼ਰੂਰ' ਤੁਸਾਂ ਮੇਰੇ ਮਨ ਦੀ ਗੱਲ ਬੁੱਝ ਲਈ ਏ। ਮੈਂ ਵੀ ਚਾਹੁੰਦਾ ਸਾਂ ਕਿ ਬੱਚਿਆਂ ਨਾਲ ਕੁਝ ਗੱਲਾਂ ਦੀ ਸਾਂਝ ਪਾਵਾਂ।'

ਹੈਡ ਮਾਸਟਰ ਸਾਹਿਬ ਨੇ ਬੱਚਿਆਂ ਨੂੰ ਬੈਠਣ ਦਾ ਇਸ਼ਾਰਾ ਕਰਕੇ ਮਾਈਕ ਤੇ ਸਾਡੇ ਬਾਰੇ ਦੱਸਿਆ ਕਿ ਇਹ ਤੁਹਾਡੇ ਨਾਲ ਮੁਖ਼ਾਤਬ ਹੋ ਰਹੇ ਹਨ। ਇਹ, ਜਿਹਨਾਂ ਨੂੰ ਤੁਸੀਂ ਸਾਹਮਣੇ ਖੜੇ ਦੇਖ ਰਹੇ ਹੋ, ਇਹ ਭਾਰਤ ਤੋਂ ਆਏ ਨੇ। ਏਥੇ ਤੁਹਾਡੇ ਵਿੱਚ ਹੀ ਜਹਾਂਗੀਰ ਨਾਂ ਦਾ ਬੱਚਾ ਹੈ ਦਸਵੀਂ ਵਿੱਚ, ਉਸਨੂੰ ਮਿਲਣ ਦੇ ਬਹਾਨੇ ਸਕੂਲ ਆਏ ਨੇ। ਆਓ ਸਰਦਾਰ ਸਾਹਿਬ।'

ਕਵੀ ਜੀ ਮਾਈਕ ਅੱਗੇ ਜਾ ਖੜ੍ਹੇ ਹੋਏ ਤੇ ਗੱਲ ਸ਼ੁਰੂ ਕੀਤੀ, 'ਪਿਆਰੇ ਹੋਨਹਾਰ ਬੱਚਿਓ ਸਲਾਮ ਦੁਆ। ਅੱਲ੍ਹਾ ਤੁਹਾਨੂੰ ਤੰਦਰੁਸਤੀ ਬਖਸ਼ੇ ਤੇ ਤੁਸੀਂ ਪੜ੍ਹ ਲਿਖ ਕੇ, ਆਪਣੇ ਮੁਲਕ ਦੇ ਵਧੀਆਂ ਸ਼ਹਿਰੀ (ਨਾਗਰਿਕ) ਬਣੋ। ਅਸੀਂ ਤੁਹਾਡੇ ਵਿਚੋਂ ਇੱਕ ਲੜਕੇ ਜਹਾਂਗੀਰ ਨੂੰ ਮਿਲਣ ਆਏ ਹਾਂ ਤੇ ਤੁਹਾਡੇ ਵੀ ਦੀਦਾਰ ਹੋ

ਗਏ। ਜਹਾਂਗੀਰ ਜੋ ਤੁਹਾਡੇ ਵਿੱਚ ਹੀ ਹੈ ਤਾਂ ਖੜ੍ਹਾ ਹੋ ਕੇ ਵਖਾਲੀ ਦੇਵੇ।'

ਨੇੜਿਓਂ ਹੀ ਇੱਕ ਮੁੰਡਾ ਵਾਹ ਵਾਹ ਭਰਵੇ ਸਰੀਰ ਗੋਰੇ ਰੰਗ ਵਾਲਾ ਸਲਵਾਰ ਕਮੀਜ਼ ਪਹਿਨੀ ਖੜ੍ਹਾ ਹੋ ਗਿਆ।

'ਅੱਛਾ ਤਾਂ ਤੂੰ ਹੈਂ ਸਾਡਾ ਭਣੇਵਾਂ ਜਹਾਂਗੀਰ। ਬਹੁਤ ਵਧੀਆ। ਹੁਣ ਬੈਠ ਜਾਓ ਪੁੱਤਰ ਜੀ।' ਕਵੀ ਜੀ ਨੇ ਜਹਾਂਗੀਰ ਨੂੰ ਬਿਠਾ ਕੇ ਗੱਲ ਸ਼ੁਰੂ ਕੀਤੀ –

'ਬੱਚਿਓ ਪੰਦਰਾਂ ਸਾਲ ਪਹਿਲਾਂ ਖ਼ੁਦਾਵੰਦ ਕਰੀਮ ਤੇ ਵਾਹਿਗੁਰੂ ਨੇ ਸਾਡੇ ਤੇ ਇੱਕ ਪਰਚਾ ਪਾਇਆ ਸੀ। ਸਾਡਾ ਇਮਤਿਹਾਨ ਲਿਆ ਸੀ, ਪਰ ਬੜੇ ਅਫ਼ਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਅਸੀਂ ਹਿੰਦੂ, ਸਿੱਖ ਤੇ ਮੁਸਲਮਾਨ ਪੂਰੀ ਤਰ੍ਹਾਂ ਫੇਲ੍ਹ ਹੋਏ। ਅਸੀਂ ਇੱਕ ਵੀ ਨੰਬਰ ਨਾ ਲੈ ਸਕੇ। ਅਸਾਂ ਭਰਾਵਾਂ ਨੂੰ ਮਾਰਿਆ, ਭੈਣਾਂ ਦੀਆਂ ਇੱਜਤਾਂ ਲੁੱਟੀਆਂ, ਆਪਣੇ ਭਰਾਵਾਂ ਦੇ ਘਰ ਉਜਾੜੇ। ਪਰ ਬੱਚਿਓ ਤੁਹਾਡੀ ਉਮਰ ਵਿੱਚ ਤੁਹਾਡੇ ਉਤੇ ਜੇ ਕਿਤੇ ਅਜਿਹਾ ਪਰਚਾ ਪਵੇ ਤਾਂ ਅੱਲ੍ਹਾ ਮੀਆਂ ਤੋਂ ਤੁਸੀਂ ਪੂਰੇ ਨੰਬਰ ਲੈ ਕੇ ਪਾਸ ਹੋਣਾ ਹੈ। ਤੁਸਾਂ ਆਪਣੇ ਵਡਿਕਿਆਂ ਤੋਂ ਸੁਣਿਆ ਹੋਵੇਗਾ 1947 ਦੇ ਦੰਗਿਆਂ ਬਾਰੇ। ਹੋ ਸਕਦੈ ਤੁਹਾਡੇ ਵਿਚੋਂ ਕਈਆਂ ਦੇ ਮਾਪੇ ਉਸ ਘਲੂਘਾਰੇ ਦੇ ਸ਼ਿਕਾਰ ਵੀ ਹੋਏ ਹੋਣ। ਸੋ ਮੇਰੀ ਤੁਹਾਨੂੰ ਇਹ ਹੀ ਮੱਤ ਹੈ ਕਿ ਪਿਛਲੀਆਂ ਗੱਲਾਂ ਨੂੰ ਭੁੱਲ ਕੇ ਹਰ ਮਜ਼ਹਬ ਦੇ ਲੋਕਾਂ ਨਾਲ ਪਿਆਰ ਕਰਨਾ।' ਗੱਲਾਂ ਤਾਂ ਬਹੁਤ ਨੇ ਪਰ ਤੁਹਾਡਾ ਪੜ੍ਹਾਈ ਦਾ ਹਰਜ਼ ਹੋ ਰਿਹਾ ਹੈ ਸੋ ਬਹੁਤ ਬਹੁਤ ਪਿਆਰ ਸਲਾਮ ਸਤਿ ਸ੍ਰੀ ਅਕਾਲ।' ਕਵੀ ਜੀ ਨੇ ਆਪਣੀ ਗੱਲ ਖ਼ਤਮ ਕੀਤੀ ਤੇ ਹੈਡ ਮਾਸਟਰ ਸਾਹਿਬ ਨੇ ਕਵੀ ਜੀ ਦੇ ਕੰਨ ਵਿੱਚ ਕੁੱਝ ਕਿਹਾ।

ਕਵੀ ਜੀ ਨੇ ਫੇਰ ਬੋਲਣਾ ਸ਼ੁਰੂ ਕੀਤਾ, 'ਜਨਾਬ ਮੁਹਤਰਮ ਹੈਡ ਮਾਸਟਰ ਸਾਹਿਬ ਨੇ ਹੁਕਮ ਕੀਤਾ ਹੈ ਕਿ ਮੈਂ ਆਪਣੇ ਬਾਰੇ ਕੁੱਝ ਦੱਸਾਂ। ਲੌ ਸੁਣੋ। ਸਾਡੇ ਵੱਖਰੇ ਲਿਬਾਸ ਨੂੰ ਵੇਖ ਕੇ ਤੁਸੀਂ ਜ਼ਰੂਰ ਹੈਰਾਨ ਹੋਏ ਹੋਵੋਗੇ। ਏਸ ਪੁਸ਼ਾਕ ਵਾਲੇ ਅਸੀਂ ਨਾਮਧਾਰੀ ਸਿੱਖ ਅਖਵਾਂਦੇ ਹਾਂ। ਅਸੀਂ ਪੂਰੇ ਸਬਜ਼ੀਖੋਰ ਹਾਂ, ਮਾਸ ਖਾਣ ਵਾਲੇ ਦੇ ਹੱਥੋਂ ਅਸੀਂ ਕੁੱਝ ਲੈ ਕੇ ਵੀ ਨਹੀਂ ਖਾਂਦੇ।'

'1857 ਦੀ ਆਜ਼ਾਦੀ ਦੀ ਜੰਗ ਤੋਂ ਬਾਅਦ ਅੰਗਰੇਜ਼ ਦੇ ਖਿਲਾਫ਼ ਸਾਡੇ ਮਹਾਨ ਗੁਰੂ ਸਤਿਗੁਰੂ ਰਾਮ ਸਿੰਘ ਜੀ ਨੇ ਆਜ਼ਾਦੀ ਦੀ ਜੰਗ ਸ਼ੁਰੂ ਕੀਤੀ। ਅੰਗਰੇਜ਼ਾਂ ਨੇ ਨਾਮਧਾਰੀਆਂ ਨੂੰ ਫਾਹੇ ਲਾਇਆ, ਤੋਪਾਂ ਅੱਗੇ ਉਡਾਏ, ਕਾਲੇ ਪਾਣੀ ਭੇਜ ਦਿੱਤਾ, ਏਥੋਂ ਤੱਕ ਕਿ 1872 ਵਿੱਚ ਸਾਡੇ ਮਹਿਬੂਬ ਸਤਿਗੁਰੂ ਰਾਮ ਸਿੰਘ ਜੀ ਨੂੰ ਜਲਾਵਤਨ ਕਰ ਦਿੱਤਾ।'

ਸਾਰੇ ਬੜੇ ਚੁੱਪ ਚਾਪ ਸਭ ਕੁੱਝ ਸੁਣ ਰਹੇ ਸਨ। ਸਾਰੇ ਮਾਹੌਲ ਵਿੱਚ ਬੜੀ ਖਾਮੋਸ਼ੀ ਸੀ। ਕਦੀ ਕਦੀ ਰੁੱਖਾਂ ਤੇ ਬੈਠੀਆਂ ਚਿੜੀਆਂ ਦੀ ਚੂੰ ਚੂੰ ਜ਼ਰੂਰ ਇਸ ਖਾਮੋਸ਼ੀ ਨੂੰ ਤੋੜ ਦਿੰਦੀ।

ਕਵੀ ਜੀ ਨੇ ਆਪਣੀ ਗੱਲ ਜਾਰੀ ਰੱਖੀ, 'ਤੁਹਾਨੂੰ ਇਹ ਜਾਣ ਕੇ ਹੈਰਾਨੀ

ਭਰੀ ਖੁਸ਼ੀ ਹੋਵੇਗੀ ਕਿ ਸਾਡੇ ਵਰਗਾ ਲਿਬਾਸ ਪਹਿਨਣ ਵਾਲਿਆਂ ਕਿਸੇ ਨੂੰ ਦੁੱਖ ਨਹੀਂ ਦਿੱਤਾ ਤੇ ਨਾ ਹੀ ਸਾਨੂੰ ਕਿਸੇ ਕੁੱਝ ਆਖਿਆ ਏ। ਸਾਡਾ ਫ਼ਿਰਕਾ ਅਮਨ ਪਸੰਦ, ਮਿਹਨਤ-ਕਸ਼ ਤੇ ਹੱਕ ਹਲਾਲ ਦੀ ਕਮਾਈ ਕਰਕੇ ਖਾਣ ਵਾਲਿਆਂ ਦਾ ਹੈ। ਚੰਗਾ ਫਿਰ ਰੱਬ ਰਾਖਾ ਤੁਸੀਂ ਜਵਾਨੀਆਂ ਮਾਣੋ। ਹਾਂ ਸੱਚ ਮੈਂ ਇੱਕ ਗੱਲ ਆਪਣੇ ਬਾਰੇ ਕਹਿਣੀ ਭੁੱਲ ਗਿਆ। ਅੰਗਰੇਜ਼ ਵੇਲੇ ਨਾਮਧਾਰੀਆਂ ਨੇ ਅੰਗਰੇਜ਼ਾਂ ਦਾ ਪੂਰਾ ਬਾਈਕਾਟ ਕੀਤਾ, ਨਾ ਬਦੇਸ਼ੀ ਕੱਪੜੇ ਪਾਉਣੇ, ਨਾ ਅੰਗਰੇਜ਼ ਦੀ ਰੇਲ ਤੇ ਚੜ੍ਹਨਾ, ਨਾ ਉਸਦੀ ਨਹਿਰ ਦਾ ਪਾਣੀ ਪੀਣਾ, ਨਾ ਖੇਤ ਨੂੰ ਲਾਣਾ, ਅੰਗਰੇਜ਼ ਦੇ ਸਕੂਲਾਂ ਵਿੱਚ ਬੱਚੇ ਨਹੀਂ ਪੜ੍ਹਾਏ। ਏਥੋਂ ਤੱਕ ਕਿ ਅੰਗਰੇਜ਼ ਦੀ ਡਾਕ ਵਿੱਚ ਚਿੱਠੀਆਂ ਵੀ ਨਹੀਂ ਪਾਉਣੀਆਂ। ਇਤਨਾ ਸਖਤ ਬਾਈਕਾਟ ਕੀਤਾ ਅੰਗਰੇਜ਼ ਦਾ ਸਾਡੇ ਵਡੇਰੇ ਨਾਮਧਾਰੀਆਂ ਨੇ। ਗੱਲ ਲੰਮੀ ਹੋ ਗਈ ਏ ਮੁਆਫ਼ ਕਰਨਾ, ਅੱਛਾ ਦੁਬਾਰਾ ਸਲਾਮ, ਸਤਿ ਸ੍ਰੀ ਅਕਾਲ। ਬੜੇ ਪਿਆਰੇ ਪੁੱਤਰੋ, ਅੱਜ ਤੋਂ ਅਹਿਦ ਕਰੋ ਕਿ ਜੀਣਾ ਹੈ ਤੇ ਜੀਣ ਦੇਣਾ ਹੈ।'

ਬੱਚਿਆਂ ਨੇ ਜ਼ੋਰਦਾਰ ਤਾੜੀਆਂ ਨਾਲ ਕਵੀ ਜੀ ਦਾ ਸਨਮਾਨ ਕੀਤਾ ਤੇ ਇੱਜ਼ਤ ਅਫ਼ਜ਼ਾਈ ਕੀਤੀ। ਪੀ.ਟੀ.ਆਈ ਨੇ ਬੱਚਿਆਂ ਨੂੰ ਕਾਸ਼ਨ ਦੇ ਕੇ ਖੜ੍ਹਾ ਕੀਤਾ ਤੇ ਆਪਣੀਆਂ ਆਪਣੀਆਂ ਕਲਾਸਾਂ ਵਿੱਚ ਜਾਣ ਦਾ ਹੁਕਮ ਕੀਤਾ। ਬੱਚੇ ਆਪਣੀ ਕਲਾਸ ਵਿੱਚ ਜਾ ਰਹੇ ਸਨ ਤੇ ਮੁੜ ਮੁੜ ਕੇ ਸਾਨੂੰ ਵੇਖ ਰਹੇ ਸਨ ਉਤਸੁਕਤਾ ਨਾਲ।

ਜਹਾਂਗੀਰ ਇਜਾਜ਼ਤ ਲੈ ਕੇ ਸਾਨੂੰ ਆ ਮਿਲਿਆ, ਅਸਾਂ ਦੂਹਾਂ ਗਲਵਕੜੀ ਵਿੱਚ ਲੈ ਕੇ ਪਿਆਰ ਦਿੱਤਾ। ਦਫਤਰ ਵਿੱਚ ਅਸਾਂ ਗੱਲਾਂ ਕੀਤੀਆਂ। ਹੈਡ ਮਾਸਟਰ ਸਾਹਿਬ ਤੋਂ ਇਜਾਜ਼ਤ ਲਈ ਤੇ ਬਾਹਰ ਆ ਗਏ ਉਹ ਸਾਨੂੰ ਵਿਦਾ ਕਰਨ ਆ ਗਏ। ਬਾਹਰ ਕਾਫ਼ੀ ਟੀਚਰ ਖੜ੍ਹੇ ਸਨ ਸਾਰਿਆਂ ਸਾਡੇ ਨਾਲ ਹੱਥ ਮਿਲਾਏ ਤੇ ਮੇਨ ਗੇਟ ਤੱਕ ਸਾਨੂੰ ਛੱਡਣ ਆਏ।

'ਤੁਸਾਂ ਕਿਉਂ ਖੇਚਲ ਕਰਨੀ ਸੀ, ਨਾਲੇ ਬੱਚਿਆਂ ਦੀ ਪੜ੍ਹਾਈ ਦਾ ਹਰਜ ਹੋਵੇਗਾ।' ਕਵੀ ਜੀ ਨੇ ਸਾਰੇ ਟੀਚਰਾਂ ਨੂੰ ਆਖਿਆ।

'ਨਹੀਂ ਬਾਦਸ਼ਾਹੋ, ਸਾਡਾ ਇਹ ਪੀਰੀਅਡ ਖ਼ਾਲੀ ਹੈ, ਸੋ ਤੁਹਾਡੇ ਨਾਲ ਮੁਲਾਕਾਤ ਕਰਨ ਦਾ ਸ਼ਰਫ਼ ਹਾਸਲ ਹੋ ਗਿਆ। ਅੱਲ੍ਹਾ ਮੀਆਂ ਦੇ ਸ਼ੁਕਰ ਗੁਜ਼ਾਰ ਹਾਂ ਕਿ ਤੁਹਾਡੇ ਜਿਹੇ ਫਰਿਸ਼ਤਾ ਸੂਰਤ-ਸੀਰਤ ਇਨਸਾਨਾਂ ਦੇ ਦੀਦਾਰ ਹੋ ਗਏ, ਆਮੀਨ।

'ਚੰਗਿਆਂ ਨੂੰ ਚੰਗੇ ਜ਼ਰੂਰ ਮਿਲ ਪੈਂਦੇ ਨੇ ਭਰਾਵੋ।' ਮੈਂ ਸਾਰਿਆਂ ਨੂੰ ਹੱਥ ਹਿਲਾ ਕੇ ਇਹ ਗੱਲ ਆਖੀ।

ਪਹਿਲਾਂ ਮਿਲੇ ਉਸਤਾਦ ਨੇ ਆਉਂਦੇ ਟਾਂਗੇ ਨੂੰ ਖੜ੍ਹਾ ਕੀਤਾ ਤੇ ਦੱਸਿਆ ਕਿ ਇਹਨਾਂ ਟਿੱਬੀ ਥਾਣੇ ਜਾਣਾ ਹੈ ਆਪਣੀ ਰਿਪੋਰਟ ਕਰਵਾਉਣ। ਅਸਾਂ ਇਹ

ਉਹਨੂੰ ਪਹਿਲਾਂ ਹੀ ਦੱਸ ਦਿੱਤਾ ਸੀ।

ਥਾਣੇ ਦੇ ਬੂਹੇ ਅੱਗੇ ਅਸੀਂ ਟਾਂਗੇ ਤੋਂ ਉਤਰ ਕੇ ਪੈਸੇ ਦੇਣ ਲੱਗੇ ਤਾਂ ਟਾਂਗੇ ਵਾਲਾ ਕਹਿਣ ਲੱਗਾ ਪੈਸੇ ਤਾਂ ਪਹਿਲਾਂ ਹੀ ਉਸ ਮਾਸਟਰ ਨੇ ਦੇ ਦਿੱਤੇ ਸਨ।

'ਕਿਆ ਬਾਤ ਹੈ ਕੈਸੀ ਮਹਿਮਾਨ ਨਵਾਜ਼ੀ ਹੈ।' ਸ਼ੁਕਰੀਏ ਦੇ ਲਹਿਜੇ ਵਿੱਚ ਮੇਰੇ ਮੂੰਹੋਂ ਨਿਕਲ ਗਿਆ।

'ਸਰਦਾਰੋ ਉਹ ਮਾਸਟਰ ਬਹੁਤ ਵਧੀਆ ਆਦਮੀ ਹੈ। ਸਰਕਾਰ ਵਲੋਂ ਨੇਕ ਕੰਮ ਕਰਨ ਬਦਲੇ ਉਸਨੂੰ ਦੋ ਵਾਰ ਵਧੀਆ ਟੀਚਰ ਦਾ ਇਨਾਮ ਮਿਲ ਚੁੱਕਾ ਹੈ। ਮੇਰੇ ਘਰ ਦੇ ਕੋਲ ਹੀ ਰਹਿੰਦਾ ਹੈ। ਸ਼ਹਿਰ ਵਿੱਚ ਮੰਨਿਆ ਹੋਇਆ ਬੀਬਾ ਬੰਦਾ ਏ।' ਟਾਂਗੇ ਵਾਲੇ ਉਸ ਮਾਸਟਰ (ਜਿਸਦਾ ਨਾਂ ਉਸਨੇ ਮਹੀਓਦੀਨ ਦੱਸਿਆ ਸੀ) ਦੀ ਤਾਰੀਫ਼ ਦੇ ਪੁਲ ਬੰਨ੍ਹ ਦਿੱਤੇ।

ਅਸੀਂ ਥਾਣੇ ਦੇ ਅੰਦਰ ਗਏ, ਮੁੰਸ਼ੀ ਮੁਹੱਰਰ ਦਾ ਨਾਮ ਪੜ੍ਹਕੇ, ਕੁਰਸੀ ਤੇ ਬੈਠੇ ਇੱਕ ਨੌਜਵਾਨ ਨੇ ਸਾਨੂੰ ਕੁਰਸੀ ਤੇ ਬੈਠਣ ਲਈ ਕਹਿੰਦਿਆਂ ਹੱਸਦਿਆਂ ਹੋਇਆਂ ਆਖਿਆ, 'ਬਾਬਿਓ ਕਿਧਰ ਫਿਰਦੇ ਓ। ਤੁਹਾਡੀ ਤਾਂ ਰਾਤ ਦੀ ਇਤਲਾਹ ਆਈ ਪਈ ਹੈ ਥਾਣੇ। ਰਾਤ ਕਿੱਥੇ ਰਹੇ ਓ ?

ਮੈਂ ਹੌਲੀ ਜਿਹੀ ਕਿਹਾ, 'ਅਸੀਂ ਰਾਤ ਹਰਬੰਸ ਪੁਰੇ ਸਾਂ ਭਾਈ ਸਾਹਿਬ ਕੋਲ।' ਕਿੱਡੀ ਵੱਡੀ ਗਲਤੀ ਤੁਸਾਂ ਕੀਤੀ ਏ। ਤੁਹਾਨੂੰ ਰਾਤ ਹੀ ਸਾਨੂੰ ਮਿਲ ਕੇ ਰਿਪੋਰਟ ਕਰਾਣੀ ਚਾਹੀਦੀ ਸੀ। ਖੁਦਾ ਨਾਖ਼ਾਸਤਾ ਤੁਹਾਡੇ ਨਾਲ ਕੋਈ ਹਾਦਸਾ ਹੋ ਜਾਂਦਾ ਤਾਂ ਸਾਡੀ ਸਰਕਾਰ ਵਾਸਤੇ ਪਰਾਬਲਮ ਹੋ ਜਾਣੀ ਸੀ ਤੇ ਖਾਸ ਕਰਕੇ ਸਾਡੇ ਲਈ, ਖ਼ੈਰ, ਤੁਸੀਂ ਆ ਗਏ, ਇਹ ਵੀ ਚੰਗਾ ਹੋਇਆ। ਮੈਂ ਹੁਣੇ ਸਿਪਾਹੀ ਭੇਜਣ ਲੱਗਾ ਸਾਂ ਹਰਬੰਸ ਪੁਰੇ, ਮੁੰਸ਼ੀ ਨੇ ਸਾਡੇ ਹੱਥੋਂ ਪਾਸਪੋਰਟ ਫੜਦਿਆਂ ਠਰ੍ਹਮੇ ਨਾਲ ਕਿਹਾ।

ਕਵੀ ਜੀ ਨੇ ਆਪਣੇ ਮਖ਼ਸੂਸ ਅੰਦਾਜ਼ ਵਿੱਚ ਕਿਹਾ, 'ਬਹੁਤ ਮਿਹਰਬਾਨੀ ਵਾਕੇਈ ਸਾਡੇ ਤੋਂ ਭਾਰੀ ਗਲਤੀ ਹੋਈ ਸੀ, ਪਰ ਤੁਹਾਡੇ ਵਰਗੇ ਮਿਹਰਬਾਨ ਇਹਨਾਂ ਨੂੰ ਸੁਧਾਰ ਵੀ ਲੈਂਦੇ ਨੇ ਮੁੰਸ਼ੀ ਸਾਹਿਬ।'

ਆਪਣੇ ਕਾਗ਼ਜ਼ਾਤ ਵਿੱਚ ਸਾਡੇ ਪਾਸਪੋਰਟ ਦਾ ਅੰਦਰਾਜ ਕਰਕੇ ਪਾਸਪੋਰਟ ਸਾਡੇ ਹੱਥ ਫੜਾਉਂਦੇ ਹੋਏ ਮੁੰਨਸ਼ੀ ਨੇ ਸਾਨੂੰ ਚਾਹ ਪਾਣੀ ਦਾ ਨਿਓਂਤਾ ਦਿੱਤਾ।

ਚਾਹ ਆ ਗਈ, ਨਾਲ ਵਧੀਆ ਬਿਸਕੁਟ ਮੁਨਸ਼ੀ ਤੇ ਕਵੀ ਜੀ ਚਾਹ ਪੀਂਦੇ ਰਹੇ ਤੇ ਮੈਂ ਬਿਸਕੁਟ ਹੀ ਪਾਣੀ ਨਾਲ ਖਾਂਦਾ ਰਿਹਾ। ਮੁਨਸ਼ੀ ਜੀ ਨੂੰ ਮੈਂ ਪੁੱਛਿਆ, 'ਹੁਣ ਤਾਂ ਨਹੀਂ ਕੋਈ ਖਤਰਾ ਮੀਆਂ ਜੀ।'

'ਨਹੀਂ ਭਾਜੀ ਹੁਣ ਜਿੱਥੇ ਮਰਜੀ ਫਿਰੋ ਤੁਰੋ, ਲਾਹੌਰ ਕੀ ਪਾਕ੍ਰਿਸਤਾਨ ਤੁਹਾਡਾ ਏ।' ਮੁਨਸ਼ੀ ਨੇ ਅਪਣੱਤ ਨਾਲ ਆਖਿਆ।

ਥਾਣੇ ਦੇ ਗੇਟ ਤੱਕ ਸਾਨੂੰ ਵਿਦਾ ਕਰਨ ਆਏ ਤੇ ਸਾਡੇ ਅਗਲੇ ਪ੍ਰੋਗਰਾਮ

ਲਈ ਪੁੱਛਿਆ, 'ਕਵੀ ਜੀ ਨੇ ਇੱਕ ਚਿੱਟ ਵਿਖਾਈ ਐਡਰੈਸ ਵਾਲੀ। ਮੁਨਸ਼ੀ ਨੇ ਕਿਹਾ ਕਿ ਉਥੇ ਤਾਂ ਤੁਹਾਨੂੰ ਤੁਰ ਕੇ ਹੀ ਜਾਣਾ ਪੈਣਾ ਏ।

ਮੁਨਸ਼ੀ ਨਾਲ ਦੁਆ ਸਲਾਮ ਕਰਕੇ ਅਸੀਂ ਉਸਦੇ ਦੱਸੇ ਰਸਤੇ ਤੁਰ ਪਏ।

ਅਸਾਂ ਭਾਈ ਨਸੀਰ ਜੋ ਮਹਾਰਾਜ ਬੀਰ ਸਿੰਘ ਜੀ ਦਾ ਤਬਲੇ ਦਾ ਉਸਤਾਦ ਤੇ ਭਾਈ ਤਾਬਾ ਗੁਰਬਾਣੀ ਦੇ ਮਹਾਨ ਰਾਗੀ ਪਾਸ ਜਾਣਾ ਸੀ। ਸਾਨੂੰ ਇਹਨਾਂ ਦੋਹਾਂ ਬਜ਼ੁਰਗ ਉਸਤਾਦਾਂ ਨੂੰ ਮਿਲ ਕੇ ਆਉਣ ਲਈ ਸਤਿਗੁਰੂ ਜੀ ਵਲੋਂ ਹੁਕਮ ਹੋਇਆ ਸੀ। ਫਿਰਦੇ ਫਰਾਂਦੇ ਅਸਾਂ ਉਹਨਾਂ ਦਾ ਘਰ ਲੱਭ ਹੀ ਲਿਆ। ਭਾਈ ਨਸੀਰ ਜਿੱਥੇ ਉਹਨਾਂ ਨੂੰ ਨਸੀਰਾ ਮਾਲੀ ਕਹਿੰਦੇ ਸਨ, ਘਰੋਂ ਕਿਤੇ ਬਾਜ਼ਾਰ ਗਿਆ ਹੋਇਆ ਸੀ। ਪਤਾ ਲੱਗਣ ਤੇ ਭੱਜਾ ਆਇਆ ਤੇ ਸਾਨੂੰ ਦੋਹਾਂ ਨੂੰ ਗਲਵਕੜੀ ਵਿੱਚ ਲੈ ਲਿਆ ਤੇ ਉਤੋਂ ਰੋਣ ਲੱਗ ਪਿਆ।

'ਮੁਬਾਰਕ ਇਹ ਘੜੀ, ਧੰਨ ਭਾਗ ਮੇਰੇ, ਤੁਸੀਂ ਜ਼ਰੂਰ ਭੈਣੀ ਸਾਹਿਬੋਂ ਆਏ ਹੋ।' ਡੁਸਕਦੇ ਹੋਇਆਂ ਭਾਈ ਨਸੀਰ ਏਨਾ ਹੀ ਕਹਿ ਸਕਿਆ।

'ਹਾਂ ਨਸੀਰ ਜੀ ਤੁਸਾਂ ਠੀਕ ਸਮਝਿਆ ਹੈ ਯਾਦ ਕਰੋ, ਮੈਂ ਪ੍ਰੀਤਮ ਸਿੰਘ ਕਵੀ ਹਾਂ ਤੇ ਇਹ ਮਾਸਟਰ ਅਮਰੀਕ ਸਿੰਘ ਹੈ, ਤੁਸੀਂ ਜਦੋਂ ਭਾਰਤ ਗਏ ਸੀ ਤਾਂ ਇੱਕ ਮਹੀਨਾ ਸ੍ਰੀ ਜੀਵਨ ਨਗਰ ਵੀ ਰਹੇ ਸੀ।'

'ਓਏ ਮੈਂ ਸੱਦਕੇ ਜਾਵਾਂ, ਮੈਂ ਕੁਰਬਾਨ ਜਾਵਾਂ, ਉਹਨਾਂ ਰਾਹਾਂ ਤੋਂ ਜਿਥੋਂ ਤੁਸੀਂ ਆਏ ਹੋ, ਅੱਲ੍ਹਾ ਮੀਆਂ ਤੁਹਾਨੂੰ ਲੰਮੀ ਹਯਾਤੀ ਦੇਵੇ।' ਭਾਈ ਨਸੀਰ ਜਿਵੇਂ ਮਸਤਾਨਾ ਹੋ ਗਿਆ ਸੀ।

ਅਸਾਂ ਸਤਿਗੁਰੂ ਜੀ ਦੇ ਭੇਜੇ ਹੋਏ ਕੁੱਝ ਪੈਸੇ ਤੇ ਕੁੱਝ ਕੱਪੜੇ ਦਿੱਤੇ ਤੇ ਆਖਿਆ, 'ਅਸੀਂ ਤੁਹਾਨੂੰ ਫੇਰ ਭਾਰਤ ਬੁਲਾਣ ਦਾ ਜਤਨ ਕਰ ਰਹੇ ਹਾਂ।'

ਇਤਨੇ ਨੂੰ ਭਾਈ ਤਾਬਾ ਵੀ ਆ ਗਿਆ। ਬਹੁਤ ਬਿਰਧ ਹੋ ਚੁੱਕਾ ਸੀ ਵਿਚਾਰਾ। ਸਾਨੂੰ ਵੇਖ ਕੇ ਖਿੜ ਉਠਿਆ। ਉਹਨੂੰ ਵੀ ਤੋਹਫ਼ੇ ਜੋ ਸਤਿਗੁਰੂ ਜੀ ਨੇ ਭੇਜੇ ਸਨ, ਦਿੱਤੇ। ਦੋਹਾਂ ਨੇ ਸਾਰੀਆਂ ਚੀਜ਼ਾਂ ਸਿਰਾਂ ਤੇ ਧਰੀਆਂ।

ਮੈਨੂੰ ਯਾਦ ਆਇਆ ਜਦੋਂ ਇਹ ਜੋੜੀ ਜੀਵਨ ਨਗਰ ਗਈ ਸੀ ਤਾਂ ਮੇਰੀ ਡਿਊਟੀ ਇਹਨਾਂ ਨੂੰ ਸੰਭਾਲਣ ਦੀ ਲੱਗੀ ਹੋਈ ਸੀ, ਮੈਂ ਸਕੂਲੋਂ ਆ ਕੇ ਪੁੱਛਦਾ, 'ਕੋਈ ਤਕਲੀਫ਼ ਤਾਂ ਨਹੀਂ ਹੋਈ, ਕੋਈ ਲੋੜ ਹੋਵੇ ਤਾਂ ਦੱਸਣਾ, ਸੰਗਾ ਨਹੀਂ ਕਰਨੀ।'

ਭਾਈ ਨਸੀਰ ਸਾਡੇ ਕੋਲੋਂ ਉਠਕੇ ਅੰਦਰ ਗਿਆ ਤੇ ਹੱਥ ਵਿੱਚ ਕੁੱਝ ਫੜੀ ਲਿਆਉਂਦਾ ਦਿੱਸਿਆ। ਕਵੀ ਜੀ ਹੁਰਾਂ ਕੋਲ ਬਹਿਕੇ ਚਾਂਦੀ ਦੇ ਪੰਜ ਰੁਪਏ ਅੱਗੇ ਰੱਖ ਕੇ ਕਹਿਣ ਲੱਗਾ, ਇਹ ਰੁਪਈਏ ਉਦੋਂ ਦੇ ਮੇਰੇ ਕੋਲ ਨੇ ਜਦੋਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਹਜ਼ੂਰੀ ਵਿੱਚ ਆਪਣਾ ਪ੍ਰੋਗਰਾਮ ਪੇਸ਼ ਕਰਦੇ ਸਾਂ ਤਾਂ ਮਲਕਾ ਦੇ ਬੁੱਤ ਵਾਲੇ ਚਾਂਦੀ ਦੇ ਰੁਪਈਆਂ ਦਾ ਢੇਰ ਲੱਗ ਜਾਂਦਾ ਸੀ। ਇਹ ਪੰਜ ਰੁਪਏ ਮੈਂ

ਬਚਾਕੇ ਨਿਸ਼ਾਨੀ ਵਜੋਂ ਰੱਖੇ ਹੋਏ ਸਨ ਸੋ 'ਜਿਸ ਕੀ ਵਸਤ ਤਿਸਿ ਅੱਗੇ ਰਾਖੈ' ਦੇ ਵਾਕ ਅਨੁਸਾਰ ਇਹ ਪੰਜ ਰੁਪਏ ਸ੍ਰੀ ਸਤਿਗੁਰੂ ਜੀ ਅੱਗੇ ਰੱਖ ਕੇ ਮੱਥਾ ਟੇਕਣਾ। ਅਸੀਂ ਗਰੀਬ ਹੋਰ ਕੀ ਭੇਟਾ ਕਰ ਸਕਦੇ ਹਾਂ।' ਭਾਈ ਨਸੀਰ ਦੀਆਂ ਅੱਖਾਂ ਵਿੱਚ ਫੇਰ ਗਲੇਡੂ ਸਨ।

ਕਵੀ ਜੀ ਨੇ ਭਾਈ ਨਸੀਰ ਨੂੰ ਗਲਵਕੜੀ ਵਿੱਚ ਘੁਟਦਿਆਂ ਕਿਹਾ, 'ਤੁਸਾਂ ਬਹੁਤ ਕੁੱਝ ਦਿੱਤਾ ਏ, ਸਾਨੂੰ ਸਾਡੇ ਨਾਮਧਾਰੀਆਂ ਵਿੱਚ ਜੋ ਸੋਨਾ ਦਾਨ ਕਰ ਆਏ ਹੋ, ਉਹ ਹੀਰੇ ਮੋਤੀਆਂ ਨਾਲੋਂ ਕਿਤੇ ਵੱਧ ਕੀਮਤੀ ਏ।'

ਭਾਈ ਤਾਬੇ ਨੇ ਵੀ ਰੁਪਈਆਂ ਨੂੰ ਹੱਥ ਲਾਇਆ ਤੇ ਆਖਿਆ, 'ਮੇਰੀ ਵੀ ਹਾਜ਼ਰੀ ਲਵਾ ਦੇਣੀ ਹਜ਼ੂਰ ਕੋਲ, ਫੇਰ ਬੋਲਿਆ, ਗੁਰਬਾਣੀ ਸੰਗੀਤ ਜਿਸ ਨੂੰ ਤੁਸੀਂ ਸੋਨਾ ਕਹਿੰਦੇ ਓ ਅੱਜ ਗੱਧਿਆਂ ਦੇ ਗਲ ਮੋਤੀ ਪਿਆ ਹੋਇਆ ਏ, ਜਿੰਨਾ ਉਂਗਲਾਂ ਨੇ ਸਾਰੇ ਭਾਰਤ ਨੂੰ ਉਂਗਲਾਂ 'ਤੇ ਨਚਾ ਸੁੱਟਿਆ ਸੀ, ਉਹ ਉਂਗਲਾਂ ਤੇ ਹੱਥ ਸਾਰਾ ਦਿਨ ਬਾਗ਼ ਦੀ ਗੋਡੀ ਕਰਦੇ ਹਨ। ਜਿਹੜਾ ਗਲਾ ਕਦੀ ਰਾਜ ਦਰਬਾਰਾਂ ਵਿੱਚ ਬੜੀ ਸ਼ਰਧਾ ਨਾਲ ਸੁਣਿਆ ਜਾਂਦਾ ਸੀ, ਅੱਜ ਸਾਰਾ ਦਿਨ ਬਾਗ ਵਿੱਚੋਂ ਕਾਂ ਉਡਾਂਦਾ ਸ਼ਾਮ ਨੂੰ ਬਹਿ ਜਾਂਦਾ ਏ। ਭਾਵ ਦੋਵੇਂ ਅੱਜ ਨਸੀਰਾ ਮਾਲੀ ਤੇ ਤਾਬਾ ਰਾਖਾ ਅਖਵਾਂਦੇ ਹਾਂ। ਸਾਡੇ ਕਦਰ ਦਾਨ ਓਥੇ ਰਹਿ ਗਏ ਤੇ ਅਸੀਂ ਇਹ ਸੰਗੀਤ ਦਾ ਸੋਨਾ ਲੈ ਕੇ ਕਬਰ ਵਿੱਚ ਦੱਬੇ ਜਾਵਾਂਗੇ।

ਕਵੀ ਜੀ ਨੇ ਪੰਜ ਰੁਪਏ ਰੁਮਾਲ ਵਿੱਚ ਬੰਨ ਕੇ ਬੈਗ ਵਿੱਚ ਪਾ ਲਏ। ਅਸਾਂ ਦੋਹਾਂ ਨੇ ਫੇਰ ਗਲਵਕੜੀ ਪਾਈ ਪਰ ਨਮ ਅੱਖਾਂ ਨਾਲ ਇੱਕ ਦੂਜੇ ਨੂੰ ਵੇਖਿਆ ਤੇ ਵਾਪਸ ਮੁੜ ਪਏ।

ਰਾਹ ਵਿੱਚ ਕਵੀ ਜੀ ਨੇ ਹੌਕਾ ਭਰ ਕੇ ਗੱਲ ਸ਼ੁਰੂ ਕਰ ਦਿੱਤੀ। ''ਜਿਵੇਂ ਕਦੇ ਧਿਆਨ ਚੰਦ ਹਾਕੀ ਪਲੇਅਰ ਦੀ ਹਾਕੀ ਚੈਕ ਕੀਤੀ ਜਾਂਦੀ ਸੀ ਕਿ ਹਾਕੀ ਵਿੱਚ ਕੋਈ ਚੀਜ਼ ਤਾਂ ਨਹੀਂ ਲੱਗੀ ਹੋਈ ਕਿ ਬਾਲ ਇਹਦੀ ਹਾਕੀ ਨਾਲੋਂ ਲਹਿੰਦਾ ਹੀ ਨਹੀਂ। ਠੀਕ ਇਸੇ ਤਰ੍ਹਾਂ ਭਾਈ ਨਸੀਰ ਦੀਆਂ ਉਂਗਲੀਆਂ ਫੜ ਫੜ ਕੇ ਵੇਖੀਆਂ ਜਾਂਦੀਆਂ ਸਨ ਕਿ ਕਿਤੇ ਪੰਜਾਂ ਦੀ ਥਾਂ ਦਸ ਤਾਂ ਨਹੀਂ ਜੋ ਏਨੀ ਤੇਜ਼ ਗਤੀ ਨਾਲ ਥਿਰਕਦੀਆਂ ਹਨ ਕਿ ਪੰਜ ਉਂਗਲੀਆਂ ਏਨੀ ਤੇਜੀ ਨਾਲ ਨਹੀਂ ਚੱਲ ਸਕਦੀਆਂ ਤੇ ਭਾਈ ਤਾਬੇ ਦੇ ਗਲੇ ਵਿੱਚ ਸੁਰਸਤੀ ਦਾ ਵਾਸ ਸੀ ਜਦੋਂ ਗਾਉਂਦਾ ਤਾਂ ਸੰਗੀਤ ਨਾ ਜਾਣਨ ਵਾਲੇ ਵੀ ਮਸਤੀ ਵਿੱਚ ਸਿਰ ਹਿਲਾਣ ਲੱਗ ਪੈਂਦੇ।'' ਅਸੀਂ ਤੁਰੇ ਜਾ ਰਹੇ ਸਾਂ ਤੇ ਉਹਨਾਂ ਦੀਆਂ ਗੱਲਾਂ ਕਰ ਰਹੇ ਸਾਂ।

ਕਵੀ ਜੀ ਨੇ ਗੱਲ ਜਾਰੀ ਰੱਖੀ, 'ਕਿੰਨਾ ਨੁਕਸਾਨ ਹੋਇਆ ਏ ਸਾਡੇ ਪੁਰਾਣੇ ਵਿਰਸੇ ਦਾ, ਸਦੀਆਂ ਤੋਂ ਸਾਂਭਿਆ ਗੁਰਬਾਣੀ ਸੰਗੀਤ ਅੱਜ ਡੂੰਘੇ ਖੂਹੇ ਜਾ ਡਿੱਗਾ ਹੈ।' ਅਫ਼ਸੋਸ ਹੈ ਸਦ ਅਫ਼ਸੋਸ।

ਅਸੀਂ ਪਤਾ ਨਹੀਂ ਕਿੰਨਾ ਚਿਰ ਗੱਲਾਂ ਕਰਦੇ ਤੁਰੇ ਜਾਂਦੇ ਜੇ ਮੈਂ ਕਵੀ ਜੀ

ਨੂੰ ਨਾ ਪੁੱਛਦਾ ਕਿ ਆਪਾਂ ਹੁਣ ਕਿੱਧਰ ਜਾਣਾ ਹੈ ?

'ਓਹੋ ਆਪਾਂ ਹਰਬੰਸ ਪੁਰੇ ਅਪੜਨਾ ਏ ਤੇ ਸਾਢੇ ਚਾਰ ਵਜੇ ਉਹੀ ਡੱਬਾ ਜਾਂਦਾ ਏ, ਟਾਂਗਾ ਪਤਾ ਨਹੀਂ ਕਦੋਂ ਤੇ ਕਿੱਥੇ ਮਿਲੇ, ਆਪਾਂ ਜਲਦੀ ਸਟੇਸ਼ਨ ਤੇ ਪੁੱਜੀਏ।

ਇੱਕ ਲੋਕਲ ਟਾਂਗਾ ਲੈ ਕੇ ਅਸੀਂ ਹਰਬੰਸਪੁਰੇ ਜਾਣ ਵਾਲੇ ਡੱਬੇ ਵਿੱਚ ਚੜ੍ਹ ਹੀ ਗਏ।

ਕਵੀ ਜੀ ਨੇ ਹਾਸੇ ਨਾਲ ਮੈਨੂੰ ਆਖਿਆ, 'ਹੁਣ ਨਾ ਕਿਸੇ ਨੂੰ ਪਾਸਪੋਰਟ ਫੜਾ ਦੇਈਂ, ਉਸ ਦਿਨ ਵਾਲਾ ਸਿਪਾਹੀ ਹੁਣ ਨਹੀਂ ਮਿਲਣਾ।'

ਅਸੀਂ ਗੱਲ ਕਰ ਹੀ ਰਹੇ ਸਾਂ ਕਿ ਓਹੋ ਸਿਪਾਹੀ ਫੇਰ ਆ ਗਿਆ ਤੇ ਮਜ਼ਾਕ ਨਾਲ ਕਹਿਣ ਲੱਗਾ, 'ਅੱਜ ਤੇ ਨਹੀਂ ਕਾਗਜ਼ ਕਿਸੇ ਨੂੰ ਫੜਾ ਦਿੱਤੇ ਸਰਦਾਰੋ।'

'ਨਹੀਂ ਬਾਦਸ਼ਾਹੋ, ਰੋਜ਼ ਥੋੜ੍ਹੀਆਂ ਗਲਤੀਆਂ ਹੁੰਦੀਆਂ ਨੇ।' ਮੈਂ ਸ਼ਰਮਿੰਦਗੀ ਭਰੇ ਲਹਿਜੇ ਵਿੱਚ ਕਿਹਾ।

ਸਾਡੇ ਗੱਲਾਂ ਕਰਦਿਆਂ ਹਰਬੰਸ ਪੁਰੇ ਦਾ ਸਟੇਸ਼ਨ ਆ ਗਿਆ, ਅਸੀਂ ਗੱਲਾਂ ਵਿਚੇ ਛੱਡ ਕੇ ਉਤਰੇ ਤੇ ਉਸੇ ਰਾਹੇ ਤੁਰ ਪਏ ਜਿੱਥੋਂ ਕਲ੍ਹ ਲੰਘੇ ਸਾਂ। ਜਿੱਥੇ ਸਾਨੂੰ ਬੀਬੀ ਅਜ਼ੀਜ਼ ਤੇ ਅਸ਼ਰਫ਼ ਮਿਲੀਆਂ ਸਨ। ਓਥੇ ਆਏ ਤਾਂ ਕਲ੍ਹ ਵਾਲਾ ਸੀਨ ਫਿਰ ਮੇਰੇ ਮਨ ਨੂੰ ਹਿਲਾ ਗਿਆ।

ਹਰਬੰਸ ਪੁਰੇ ਪੁਜੇ ਤਾਂ ਸਾਰਾ ਪਰਵਾਰ ਸਾਡੀ ਇੰਤਜਾਰ ਕਰ ਰਿਹਾ ਸੀ। ਅਸਾਂ ਸਾਰੇ ਦਿਨ ਦੀ ਕਾਰਵਾਈ ਸੁਣਾਈ ਤਾਂ ਸਾਰੇ ਬੜੇ ਖੁਸ਼ ਹੋਏ।

ਰਾਤ ਦਾ ਖਾਣਾ ਸਾਰਿਆਂ ਕੱਠੇ ਬਹਿ ਕੇ ਖਾਧਾ, ਨਾਲ ਮਿੱਠੀਆਂ ਮਿੱਠੀਆਂ ਗੱਲਾਂ ਚੱਲਦੀਆਂ ਰਹੀਆਂ। ਅਸ਼ਰਫ਼ ਕਹਿ ਰਹੀ ਸੀ, 'ਮਾਮਾ ਜੀ ਮੇਰਾ ਫੈਸਲਾ ਕੋਈ ਕਰਕੇ ਜਾਇਓ।'

ਕਵੀ ਜੀ ਨੇ ਸਮਝਾਇਆ, 'ਬੇਟਾ ਜੋ ਕੁੱਝ ਕਰਨੈ ਬਹੁਤ ਸੋਚ ਸਮਝ ਕੇ ਤੇ ਸੰਭਲ ਕੇ ਕਰਿਓ। ਆਪਣੇ ਪੈਰਾਂ ਤੇ ਆਪ ਉਠੋ ਮੈਂ ਤਾਂ ਕਹਿਨਾਂ ਤੇਰੀ ਕਿਹੜੀ ਉਮਰ ਏ ਹਾਲੇ। ਪੜ੍ਹਾਈ ਫੇਰ ਸ਼ੁਰੂ ਕਰੋ। ਹਿੰਮਤ ਕਰੋ ਕਿਸੇ ਦਾ ਆਸਰਾ ਨਾ ਤੱਕੋ। ਆਪੇ ਅੱਲ੍ਹਾ ਪਾਕ ਸਭ ਕੁੱਝ ਠੀਕ ਕਰ ਦੇਵੇਗਾ।'

'ਅੱਲ੍ਹਾ ਪਾਕ ਤਾਂ ਠੀਕ ਹੀ ਕਰਦੈ ਮਾਮਾ ਜੀ। ਮੇਰੀ ਵਾਰੀ ਜ਼ਰਾ ਅਣਗਹਿਲੀ ਕਰ ਰਿਹਾ ਏ।' ਅਸ਼ਰਫ਼ ਉਦਾਸ ਹੋ ਗਈ ਸੀ।

'ਨਹੀਂ ਬੇਟਾ ਸਭ ਠੀਕ ਹੋ ਜਾਏਗਾ, ਜੇ ਤੁਸੀਂ ਆਪ ਹਿੰਮਤ ਕਰੋਗੇ। ਕਹਿੰਦੇ ਨੇ 'ਹਿੰਮਤੇ ਮਰਦਾਂ ਮਦਦੇ ਖ਼ੁਦਾ' ਹਿੰਮਤ ਵਾਲਿਆਂ ਦੀ ਹੀ ਖ਼ੁਦਾ ਮਦਦ ਕਰਦਾ ਏ।' ਕਵੀ ਜੀ ਅੰਦਰੋਂ ਅਸ਼ਰਫ਼ ਦਾ ਹੌਂਸਲਾ ਵਧਾ ਰਹੇ ਸਨ।

ਬੇਟਾ ਅਸ਼ਰਫ਼ ਮੈਂ ਤੈਨੂੰ ਇੱਕ ਮਿਸਾਲ ਸੁਣਾਉਣ ਲੱਗਾ ਹਾਂ' ਮੈਂ ਵਿੱਚੋਂ ਹੀ

ਗੱਲ ਫੜ ਲਈ। ਸਾਡੇ ਰਿਸ਼ਤੇਦਾਰਾਂ ਵਿੱਚੋਂ ਵੀ ਇੱਕ ਬੀਬੀ ਤੇ ਇਹ ਮੁਸ਼ੀਬਤ ਬਣੀ ਸੀ, ਪਰ ਉਸ ਨੇ ਫੇਰ ਪੜ੍ਹਾਈ ਕਰਕੇ ਐਮ.ਏ. ਕੀਤਾ, ਫੇਰ ਐਮ.ਐਡ ਕੀਤੀ। ਚੰਗੇ ਨੰਬਰਾਂ ਕਰਕੇ ਉਹਨੂੰ ਸਰਵਿਸ ਮਿਲ ਗਈ। ਅੱਜ ਉਹ ਇੱਕ ਸਰਕਾਰੀ ਹਾਈ ਸਕੂਲ ਦੀ ਪ੍ਰਿੰਸੀਪਲ ਹੈ। ਏਸੇ ਲਾਈਨ ਵਾਲੇ ਕਿਸੇ ਮਨੁੱਖ ਨਾਲ ਸਮਝੌਤਾ ਕਰ ਲਿਆ। ਅੱਜ ਦੋ ਬੱਚਿਆਂ ਦੀ ਮਾਂ ਹੈ ਤੇ ਜਿਸ ਨੇ ਉਹਨੂੰ ਤਲਾਕ ਦਿੱਤਾ ਸੀ, ਕਿਸੇ ਸਕੂਲ ਵਿੱਚ ਚਪੜਾਸੀ ਲੱਗਾ ਹੋਇਆ ਏ। ਨਾ ਰੰਨ ਨਾ ਕੰਨ ਜ਼ਿੰਦਗੀ ਦੇ ਔਖੇ ਦਿਨ ਕੱਟ ਰਿਹਾ ਏ।'

'ਅੱਛਾ ਮਾਮਾ ਜੀ, ਮੈਂ ਵੀ ਹਿੰਮਤ ਕਰਾਂਗੀ ਤੇ ਕੁੱਝ ਬਣ ਕੇ ਹੀ ਅਗਲਾ ਕਦਮ ਚੁੱਕਾਂਗੀ, ਤੁਸੀਂ ਮੈਨੂੰ ਅਸੀਸ ਦਿਓ। ਮੈਂ ਆਪਣੇ ਅਜ਼ਮ ਵਿੱਚ ਕਾਮਯਾਬ ਹੋ ਕੇ ਲੋਕਾਂ ਨੂੰ ਵਿਖਾ ਸਕਾਂਗੀ। ਖੁਦਾਵੰਦ ਕਰੀਮ ਮੇਰੀ ਮਦਦ ਕਰਨ।

ਅਸ਼ਰਫ਼ ਵਿੱਚ ਜਿਵੇਂ ਇੱਕ ਬਾ-ਹਿੰਮਤ ਔਰਤ ਨੇ ਜਨਮ ਲੈ ਲਿਆ ਸੀ। ਏਸ ਅਸ਼ਰਫ਼ ਨੇ ਹਿੰਮਤ ਦਾ ਐਸਾ ਲੜ ਫੜਿਆ। ਪਹਿਲਾਂ ਬੀ.ਏ. ਪਾਸ ਕੀਤੀ ਤੇ ਐਮ.ਏ. ਵਿੱਚ ਚੰਗੇ ਨੰਬਰ ਪਾਪਤ ਕੀਤੇ। ਕਿਸੇ ਦਫਤਰ ਵਿੱਚ ਸਰਕਾਰੀ ਨੌਕਰੀ ਮਿਲ ਗਈ। ਬਾਅਦ ਵਿੱਚ ਉਸ ਨੇ ਉਸੇ ਦਫਤਰ ਵਿੱਚ ਹੀ ਆਪਣੇ ਸੀਨੀਅਰ ਨਾਲ ਸ਼ਾਦੀ ਕਰ ਲਈ ਤੇ ਦੋਵੇਂ ਜੀ ਚੰਗੀ ਜ਼ਿੰਦਗੀ ਬਿਤਾ ਰਹੇ ਹਨ। ਪਹਿਲੇ ਵਿਆਹ ਦਾ ਇੱਕ ਲੜਕਾ ਸੀ ਜੋ ਜਵਾਨ ਹੋ ਕੇ ਆਪਣੇ ਦਾਦਕਿਆਂ ਕੋਲ ਚਲਾ ਗਿਆ ਏ। ਉਸਦੀ ਪੜ੍ਹਾਈ ਦਾ ਖਰਚਾ ਅਸ਼ਰਫ਼ ਹੀ ਦੇ ਰਹੀ ਏ। ਇਹ ਪਤਾ ਸਾਨੂੰ ਚਾਰ ਸਾਲ ਬਾਅਦ ਮੌਲਵੀ ਸੈਦ ਅਹਿਮਦ ਦੀ ਚਿੱਠੀ ਤੋਂ ਲੱਗਾ। ਜੋ ਕੁੱਝ ਸਮੇਂ ਬਾਅਦ ਫ਼ੌਤ ਹੋ ਗਏ।

ਅਸਾਂ ਸਵੇਰੇ ਵਾਪਸ ਜਾਣ ਲਈ ਆਖਿਆ ਤਾਂ ਸਾਰੇ ਬਹੁਤ ਉਦਾਸ ਹੋ ਗਏ। ਅਸਾਂ ਆਪਣੀ ਮਜ਼ਬੂਰੀ ਦੱਸੀ। ਉਹਨਾਂ ਦਿਨਾਂ ਵਿੱਚ ਅੰਮ੍ਰਿਤਸਰ ਹੀ ਵਿਸ਼ਵ ਅਮਨ ਕਾਨਫਰੰਸ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਛਤਰ ਛਾਇਆ ਹੇਠ ਹੋ ਰਹੀ ਸੀ। ਜਿਸ ਵਿੱਚ ਸਾਡਾ ਪਹੁੰਚਣਾ ਖਾਸ ਕਰਕੇ ਕਵੀ ਜੀ ਦਾ ਬਹੁਤ ਜ਼ਰੂਰੀ ਸੀ।

ਸੋ ਅਸਾਂ ਏਸ ਪਰਵਾਰ ਤੋਂ ਛੁੱਟੀ ਲਈ ਤੇ ਲਾਹੌਰ ਨੂੰ ਚੱਲ ਪਏ। ਲਾਹੌਰ ਡੇਰਾ ਸਾਹਿਬ ਗੁਰਦੁਆਰੇ ਯਾਤਰੂ ਜੱਥਾ ਪਹੁੰਚ ਚੁੱਕਾ ਸੀ। ਅਸੀਂ ਵੀ ਵਿੱਚ ਸ਼ਾਮਲ ਹੋ ਗਏ।

ਰਾਤੀਂ ਸਾਡੇ ਨਾਲ ਫਰਸ਼ ਤੇ ਸੁੱਤੇ ਲੋਕ ਖਰੀਦੋ ਫ਼ਰੋਖ਼ਤ ਦੀਆਂ ਗੱਲਾਂ ਕਰਦੇ ਰਹੇ। ਕਿਸੇ ਯਾਤਰਾ ਬਾਰੇ ਜਾਂ ਗੁਰੂ ਸਾਹਿਬ ਬਾਰੇ ਗੱਲ ਨਹੀਂ ਕੀਤੀ।

ਇੱਕ ਕਹਿ ਰਿਹਾ ਸੀ ਮੈਂ ਬਾਦਾਮ ਲੈ ਕੇ ਗਿਰੀਆਂ ਹੀ ਕਢਵਾ ਲਈਆਂ ਨੇ। ਦੂਸਰੇ ਨੇ ਕਿਹਾ, ਮੇਰੀਆਂ ਧਾਰੀਵਾਲ ਦੀਆਂ ਗਰਮ ਚਾਦਰਾਂ ਚੰਗੇ ਭਾਅ ਵਿਕ ਗਈਆਂ ਸਨ। ਕਰੀਬਨ ਤਿੰਨ ਗੁਣਾ ਪੈਸੇ ਵੱਟ ਲਏ ਨੇ। ਮੈਂ ਤਾਂ ਸਵੇਰੇ ਡ੍ਰਾਈ

ਫਰੂਟ ਹੀ ਸਾਰਾ ਖਰੀਦ ਲੈਣਾ ਏ। ਕਸਟਮ ਵਾਲੇ ਨੂੰ ਕੁੱਝ ਦੇ ਦਿਆਂਗੇ। ਅਖੇ ਸਾਰਾ ਧਨ ਜਾਂਦਾ ਵੇਖੀਏ ਤਾਂ ਅੱਧਾ ਦਈਏ ਵੰਡ।

ਇੱਕ ਨੇ ਆਪਣੀ ਵਿਥਿਆ ਦੱਸੀ। ਗੁਰਦੁਆਰੇ ਕਿਸੇ ਮੇਰਾ ਬਟੂਆ ਕੱਢ ਲਿਆ। ਮੈਂ ਵੀ ਕਿਤੇ ਘੱਟ ਨਹੀਂ ਕੀਤੀ, ਮੈਂ ਲੰਗਰ ਵਾਲੇ ਕਿਸੇ ਬੰਦੇ ਦਾ ਪਰਸ ਕੱਢ ਲਿਆ। ਫੋਲਿਆ ਤਾਂ ਮੇਰੇ ਨਾਲੋਂ ਕਿਤੇ ਵੱਧ ਰਕਮ ਸੀ ਉਸ ਵਿੱਚ, ਰਕਮ ਕੱਢ ਕੇ ਮੈਂ ਬਟੂਆ ਉਥੇ ਹੀ ਸੁੱਟ ਦਿੱਤਾ। ਸਵੇਰੇ ਹੁਣ ਮੈਂ ਵੀ ਵਾਹਵਾ ਸਾਰਾ ਕੱਪੜਾ ਖਰੀਦਣਾ ਏ, ਜਾਪਾਨੀ ਕੱਪੜਾ ਬਹੁਤ ਵਧੀਆ ਤੇ ਸਸਤਾ ਏ। ਚੰਗਾ ਮੁਨਾਫ਼ਾ ਹੋ ਜਾਏਗਾ। ਬਾਬਾ ਨਾਨਕ ਦੀ ਕਿਰਪਾ ਨਾਲ ਥੋੜ੍ਹਾ ਬਹੁਤ ਕਸਟਮ ਵਾਲੇ ਦਾ ਮੱਥਾ ਡੰਮ੍ਹ ਦਿਆਂਗੇ। ਏਧਰ ਵਾਲੇ ਤਾਂ ਕੁੱਝ ਨਹੀਂ ਕਹਿੰਦੇ, ਸਾਡੇ ਵਾਲੇ ਬੜੇ ਨਾਮੁਰਾਦ ਨੇ।

ਮੈਂ ਸੁਣਦਾ ਸੁਣਦਾ ਪਤਾ ਨਹੀਂ ਕਦੋਂ ਸੌਂ ਗਿਆ। ਉਹ ਪਤਾ ਨਹੀਂ ਕਦੋਂ ਤੱਕ ਆਪਣੀਆਂ ਸਫਲ ਯਾਤਰਾ ਦੀਆਂ ਕਹਾਣੀਆਂ ਕਰਦੇ ਰਹੇ।

ਸਵੇਰੇ ਉਠੇ ਲੰਗਰ ਅੱਜ ਵੀ ਸਿੰਧੀਆਂ ਵਲੋਂ ਹੀ ਸੀ, ਪਰ ਜਗ੍ਹਾ ਸੌੜੀ ਹੋਣ ਕਰਕੇ ਭੀੜ ਭੜੱਕਾ ਕੁੱਝ ਜ਼ਿਆਦਾ ਹੀ ਸੀ ਨਨਕਾਣੇ ਸਾਹਿਬ ਨਾਲੋਂ। ਗੱਡੀ ਬਾਰਾਂ ਵਜੇ ਚੱਲਦੀ ਸੀ। ਇਸ਼ਨਾਨ ਕਰਕੇ ਅਸੀਂ ਗੁਰਦੁਆਰੇ ਜਾ ਕੇ ਬੈਠ ਗਏ। ਸਾਡੀ ਹੈਰਾਨੀ ਦੀ ਕੋਈ ਹੱਦ ਨਾ ਰਹੀ। ਭਾਈ ਮਰਦਾਨੇ ਦੀ ਅੰਸ਼ ਵਿਚੋਂ ਭਾਈ ਲਾਲ ਕੀਰਤਨ ਕਰ ਰਿਹਾ ਸੀ, ਪਰ ਸਰੋਤੇ ਬਹੁਤ ਘਟ ਸਨ। ਮੈਂ ਸੋਚਿਆ ਸਾਰੇ ਯਾਤਰੀ ਅੱਜ ਸਾਰੇ ਪੈਸੇ ਮੁਕਾ ਕੇ ਹੀ ਆਉਣਗੇ।

ਕਿਆ ਬਾਤ ਏ ਭਾਈ ਲਾਲ ਦੇ ਕੀਰਤਨ ਦੀ, ਪੂਰਾ ਘੰਟਾ ਉਸ ਨੇ 'ਗੁਰ ਪੂਰੇ ਦੀ ਵਡਿਆਈ' ਟੇਕ ਤੇ ਐਸੇ ਪ੍ਰਮਾਣ ਲਾਏ ਕਿ ਸੱਚ ਜਾਣਿਓਂ ਅਸੀਂ ਝੂਮ ਉਠੇ। ਸੁਰੀਲੀ ਤੇ ਭਰਵੀਂ ਆਵਾਜ਼ ਨੇ ਸਮਾਂ ਬੰਨ੍ਹ ਦਿੱਤਾ। ਅਸੀਂ ਹਾਲੇ ਪਤਾ ਨਹੀਂ ਕਿੰਨਾ ਚਿਰ ਮਸਤੀ ਵਿੱਚ ਝੂਮਦੇ ਰਹਿੰਦੇ ਜੇ ਸਾਹਮਣੇ ਦੀਵਾਰ ਤੇ ਲੱਗੀ ਘੜੀ ਤੇ ਨਾ ਵੇਖਦੇ। ਪੂਰੇ ਗਿਆਰਾਂ ਵੱਜ ਚੁੱਕੇ ਸਨ ਤੇ ਹਾਲ ਵਿਚੋਂ ਬਾਕੀ ਦੇ ਸਰੋਤੇ ਵੀ ਜਾ ਚੁੱਕੇ ਸਨ। ਅਸੀਂ ਅੱਭੜ ਵਾਹੇ ਉਠੇ ਤੇ ਬੈਗ ਲੈ ਕੇ ਗੁਰਦੁਆਰਿਓਂ ਬਾਹਰ ਆਏ । ਯਾਤਰੀ ਟਾਵੇਂ ਟਾਵੇਂ ਹੀ ਬਾਕੀ ਸਨ। ਬਹੁਤੇ ਜਾ ਚੁੱਕੇ ਸਨ।

'ਆਪਾਂ ਨਹੀਂ ਸੀ ਕੁੱਝ ਲੈਣਾ ਕਵੀ ਜੀ ?' ਮੈਂ ਪੁੱਛਿਆ।

'ਛੱਡ ਯਾਰ ਆਪਾਂ ਕੁੱਝ ਨਹੀਂ ਲੈਣਾ, ਹਾਲੇ ਹੁਣ ਵਕਤ ਤਾਂ ਵੇਖ।' ਏਨੇ ਨੂੰ ਇੱਕ ਬੱਸ ਆ ਗਈ ਜੋ ਵਕਫ਼ ਬੋਰਡ ਵਲੋਂ ਹੀ ਯਾਤਰੀਆਂ ਨੂੰ ਸਟੇਸ਼ਨ ਤੇ ਪੁਚਾਣ ਲਈ ਲੱਗੀ ਹੋਈ ਸੀ।

ਅਸੀਂ ਬੱਸ ਤੇ ਬੈਠ ਗਏ, ਮਹਾਰਾਜਾ ਰਣਜੀਤ ਸਿੰਘ ਦੇ ਕਿਲ੍ਹੇ ਜਾਮਾ ਮਸਜਿਦ ਵੱਲ ਹਸਰਤ ਭਰੀਆਂ ਨਜ਼ਰਾਂ ਨਾਲ ਵੇਖਿਆ। ਅੰਦਰ ਜਾ ਕੇ ਅਸੀਂ ਨਹੀਂ ਵੇਖ ਸਕੇ। ਬੱਸ ਸਟੇਸ਼ਨ ਤੇ ਪੁੱਜੀ ਤਾਂ ਸਾਹਮਣੇ ਇੱਕ ਰੇਹੜੀ ਤੇ ਬਹੁਤ

ਵਧੀਆ ਅੰਗੂਰ ਪਏ ਸਨ, ਕਵੀ ਜੀ ਨੇ ਸਲਾਹ ਦਿੱਤੀ ਕਿ ਆਪਾਂ ਸ੍ਰੀ ਸਤਿਗੁਰੂ ਜੀ ਵਾਸਤੇ ਇਹ ਅੰਗੂਰ ਲੈ ਚੱਲੀਏ, ਅੰਗੂਰ ਬਹੁਤ ਵਧੀਆ ਸਨ।

ਅਸਾਂ ਦੋ ਦੋ ਕਿਲੋ ਅੰਗੂਰ ਲਿਫਾਫਿਆਂ ਵਿੱਚ ਪੁਆ ਲਏ ਤੇ ਪੈਸੇ ਦੇ ਕੇ ਵਾਹੋ ਦਾਹੀ ਗੇਟ ਪਾਰ ਕਰਕੇ ਉਸੇ ਪਲੇਟ ਫਾਰਮ ਤੇ ਪੁੱਜ ਗਏ ਜਿੱਥੋਂ ਗੱਡੀ ਭਾਰਤ ਨੂੰ ਜਾਣੀ ਸੀ।

ਪਲੇਟ ਫਾਰਮ ਤੇ ਕੁਰਬਲ ਕੁਰਬਲ ਹੋ ਰਹੀ ਸੀ। ਪੰਜ ਪੰਜ ਗੰਢਾਂ ਤੇ ਬੈਗ ਇੱਕ ਇੱਕ ਬੰਦਾ ਲਈ ਬੈਠਾ ਸੀ। ਗੱਡੀ ਤੇ ਚੜ੍ਹਣ ਦੀਆਂ ਸਕੀਮਾਂ ਕਰ ਰਹੇ ਸਨ। ਇੱਕ ਦੂਜੇ ਦੀ ਮਦਦ ਕਰਨ ਦੇ ਅਹਿਦਨਾਮੇ ਹੋ ਰਹੇ ਸਨ।

ਮੈਂ ਸੋਚ ਰਿਹਾ ਸਾਂ ਜੇ ਇਹਨਾਂ ਨੂੰ ਮਰਦਾਨੇ ਵਾਂਗੂ ਗੁਰੂ ਨਾਨਕ ਨਾਲ ਉਡਣਾ ਪਵੇ ਤਾਂ ਕਿਵੇਂ ਉਡਣਗੇ। ਉਸ ਤਾਂ ਵਿਚਾਰੇ ਸ਼ਾਇਦ ਇੱਕ ਕੰਬਲ ਹੀ ਚੁੱਕਿਆ ਹੋਇਆ ਸੀ। ਇਹਨਾਂ ਨੇ ਤਾਂ ਦੋ-ਦੋ ਮਨ ਦਾ ਭਾਰ ਚੁੱਕਿਆ ਹੋਇਆ ਹੈ। ਚੱਲੋ ਇਹ ਜਾਣਨ, ਜੋ ਕਰਨਗੇ ਸੋ ਭਰਨਗੇ ਤੂੰ ਕਿਉਂ ਭਇਆ ਉਦਾਸ। ਮੈਂ ਏਸ ਪਾਸਿਓਂ ਸੋਚ ਕੇ ਕਵੀ ਜੀ ਨੂੰ ਪੁੱਛਿਆ ਕਿ 'ਇਹ ਸਾਡੇ ਬਾਰਡਰ ਤੇ ਪੂਰਾ ਬਖੇੜਾ ਪਾਉਣਗੇ। ਮੁਸ਼ਕਲ ਤਾਂ ਆਪਾਂ ਨੂੰ ਹੋਣੀ ਏਂ, ਜਿੰਨਾ ਕੋਲ ਕੋਈ ਸਾਮਾਨ ਨਹੀਂ ਤੇ ਸਾਨੂੰ ਵੀ ਇਹਨਾਂ ਦੇ ਵਿਹਲਿਆਂ ਹੋਣ ਤੱਕ ਤਪੱਸਿਆ ਕਰਨੀ ਪਵੇਗੀ।

'ਓਏ ਛੱਡ ਯਾਰ, ਫਸੀ ਨੂੰ ਫਟਕਣ ਕਾਹਦਾ', ਕਵੀ ਜੀ ਛਿੱਥੇ ਜਹੇ ਪਏ ਜਾਪਦੇ ਸਨ।

ਗੱਡੀ ਆ ਗਈ। ਸਾਡੇ ਕੋਲ ਕੋਈ ਸਾਮਾਨ ਨਹੀਂ ਸੀ, ਹੌਲਾ ਭਾਰ ਤੇ ਸਾਥ ਦੇ ਮੋਹਰੀ, ਸਾਨੂੰ ਬਾਰੀ ਕੋਲ ਹੀ ਸੀਟ ਮਿਲ ਗਈ। ਲੋਕ ਬਾਰੀਆਂ ਰਾਹੀਂ ਦਰਵਾਜਿਆਂ ਰਾਹੀਂ ਲਗੇ ਸਾਮਾਨ ਅੰਦਰ ਸੁੱਟਣ। ਅਸੀਂ ਆਰਾਮ ਨਾਲ ਆਹਮਣੇ ਸਾਹਮਣੇ ਵਾਲੀਆਂ ਸੀਟਾਂ 'ਤੇ ਬੈਠੇ ਇਹ ਸਾਰਾ ਤਮਾਸ਼ਾ ਵੇਖ ਰਹੇ ਸਾਂ। ਜਦੋਂ ਕੋਈ ਨੇੜਿਓਂ ਲੰਘਦਾ ਅਸੀਂ ਉਹਨਾਂ ਤੋਂ ਅੰਗੂਰਾਂ ਦੇ ਲਿਫਾਫੇ ਬਚਾਂਦੇ। ਅੱਧੇ ਘੰਟੇ ਵਿੱਚ ਗੱਡੀ ਭਰੀ ਕੀ ਤੂੜੀ ਪਈ ਸੀ। ਸੀਟਾਂ ਦੇ ਥੱਲੇ ਉਤੇ ਸਾਮਾਨ ਪਿਆ ਸੀ ਤੇ ਸਵਾਰੀਆਂ ਸਾਡੇ ਤੋਂ ਬਗੈਰ ਕਰੀਬਨ ਖੜ੍ਹੀਆਂ ਸਨ।

ਮੈਂ ਕਵੀ ਜੀ ਨੂੰ ਇੱਕ ਲਤੀਫਾ ਸੁਣਾਇਆ ਜੋ ਇਸ ਮੌਕੇ ਪੂਰਾ ਢੁੱਕਦਾ ਸੀ। ਇੱਕ ਆਦਮੀ ਦੇ ਮਕਾਨ ਦੀ ਛੱਤ ਬੜੀ ਕਮਜ਼ੋਰ ਸੀ, ਜਿਹੜਾ ਪਾਸਾ ਬਹਿਣ ਲੱਗਦਾ, ਉਹ ਥੱਲੇ ਥੰਮੀ ਦੇ ਦਿੰਦਾ। ਮਕਾਨ ਦੇ ਅੰਦਰ ਏਨੀਆਂ ਥੰਮੀਆਂ ਹੋ ਗਈਆਂ ਕਿ ਮੀਂਹ ਪੈਣ ਤੇ ਮਕਾਨ ਦੇ ਅੰਦਰ ਬਹਿਣ ਨੂੰ ਕੋਈ ਥਾਂ ਨਾ ਰਿਹਾ। ਵਿਚਾਰਾ ਬਾਹਰ ਬੈਠਾ ਭਿੱਜ ਰਿਹਾ ਸੀ। ਕਿਸੇ ਪੁੱਛਿਆ ਅੰਦਰ ਕਿਉਂ ਨਹੀਂ ਬਹਿੰਦਾ ਬਾਹਰ ਮੀਂਹ ਵਿੱਚ ਭਿੱਜ ਰਿਹਾ ਏ। ਅੱਗੋਂ ਮਕਾਨ ਮਾਲਕ ਨੇ ਉਤੱਰ ਦਿੱਤਾ, ਜਾ ਜਾ ਯਾਰ ਕੰਮ ਕਰ ਆਪਣਾ, ਜੇ ਬਹਿਣ ਜੋਗੀ ਜਗ੍ਹਾ ਹੁੰਦੀ ਤਾਂ ਦੋ ਥੰਮੀਆਂ ਹੀ ਨਾ ਦੇ ਦਿੰਦਾ। ਤੇ ਅਸੀਂ ਦੋਵੇਂ ਠਹਾਕਾ ਮਾਰ ਕੇ ਹੱਸ ਪਏ। ਨਾਲ ਦੇ

ਲੋਕਾਂ ਜਿਨ੍ਹਾਂ ਇਹ ਚੁਟਕਲਾ ਸੁਣਿਆ ਖਿਸਿਆਣੇ ਜਿਹੇ ਪਰ੍ਹਾਂ ਵੇਖਣ ਲੱਗ ਪਏ।

'ਕੁਫ਼ਰ ਟੂਟਾ ਖ਼ੁਦਾ ਖ਼ੁਦਾ ਕਰਕੇ' ਗੱਡੀ ਭਾਰਤ ਨੂੰ ਚੱਲ ਪਈ। ਅਸਾਂ ਇੱਕ ਪੱਛੀ ਝਾਤ ਲਾਹੌਰ ਸਟੇਸ਼ਨ ਤੇ ਪਾਈ। ਪਲੇਟ ਫਾਰਮ ਤੇ ਲੋਕ ਬਾਹਾਂ ਹਿਲਾ ਕੇ ਸਾਨੂੰ ਵਿਦਾਈ ਦੇ ਰਹੇ ਸਨ।

ਮੁਗਲ ਪੁਰੇ ਕੋਲ ਆਈ ਗੱਡੀ ਥੋੜ੍ਹੀ ਹੌਲੀ ਹੋਈ। ਕਵੀ ਜੀ ਬਾਹਰੋਂ ਮੂੰਹ ਕੱਢਕੇ ਕੁੱਝ ਵੇਖਿਆ ਤੇ ਮੈਨੂੰ ਹਲੂਣ ਕੇ ਇੱਕ ਬਿਲਡਿੰਗ ਵੱਲ ਇਸ਼ਾਰਾ ਕੀਤਾ, 'ਅਮਰੀਕ ਸਿੰਘ ਇਸ ਸਰਕਾਰੀ ਬਿਲਡਿੰਗ ਦੀਆਂ ਉਹ ਇੱਟਾਂ ਜੋ ਉਖੜੀਆਂ ਪਈਆਂ ਹਨ ਅੱਜ ਤੋਂ ਸੋਲਾਂ ਸਾਲ ਪਹਿਲਾਂ ਵੀ ਮੈਂ ਏਸੇ ਤਰ੍ਹਾਂ ਵੇਖੀਆਂ ਸਨ। ਅੱਜ ਵੀ ਉਸੇ ਤਰ੍ਹਾਂ ਉਖੜੀਆਂ ਪਈਆਂ ਨੇ, ਭਾਵ ਨਵੀਂ ਉਸਾਰੀ ਤਾਂ ਕੀ ਕਰਨੀ ਸੀ, ਬਣੀਆਂ ਹੋਈਆਂ ਦੀ ਵੀ ਮੁਰੰਮਤ ਨਹੀਂ ਕਰ ਸਕੇ, ਸਾਡੇ ਪਾਕਿਸਤਾਨੀ ਭਰਾ। ਸੋਲਾਂ ਸਾਲ ਪਹਿਲਾਂ ਮੈਂ ਲਾਹੌਰੋਂ ਸ੍ਰੀ ਭੈਣੀ ਸਾਹਿਬ ਗਿਆ ਸਾਂ ਉਦੋਂ ਵੀ ਇਹ ਇੱਟਾਂ ਉਸੇ ਤਰ੍ਹਾਂ ਉਖੜੀਆਂ ਹੋਈਆਂ ਸਨ।

'ਠੀਕ ਏ ਕਵੀ ਜੀ, ਭਾਗਾਂ ਵਾਲਾ ਪਿੰਡ ਪਰਾਲੀਓਂ ਦਿੱਸ ਪੈਂਦਾ ਏ ਦੱਸਣ ਦੀ ਕੀ ਲੋੜ ਪੈਂਦੀ ਏ, ਮੈਂ ਅਖਾਣ ਪਾਇਆ।

ਗੱਡੀ ਹਰਬੰਸ ਪੁਰੇ ਦਾ ਸਟੇਸ਼ਨ ਪਾਰ ਕਰ ਰਹੀ ਸੀ ਤੇ ਸਾਨੂੰ ਹਰਬੰਸ ਪੁਰੇ ਵਾਲੇ ਭਲੇ ਪਰਵਾਰ ਦੀ ਮਿੱਠੀ ਯਾਦ ਆ ਰਹੀ ਸੀ।

ਗੱਡੀ ਵਾਹਘਾ ਰੇਲਵੇ ਸਟੇਸ਼ਨ ਤੇ ਰੁੱਕੀ। ਏਥੇ ਸਾਰਾ ਸਾਮਾਨ ਉਤਾਰਨਾ ਪੈਂਦਾ ਸੀ। ਫੇਰ ਚੀਕ ਚਿਹਾੜਾ ਪੈ ਗਿਆ। ਸਾਮਾਨ ਉਤਾਰਿਆ ਜਾ ਰਿਹਾ ਸੀ। ਧੱਕਾ ਮੁੱਕੀ, ਬੋਲ ਬੁਲਾਰਾ, ਝਗੜੇ ਝਾਂਜੇ, ਬੱਸ ਮੱਛੀ ਮਾਰਕੀਟ ਬਣੀ ਹੋਈ ਸੀ। ਚੈਕਿੰਗ ਸ਼ੁਰੂ ਹੋਈ, ਸਾਮਾਨ ਫੋਲਿਆ ਜਾ ਰਿਹਾ ਸੀ। ਪਾਕਿਸਤਾਨੀ ਅਫਸਰ ਮਾਮੂਲੀ ਦੇਖਭਾਲ ਕਰ ਰਹੇ ਸਨ।

ਸਾਮਾਨ ਫੇਰ ਗੱਡੀ 'ਚ ਰੱਖਿਆ, ਗੱਡੀ ਚੱਲ ਪਈ। ਬਾਰਡਰ ਪਾਰ ਕਰਕੇ ਅਟਾਰੀ ਸਟੇਸ਼ਨ ਤੇ ਆ ਖੜ੍ਹੀ ਹੋਈ, ਫੇਰ ਉਹੀ ਰੌਲਾ, ਸ਼ੋਰ ਸ਼ਰਾਬਾ, ਸਾਮਾਨ ਉਤਾਰਿਆ ਗਿਆ। ਹਿੰਦੁਸਤਾਨੀ ਅਫਸਰ ਇੱਕ ਇੱਕ ਨੱਗ ਖੋਲ੍ਹ ਕੇ ਵੇਖਣ ਲੱਗੇ, ਉਹ ਕਸਟਮ ਦੀਆਂ ਪਰਚੀਆਂ ਕੱਟਣ ਲੱਗੇ। ਯਾਤਰੀਆਂ ਦੇ ਤਰਲੇ ਤੇ ਅਫਸਰਾਂ ਦਾ ਰੋਹਬ ਤੇ ਝਿੜਕੀਆਂ ਵੇਖਣ ਸੁਣਨ ਵਾਲਾ ਨਜ਼ਾਰਾ ਸੀ। ਯਾਤਰੀਆਂ ਤੇ ਤਰਸ ਵੀ ਆ ਰਿਹਾ ਸੀ ਤੇ ਗੁੱਸਾ ਵੀ। ਕਿਉਂ ਵਿਚਾਰਿਆਂ ਨੂੰ ਤੰਗ ਕਰ ਰਹੇ ਹਨ। ਗੁੱਸਾ ਇਸ ਕਰਕੇ ਕਿ ਇਹ ਲੋਕ ਇਹ ਕੰਮ ਕਰਕੇ ਆਪ ਖੱਜਲ ਹੁੰਦੇ ਹਨ, ਨਾਲੇ ਦੇਸ਼ ਦੀ ਇੱਜ਼ਤ ਖ਼ੁਆਰ ਕਰਦੇ ਨੇ।

ਅਸੀਂ ਸਾਰੇ ਲਾਈਨ 'ਚ ਲੱਗੇ ਸਾਂ, ਬੈਗ ਖੋਲ੍ਹੇ ਜਾ ਰਹੇ ਸਨ। ਬਾਦਾਮਾਂ ਦੀਆਂ ਗਿਰੀਆਂ ਤੇ ਹੋਰ ਡਰਾਈ ਫਰੂੱਟ ਪੈਰਾਂ ਵਿੱਚ ਰੁਲ ਰਿਹਾ ਸੀ। ਚੰਗੇ ਚੰਗੇ

ਮਾਣ ਇੱਜ਼ਤ ਵਾਲੇ ਦਿਸਦੇ ਲੋਕ ਬੇਇੱਜ਼ਤ ਹੋ ਰਹੇ ਸਨ। ਕਸਟਮ ਵਾਲਿਆਂ ਦੀਆਂ ਲਿਲਕੜੀਆਂ ਕੱਢ ਰਹੇ ਸਨ। ਮੈਂ ਤੇ ਕਵੀ ਜੀ ਹੈਰਾਨ ਹੋ ਰਹੇ ਸਾਂ। ਮੈਂ ਅਖਾਣ ਪਾਇਆ, 'ਭੱਠ ਪਾਈਏ ਸੋਨਾ ਜਿਹੜਾ ਕੰਨ ਪਾੜੇ।'

'ਬਿਲਕੁਲ ਠੀਕ' ਕੀਹ ਫਾਇਦਾ ਇਹੋ ਜਿਹੀ ਕਮਾਈ ਦਾ ਜੋ ਬੰਦੇ ਦੀ ਬੇਇੱਜ਼ਤੀ ਕਰੇ। ਕਵੀ ਜੀ ਨੇ ਮੇਰੇ ਅਖਾਣ ਦਾ ਮਤਲਬ ਸਮਝਦਿਆਂ ਮੇਰੀ ਗੱਲ ਦੀ ਪ੍ਰੋੜ੍ਹਤਾ ਕੀਤੀ।

ਲਾਈਨ ਬਹੁਤ ਲੰਮੀ ਸੀ। ਕਵੀ ਜੀ ਨੇ ਜਾਣ ਲੱਗਿਆਂ ਜੋ ਢੰਗ ਵਰਤਿਆ ਸੀ ਫੇਰ ਉਹ ਹੀ ਵਰਤਿਆ। ਅਸਾਂ ਬੈਗ ਵਿੱਚੋਂ ਕੱਪੜੇ ਕੱਢਕੇ, ਅੰਗੂਰਾਂ ਵਾਲੇ ਲਿਫਾਫੇ ਹੱਥਾਂ ਵਿੱਚ ਫੜਕੇ ਤੇ ਲਾਈਨ ਤੋੜਕੇ ਕਸਟਮ ਅਧਿਕਾਰੀ ਕੋਲ ਜਾ ਖੜ੍ਹੇ ਹੋਏ। ਇਹ ਅਧਿਕਾਰੀ ਉਸੇ ਦਿਨ ਵਾਲਾ ਸੀ, ਕਹਿਣ ਲੱਗਾ, ਤੁਸਾਂ ਬਹੁਤ ਠੀਕ ਕੀਤਾ, ਆ ਗਏ ਓ। ਤੁਸੀਂ ਕਿਉਂ ਤਕਲੀਫ ਪਾਓ ਇਹਨਾਂ ਬਲੈਕੀਆਂ ਨਾਲ। ਇਹ ਲੋਕ ਯਾਤਰਾ ਦੇ ਅਸਲ ਮੰਤਵ ਨੂੰ ਛੱਡ ਕੇ ਦੇਖੋ ਕੀ ਕੀ ਚੀਜ਼ਾਂ ਲਿਆਏ ਨੇ।'

ਅਧਿਕਾਰੀ ਨੇ ਇੱਕ ਸਰਦਾਰ ਜੀ ਵੱਲ ਇਸ਼ਾਰਾ ਕੀਤਾ, 'ਇਹ ਭਾਜੀ ਘੋੜੀ ਦੀਆਂ ਕਾਠੀਆਂ ਚੁੱਕ ਲਿਆਏ ਨੇ, ਪਰ ਜਦੋਂ ਅਸਾਂ ਕਾਠੀਆਂ ਖੋਲ੍ਹੀਆਂ, ਵਿੱਚ ਅਫ਼ੀਮ ਛਿਪਾ ਕੇ ਰੱਖੀ ਹੋਈ ਸਾਨੂੰ ਮਿਲੀ। ਦੱਸੋ ਅਸੀਂ ਕੀ ਕਰੀਏ ਤੇ ਕੀ ਨਾ ਕਰੀਏ।'

ਉਸ ਗੱਲ ਜਾਰੀ ਰੱਖੀ, 'ਹੁਣ ਇਹ ਗੁਰੂ ਨਾਨਕ ਦੇ ਵਾਸਤੇ ਪਾ ਰਿਹਾ ਏ, ਅਸੀਂ ਇਹਨੂੰ ਕਿਵੇਂ ਛੱਡ ਸਕਦੇ ਹਾਂ। ਤਿੰਨ ਕਿਲੋ ਦੇ ਕਰੀਬ ਅਫ਼ੀਮ ਏ। ਇਹਨੂੰ ਗੁਰੂ ਨਾਨਕ ਪਹਿਲਾਂ ਨਹੀਂ ਦਿੱਸਿਆ। ਉਹ ਤਾਂ ਸਭ ਨਸ਼ਿਆਂ ਤੋਂ ਦੂਰ ਰਹਿਣ ਦੀ ਤਲਕੀਨ ਕਰਦੇ ਹਨ।'

ਮੈਨੂੰ ਯਾਦ ਆਇਆ ਇਹ ਬੰਦਾ ਗੱਡੀਓਂ ਉਤਰਦਾ ਕਹਿ ਰਿਹਾ ਸੀ। ਕਸਟਮ ਵਾਲੇ ਤੱਕ ਇੱਕ ਕਾਠੀ ਮੈਂ ਚੁੱਕ ਲਵਾਂ ਜੇ ਮੈਂ ਉਹਦੀ ਗੱਲ ਮੰਨ ਲੈਂਦਾ ਤਾਂ ਉਹਦੇ ਨਾਲ ਹੀ ਖੜ੍ਹੇ ਹੋਣਾ ਸੀ ਤੇ ਮੈਂ ਖੌਰੇ ਚੁੱਕ ਹੀ ਲੈਂਦਾ ਪਰ ਕਵੀ ਜੀ ਨੇ ਮੈਨੂੰ ਰੋਕਿਆ ਤੇ ਮੈਂ ਬੱਚ ਗਿਆ।

ਕਸਟਮ ਅਧਿਕਾਰੀ ਨੇ ਸਾਡੇ ਕੱਪੜੇ, ਬੈਗ ਵੇਖੇ ਤੇ ਪਾਸਪੋਰਟ ਸਾਡੇ ਹੱਥ ਫੜਾਏ। ਹੱਸ ਕੇ ਕਹਿਣ ਲੱਗਾ, 'ਤੁਹਾਡੇ ਅੰਗੂਰ ਤਾਂ ਜ਼ਰੂਰ ਕਸਟਮ ਲੱਗਣ ਵਾਲੇ ਨੇ। ਤੁਸੀਂ ਹੋਰ ਕੁੱਝ ਵੀ ਨਹੀਂ ਲਿਆਏ। ਤੁਹਾਡੇ ਵਰਗੇ ਯਾਤਰੀ ਹੋਣ ਤਾਂ ਕਿੰਨਾ ਸੌਖਾ ਹੋ ਜਾਏ ਸਾਡੇ ਲਈ, ਨਾਲੇ ਇਹਨਾਂ ਲਈ।'

ਅਸੀਂ ਓਥੋਂ ਤਾਂ ਵਿਹਲੇ ਹੋ ਗਏ ਪਰ ਜਾਣਾ ਤਾਂ ਉਹਨਾਂ ਦੇ ਨਾਲ ਹੀ ਸੀ ਗੱਡੀ 'ਤੇ। ਏਸ ਭੀੜ ਭੜੱਕੇ ਤੇ ਸ਼ੋਰ ਗੁੱਲ ਤੋਂ ਦੂਰ ਅਸੀਂ ਇੱਕ ਬੈਂਚ 'ਤੇ ਜਾ ਬੈਠੇ।

'ਆਪੇ ਫਾਬੜੀਏ ਤੈਨੂੰ ਕੌਣ ਛੁਡਾਏ।' ਮੈਂ ਫੇਰ ਅਖਾਣ ਜੜਿਆ। ਕਵੀ ਜੀ ਹੱਸੇ ਤੇ ਆਖਣ ਲੱਗੇ, 'ਤੂੰ ਕੋਈ ਮੌਕਾ ਅਖਾਣੋਂ ਬਗੈਰ ਜਾਣ ਦੇਵੇਂਗਾ ਕਿ ਨਹੀਂ।'

'ਕਵੀ ਜੀ ਇਹ ਅਖਾਣ ਤਾਂ ਉਦੋਂ ਦੇ ਬਣੇ ਹੋਏ ਨੇ ਜਦੋਂ ਪਾਕਿਸਤਾਨ ਦਾ ਨਾਮੋ ਨਿਸ਼ਾਨ ਵੀ ਨਹੀਂ ਸੀ। ਪਰ ਦੇਖੋ ਇਹ ਅੱਜ ਵੀ ਓਵੇਂ ਹੀ ਢੁੱਕਦੇ ਨੇ। ਮੈਂ ਆਪਣੇ ਅਖਾਣਾਂ ਦੀ ਸਿਫ਼ਤ ਕੀਤੀ ਤੇ ਗੱਲ ਜਾਰੀ ਰੱਖਦਿਆਂ ਆਖਿਆ। ਅਖਾਣਾਂ ਦੇ ਰਚਨਹਾਰਾਂ ਦਾ ਪਤਾ ਨਹੀਂ, ਇਹ ਵੀ ਖ਼ਬਰ ਨਹੀਂ ਕਿ ਇਹ ਕਦੋਂ ਰਚੇ ਗਏ ਹੋਣ, ਇਹ ਹੈਣ ਪੂਰੇ ਸੱਚੇ। ਸਾਨੂੰ ਜ਼ਿੰਦਗੀ ਵਿੱਚ ਆਪਣੀ ਗੱਲ ਦੀ ਪਕਿਆਈ ਲਈ ਇਹਨਾਂ ਨੂੰ ਵਰਤਣਾ ਹੀ ਪੈਂਦਾ ਹੈ। ਜਿੰਨੇ ਅਖਾਣ ਕੋਈ ਆਪਣੀ ਬੋਲਚਾਲ ਵਿੱਚ ਜ਼ਿਆਦਾ ਵਰਤਦਾ ਏ, ਉਨੀ ਹੀ ਉਸਦੀ ਬੋਲਚਾਲ ਪਰਪੱਕ ਤੇ ਅਸਰਦਾਰ ਸਮਝੀ ਜਾਂਦੀ ਏ।'

'ਬਿਲਕੁਲ ਠੀਕ' ਕਵੀ ਜੀ ਮੇਰੀ ਇਸ ਗੱਲ ਨੂੰ ਮੰਨਦਿਆਂ ਕਹਿਣ ਲੱਗੇ, 'ਅਖਾਣ ਪੁਰਾਣਾ ਇਤਿਹਾਸ ਵੀ ਦੱਸਦੇ ਨੇ।' ਜ਼ਾਲਮ ਹਮਲਾਵਰ ਅਹਿਮਦ ਸ਼ਾਹ ਅਬਦਾਲੀ ਨੇ ਭਾਰਤ ਤੇ ਕਈ ਵਾਰ ਹਮਲੇ ਕੀਤੇ ਸਨ। 'ਪਿੰਡ ਆਉਂਦੇ ਤੇ ਲੁੱਟ ਕੇ ਲੈ ਜਾਂਦੇ' ਅਖਾਣ ਪ੍ਰਸਿੱਧ ਹੋਇਆ। 'ਖਾਧਾ ਪੀਤਾ ਲਾਹੇ ਦਾ ਵਾਧਾ ਅਹਿਮਦ ਸ਼ਾਹੇ ਦਾ' ਗੱਲ ਕਰਦਿਆਂ ਸਾਡਾ ਦੋਹਾਂ ਦਾ ਧਿਆਨ ਆਕਾਸ਼ ਵੱਲ ਚਲਾ ਗਿਆ। ਅੰਮ੍ਰਿਤਸਰੋਂ ਕਾਂ ਲਾਹੌਰ ਨੂੰ ਉਡਦੇ ਜਾ ਰਹੇ ਸਨ, ਚਿੜੀਆਂ ਦੀਆਂ ਡਾਰਾਂ ਪਾਕਿਸਤਾਨ ਵਲੋਂ ਹਿੰਦੁਸਤਾਨ ਨੂੰ ਜਾ ਰਹੀਆਂ ਸਨ।

ਮੈਂ ਹੱਸ ਕੇ ਆਖਿਆ, 'ਇਹ ਕਾਂ ਚਿੜੀਆਂ ਬਿਨਾ ਪਾਸਪੋਰਟ ਬਿਨਾ ਵੀਜ਼ੇ ਓਧਰ ਜਾ ਰਹੀਆਂ ਨੇ। ਕੋਈ ਕਸਟਮ ਅਧਿਕਾਰੀ ਇਹਨਾਂ ਨੂੰ ਨਹੀਂ ਰੋਕਦਾ, ਕੋਈ ਇਹਨਾਂ ਦੇ ਬੈਗ ਜਾਂ ਗੰਢਾਂ ਨਹੀਂ ਖੋਲ੍ਹਦਾ।'

ਕਵੀ ਜੀ ਆਪਣੇ ਅੰਦਾਜ਼ ਨਾਲ ਠਹਾਕਾ ਮਾਰ ਕੇ ਹੱਸੇ ਤੇ ਕਹਿਣ ਲੱਗੇ, 'ਅਮਰੀਕ ਸਿੰਘ ਇਹਨਾਂ ਅੰਦਰ ਕਬਜ਼ੇ ਦੀ ਕੋਈ ਭਾਵਨਾ ਨਹੀਂ, ਕੋਈ ਵਿਤਕਰਾ ਨਹੀਂ, ਕੋਈ ਮਜ਼ਹਬ ਨਹੀਂ। ਬੱਸ ਇਕੋ ਨਿਸ਼ਾਨਾ ਹੈ ਚੋਗਾ ਚੁੱਗਣਾ, ਜਿੱਥੋਂ ਵੀ ਮਿਲੇ, ਰਾਤ ਨੂੰ ਆਪਣੇ ਆਲ੍ਹਣੇ ਵਿੱਚ ਪੁੱਜਣਾ। ਕਿਸੇ ਥਾਂ ਤੇ ਕੋਈ ਕਬਜਾ ਨਹੀਂ, ਕੋਈ ਝਗੜਾ ਨਹੀਂ। ਕਿਸੇ ਨੇ ਇੱਥੋਂ ਉਡਾਇਆ, ਉਹ ਉਡ ਕੇ ਦੂਜੇ ਖੇਤ ਚਲੇ ਜਾਂਦੇ ਹਨ, ਗੁੱਸਾ ਨਹੀਂ ਗਿਲਾ ਨਹੀਂ।

ਗੱਲ ਜਾਰੀ ਰੱਖਦਿਆਂ ਉਨ੍ਹਾਂ ਫ਼ਲਸਫ਼ਾਨਾ ਅੰਦਾਜ਼ ਵਿੱਚ ਆਖਿਆ, 'ਇਹ ਸਾਰੇ ਪੁਆੜੇ ਕਬਜ਼ੇ ਦੇ ਹੀ ਹਨ। ਬੰਦੇ ਨੂੰ ਤੁਸੀਂ ਖੁਲ੍ਹ ਦੇ ਦਿਓ, ਇਹ ਕੱਲਾ ਹੀ ਸਾਰੀ ਦੁਨੀਆਂ ਤੇ ਕਬਜਾ ਕਰਕੇ ਆਖੇਗਾ, ਇਹ ਸਾਰੀ ਧਰਤੀ ਤਾਂ ਮੇਰੀ ਹੀ ਹੈ, ਬੜਾ ਚੰਗਾ ਹੋਵੇ ਜੇ ਸਾਰੇ ਲੋਕ ਕਿਸੇ ਹੋਰ ਧਰਤੀ 'ਤੇ ਜਾ ਵੱਸਣ।'

ਇਤਿਹਾਸਕ ਪ੍ਰਮਾਣ ਦਿੰਦਿਆਂ ਕਵੀ ਜੀ ਨੇ ਕਿਹਾ ਕਿ 'ਸਿਕੰਦਰ,

ਮਹਿਮੂਦ ਗਜ਼ਨਵੀ, ਮੁਹੰਮਦ ਗੌਰੀ, ਬਾਬਰ, ਨਾਦਰਸ਼ਾਹ, ਅਹਿਮਦ ਸ਼ਾਹ ਅਬਦਾਲੀ, ਅੰਗਰੇਜ਼ ਤੇ ਹੋਰ ਅਨੇਕਾਂ ਕਬਜ਼ਾ ਕਰਨ ਦੇ ਮੰਤਵ ਨਾਲ ਹੀ ਹਮਲਾਵਰ ਬਣੇ ਤੇ ਅਨਗਿਣਤ ਮਨੁੱਖ ਅਨਿਆਈਂ ਮੌਤ ਦੇ ਸ਼ਿਕਾਰ ਹੋਏ। ਇਨਸਾਨ ਉਤੇ ਇਹ ਪਾਬੰਦੀਆਂ, ਪਾਸਪੋਰਟ, ਵੀਜ਼ੇ ਇਸੇ ਵਾਸਤੇ ਲਾਗੂ ਹੋਏ ਹਨ। ਇਹਦੀ ਕਬਜੇ ਵਾਲੀ ਭਾਵਨਾ ਨੂੰ ਨੱਥ ਪਾਉਣ ਲਈ। ਔਹ ਵੇਖ ਇੱਕ ਚੂਹਾ ਇਸ ਖੁੱਡ ਵਿਚੋਂ ਨਿਕਲਕੇ ਹਿੰਦੁਸਤਾਨ ਜਾ ਵੜਿਆ ਹੈ, ਕਬਜ਼ੇ ਦੀ ਭਾਵਨਾ ਤੋਂ ਦੂਰ ਇਹ ਕਿੰਨਾ ਆਜ਼ਾਦ ਹੈ।' ਤੇ ਕਵੀ ਜੀ ਨੇ ਇੱਕ ਮੋਟਾ ਚੂਹਾ ਹਿੰਦੁਸਤਾਨ ਨੂੰ ਜਾਂਦਾ ਵਿਖਾਇਆ।

ਮੈਂ ਬਹੁਤ ਹੱਸਿਆ। ਧਿਆਨ ਆਇਆ ਹਾਲੇ ਕੁੱਝ ਰਹਿੰਦੇ ਸਨ ਤਲਾਸ਼ੀ ਕਰਾਉਣ ਵਾਲੇ, ਅਸੀਂ ਬੈਂਚ ਤੋਂ ਉਠੇ ਤੇ ਪਲੇਟ ਫਾਰਮ ਤੇ ਟਹਿਲਣ ਲੱਗ ਪਏ। ਅਸੀਂ ਵੇਖਿਆ ਉਸ ਸਰਦਾਰ ਨੂੰ ਕਾਠੀਆਂ ਸਿਰ ਤੇ ਚੁਕਾਈ ਪੁਲਿਸ ਵਾਲੇ ਆਪਣੀ ਗੱਡੀ ਵੱਲ ਲੈ ਜਾ ਰਹੇ ਸਨ, ਕੁੱਝ ਹੋਰ ਸੱਜਣ ਵੀ ਸਨ, ਉਨ੍ਹਾਂ ਨੇ ਵੀ ਕੁੱਝ ਐਸਾ ਹੀ ਨੇਕ ਕੰਮ ਕੀਤਾ ਹੋਵੇਗਾ। ਮੈਂ ਸੋਚਿਆ, ਜੇ ਮੈਂ ਕਵੀ ਜੀ ਦੀ ਗੱਲ ਨਾ ਮੰਨਦਾ ਤਾਂ ਮੈਂ ਇਹਨਾਂ ਦੇ ਨਾਲ ਹੀ ਸ਼ਾਮਲ ਹੋਣਾ ਸੀ। ਮੇਰੇ ਮੂੰਹੋਂ ਨਿਕਲ ਗਿਆ, 'ਜਾਨ ਬਚੀ ਤਾਂ ਲਾਖੋਂ ਪਾਏ, ਤੇ ਕਵੀ ਜੀ ਨੇ ਅਖਾਣ ਪੂਰਾ ਕਰ ਦਿੱਤਾ, 'ਲੌਟ ਕੇ ਬੁੱਧੂ ਘਰ ਕੋ ਆਏ।'

ਕਵੀ ਜੀ ਸਮਝ ਗਏ ਸਨ ਕਿ ਮੁਲਜਮਾਂ ਨੂੰ ਵੇਖਕੇ ਹੀ ਮੈਂ ਅਖਾਣ ਪਾਇਆ ਹੈ।

ਵਪਾਰੀ ਯਾਤਰੂਆਂ ਦੀ ਲਾਈਨ ਖਤਮ ਹੋਈ ਤੇ ਮੈਂ ਫੇਰ ਉਹੋ ਅਖਾਣ ਜੜਿਆ, 'ਸ਼ੁਕਰ ਹੋਇਆ ਮੇਰਾ ਚਰਖਾ ਟੁੱਟਾ ਜਿੰਦ ਅਜ਼ਾਬੋਂ ਛੁੱਟੀ।' ਲੋਕ ਗੱਡੀ ਵਿੱਚ ਸਾਮਾਨ ਤੁਣ ਰਹੇ ਸਨ। ਹਫੜਾ ਤਫੜੀ ਅੱਗੇ ਤੋਂ ਵੀ ਜ਼ਿਆਦਾ ਸੀ। ਕਿਸੇ ਦੀਆਂ ਬਾਦਾਮਾਂ ਦੀਆਂ ਗਿਰੀਆਂ ਉਥੇ ਰਹਿ ਗਈਆਂ ਸਨ। ਕੋਸ਼ਿਸ਼ ਕੀਤਿਆਂ ਗੱਡੀ ਵਿਚ ਸੀਟਾਂ ਮਿਲ ਗਈਆਂ, ਵਿਸਲ ਹੋਈ, ਗਾਰਡ ਨੇ ਝੰਡੀ ਦਿੱਤੀ ਤੇ ਗੱਡੀ ਅੱਗੇ ਰਵਾਨਾ ਹੋਈ।

ਅੰਮ੍ਰਿਤਸਰ ਸਟੇਸ਼ਨ ਆ ਗਿਆ। ਅਸੀਂ ਉਤਰੇ ਤੇ ਭੀੜ ਤੋਂ ਪਹਿਲਾਂ ਹੀ ਗੇਟ ਪਾਰ ਕਰ ਗਏ। ਮੋਢਿਆਂ ਤੇ ਬੈਗ ਤੇ ਹੱਥ ਵਿੱਚ ਅੰਗੂਰਾਂ ਦੇ ਲਿਫਾਫੇ, ਇਹੀ ਤਾਂ ਸਾਮਾਨ ਸੀ ਸਾਡਾ। ਮੈਂ ਫੇਰ ਅਖਾਣ ਪਾਇਆ, 'ਹੌਲਾ ਭਾਰ ਤੇ ਸਾਥ ਦਾ ਮੋਹਰੀ।'

'ਠੀਕ ਏ ਤੂੰ ਮੌਕਾ ਨਾ ਜਾਣ ਦਈਂ ਅਖਾਣ ਤੋਂ ਬਗੈਰ।'

ਕਵੀ ਜੀ ਨੇ ਮੈਨੂੰ ਗਲਵਕੜੀ ਪਾਂਦਿਆਂ ਆਖਿਆ। ਰਿਕਸ਼ਾ ਲਿਆ ਤੇ ਨਾਮਧਾਰੀ ਧਰਮਸ਼ਾਲਾ ਪੁੱਜੇ। ਪਤਾ ਲੱਗਿਆ ਕਿ ਸਤਿਗੁਰੂ ਜੀ ਸੁੱਖ ਆਸਣ ਹੋ ਚੁੱਕੇ ਹਨ। ਸਾਨੂੰ ਵੀ ਮਹੰਤ ਜੀ ਨੇ ਜਗ੍ਹਾ ਦੇ ਦਿੱਤੀ ਤੇ ਅਸੀਂ ਮਿੱਠੀ ਨੀਂਦਰ ਦੇ

ਪੰਘੂੜੇ ਵਿੱਚ ਹੁਲਾਰੇ ਲੈਣ ਲੱਗ ਪਏ।

ਸਵੇਰੇ ਆਸਾ ਦੀ ਵਾਰ ਵਿੱਚ ਪਾਤਸ਼ਾਹਾਂ ਨੂੰ ਜਾ ਨਮਸਕਾਰ ਕੀਤੀ ਤੇ ਅੰਗੂਰ ਦੇ ਲਿਫਾਫੇ ਭੇਟ ਕੀਤੇ। ਕਵੀ ਜੀ ਉਚੀ ਸਾਰੀ ਆਖਿਆ, 'ਹਜ਼ੂਰ ਇਹ ਸਿਰਫ਼ ਆਪ ਜੀ ਦੀ ਹੀ ਰਸਨੀ ਲਾਇਕ ਅਸੀਂ ਪਾਕਿਸਤਾਨ ਤੋਂ ਲੈ ਕੇ ਆਏ ਹਾਂ। ਅਸੀਂ ਡ੍ਰਾਈ ਫਰੂਟ ਨਹੀਂ ਵੈਟ (ਗਿੱਲਾ) ਫਰੂਟ ਹੀ ਲਿਆਏ ਹਾਂ।'

ਸਤਿਗੁਰੂ ਜੀ ਮੁਸਕਰਾਏ ਤੇ ਲਿਫਾਫੇ ਪਾਸੇ ਰੱਖਣ ਦਾ ਇਸ਼ਾਰਾ ਕੀਤਾ। ਉਹਨਾਂ ਹਾਲੇ ਬੋਲਣਾ ਨਹੀਂ ਸੀ। ਆਸਾ ਜੀ ਦੀ ਵਾਰ ਦਾ ਭੋਗ ਪਿਆ, ਜਲ ਪਾਣੀ ਛੱਕ ਹੀ ਰਹੇ ਸਾਂ ਕਿ ਸ੍ਰੀ ਹਜ਼ੂਰ ਨੇ ਸਾਨੂੰ ਹਾਜ਼ਰ ਹੋਣ ਲਈ ਹੁਕਮ ਘੱਲਿਆ।

ਜਲਦੀ ਜਲਦੀ ਅਸੀਂ ਪੌੜੀਆਂ ਚੜ੍ਹ ਕੇ, ਦਰਸ਼ਨ ਕਰਕੇ ਇੱਕ ਪਾਸੇ ਬੈਠ ਗਏ। ਕਾਫੀ ਪਤਵੰਤੇ ਜਨ ਬੈਠੇ ਸਨ। ਸੱਚੇ ਪਾਤਸ਼ਾਹ ਉਹੀ ਅੰਗੂਰ ਰਸਨੀ ਲਾ ਰਹੇ ਸਨ। ਸਾਡੇ ਵੱਲ ਕ੍ਰਿਪਾ ਦ੍ਰਿਸ਼ਟੀ ਕਰਕੇ ਸਾਨੂੰ ਕਿਹਾ, 'ਅੰਗੂਰ ਠੀਕ ਹੀ ਵਧੀਆ ਨੇ ਕਵੀ ਜੀ, ਇਹ ਹੀ ਅਸਲੀ ਚਮਨ ਦੇ ਅੰਗੂਰ ਨੇ।'

'ਤੁਹਾਡੇ ਰਸਨੀ ਲੱਗ ਕੇ ਗਰੀਬ ਨਿਵਾਜ਼ ਜੀ ਇਹ ਹੋਰ ਵਧੀਆ ਤੇ ਵਡਭਾਗੇ ਹੋ ਗਏ ਨੇ।' ਕਵੀ ਜੀ ਨੇ ਨਿੰਮਰਤਾ ਨਾਲ ਅਰਜ਼ ਕੀਤੀ।

ਸਤਿਗੁਰੂ ਜੀ ਨੇ ਸਾਡੇ ਸਫ਼ਰ ਬਾਰੇ ਪੁੱਛਿਆ। ਕਵੀ ਜੀ ਨੇ ਗਿਆਨੀ ਅਬਾਦੁੱਲਾ, ਭਾਈ ਨਸੀਰ, ਭਾਈ ਤਾਬਾ ਬਾਰੇ ਵਿਸਥਾਰ ਨਾਲ ਦੱਸਿਆ।

ਪਾਤਸ਼ਾਹਾਂ ਨੇ ਇੱਕ ਹੌਕਾ ਲਿਆ ਤੇ ਆਖਿਆ, 'ਭਾਈ ਨਸੀਰ ਤੇ ਉਸਤਾਦ ਭਾਈ ਤਾਬਾ ਕਿੰਨੇ ਕੀਮਤੀ ਆਦਮੀ ਨੇ, ਪਰ ਮਿੱਟੀ ਵਿੱਚ ਵਿਚਾਰੇ ਰੁਲ ਰਹੇ ਨੇ। ਬਹੁਤ ਜਤਨ ਕੀਤੇ ਕਿ ਉਹ ਏਥੇ ਹੀ ਰਹਿ ਜਾਣ ਪਰ ਗੱਲ ਬਣੀ ਨਹੀਂ। ਬੜਾ ਵੱਡਾ ਖ਼ਜ਼ਾਨਾ ਸੀ ਉਹਨਾਂ ਕੋਲ ਗੁਰਮਤਿ ਸੰਗੀਤ ਤੇ ਸੁਰਤਾਲ ਦਾ।'

'ਹਾਂ ਸੱਚੇ ਪਾਤਸ਼ਾਹੋ, ਹੁਣ ਤਾਂ ਗੱਧੇ ਗਲ ਮੋਤੀ ਪਏ ਹੋਣ ਵਾਲੀ ਗੱਲ ਏ। ਉਧਰ ਦੇ ਲੋਕਾਂ ਨੂੰ ਕੀ ਸਾਰ ਏ ਏਸ ਲਾਲ ਦੀ।' ਮੈਂ ਕੋਲੋਂ ਹੀ ਅਰਜ਼ ਕੀਤੀ।

ਕਾਫੀ ਦੇਰ ਗੱਲਾਂ ਹੁੰਦੀਆਂ ਰਹੀਆਂ ਪਾਕਿਸਤਾਨ ਬਾਰੇ ਤੇ ਕੁੱਝ ਦੇਰ ਬਾਅਦ ਅਸੀਂ ਥੱਲੇ ਆ ਗਏ।


ਦੂਜੇ ਦਿਨ ਅਮਨ ਕਾਨਫਰੰਸ ਵਿੱਚ ਸ਼ਾਮਲ ਹੋਏ।

ਏਸ ਤਰ੍ਹਾਂ ਪਾਕਿਸਤਾਨ ਦੀ ਯਾਤਰਾ ਨਾਲ ਸਰਸ਼ਾਰ ਹੋਏ ਅਸੀਂ ਸ੍ਰੀ ਜੀਵਨ ਨਗਰ ਪਹੁੰਚੇ।

# ਪਾਕਿਸਤਾਨ ਯਾਤਰਾ 2007



ਮਾਸਟਰ ਜੀ ਸਕੂਲ ਦੇ ਸਟਾਫ ਨਾਲ ਆਪਣੀਆਂ ਯਾਦਾਂ ਸਾਂਝੀਆਂ ਕਰਦੇ ਹੋਏ।
ਨਾਲ ਹਨ ਸਾਧੂ ਸਿੰਘ ਜੀ ਕਿਸਾਨ।



ਪਾਕਿਸਤਾਨ ਵਿਖੇ ਮਾਸਟਰ ਅਮਰੀਕ ਸਿੰਘ ਉਸ ਸਕੂਲ ਦੇ ਸਟਾਫ ਨਾਲ
ਆਪਣੇ ਮਨੋਭਾਵ ਸਾਂਝੇ ਕਰ ਰਹੇ ਹਨ ਜਿਸ ਸਕੂਲ 'ਚ
ਆਪ 1947 ਤੋਂ ਪਹਿਲਾਂ ਪੜ੍ਹਦੇ ਰਹੇ।




ਸਾਇੰਸ ਸਕੂਲ ਗੁਜਰਾਂਵਾਲਾ (ਪਾਕਿਸਤਾਨ) ਵਿੱਚ ਮਾਸਟਰ ਅਮਰੀਕ ਸਿੰਘ ਨੂੰ ਯਾਦਗਾਰੀ ਮੋਮੈਂਟੋ ਦਿੰਦੇ ਹੋਏ ਮਲਿਕ ਜ਼ਾਹਿਦ ਮੁਮਤਾਜ਼ ਅਤੇ ਸਕੂਲ ਦੇ ਪ੍ਰਿੰਸੀਪਲ ਤੇ ਹੋਰ ਪਤਵੰਤੇ।



ਪ੍ਰਿੰਸੀਪਲ ਮੁਹੰਮਦ ਮੁਸਤਫ਼ਾ ਜੱਜਾ ਮਾਸਟਰ ਅਮਰੀਕ ਸਿੰਘ ਜੀ ਨੂੰ ਚੀਫ ਗੈਸਟ ਵਜੋਂ ਸਨਮਾਨ ਦਿੰਦੇ ਹੋਏ।



ਮਾਸਟਰ ਅਮਰੀਕ ਸਿੰਘ 60 ਸਾਲ ਪਹਿਲਾਂ ਜਿੱਥੇ ਪੜ੍ਹਦੇ ਰਹੇ : ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਦਾ ਗੌਰਮਿੰਟ ਹਾਈ ਸਕੂਲ ਗੁਜਰਾਂਵਾਲਾ। ਤਸਵੀਰ ਵਿੱਚ ਮਾਸਟਰ ਅਮਰੀਕ ਸਿੰਘ, ਬਲੀ ਸਿੰਘ, ਸਾਧੂ ਸਿੰਘ ਕਿਸਾਨ ਦੇ ਨਾਲ ਹਨ ਮਲਿਕ ਜ਼ਾਹਿਦ ਮਹਿਮੂਦ, ਗੁਰਤੇਜ ਕੁਹਾਰ ਫਿਰੋਜਪੁਰ, ਮਲਿਕ ਜ਼ਾਹਿਦ ਮੁਮਤਾਜ਼ (ਐਡਵੋਕੇਟ), ਪ੍ਰਿੰ. ਮੁਹੰਮਦ ਮੁਸਤਫ਼ਾ ਜੱਜਾ, ਰਮਨਦੀਪ ਸਿੰਘ ਛਿਹਰਟਾ ਤੇ ਹੋਰ ਵਿਸ਼ੇਸ਼ ਸਾਹਿਬਾਨ।



ਸਵਰਗਵਾਸੀ ਸ੍ਰੀ ਪ੍ਰੀਤਮ ਸਿੰਘ ਜੀ ਕਵੀ,
ਹੱਥਲੀ ਪੁਸਤਕ ਵਿੱਚ ਛਪੀ
ਪਾਕਿਸਤਾਨ ਦੀ ਪਹਿਲੀ ਯਾਤਰਾ-1962 ਵਿੱਚ ਲੇਖਕ ਦੇ ਅਗਰਣੀ ਸਾਥੀ।



ਪਾਕਿਸਤਾਨ ਵਿੱਚ ਮਲਿਕ ਜ਼ਾਹਿਦ ਮੁਮਤਾਜ਼ ਮਾਸਟਰ ਅਮਰੀਕ ਸਿੰਘ ਤੇ
ਸਾਥੀਆਂ ਦੀ ਗੌਰਮਿੰਟ ਸਕੂਲ ਗੁਜਰਾਂਵਾਲਾ ਵਿੱਚ ਆਉਣ ਤੇ ਅਗਵਾਨੀ ਕਰਦੇ ਹੋਏ।

# ਮੇਰੀ ਦੂਸਰੀ ਪਾਕਿਸਤਾਨ ਯਾਤਰਾ-2007

ਸੰਨ 2007 ਦੇ ਪਹਿਲੇ ਕਵਾਰਟਰ ਵਿੱਚ ਹਰਿਆਣਾ ਪੰਜਾਬੀ ਸਾਹਿਤ ਅਕੈਡਮੀ ਪੰਚਕੂਲਾ ਦੇ ਹਰਮਨ ਪਿਆਰੇ ਡਾਇਰੈਕਟਰ ਸਾਹਿਬ ਸ੍ਰੀ ਸੀ.ਆਰ.ਮੋਦਗਿਲ ਵਲੋਂ ਸਾਨੂੰ ਨਾਮਧਾਰੀ ਪੰਜਾਬੀ ਸਾਹਿਤ ਸਭਾ ਦੇ ਕੁੱਝ ਮੈਂਬਰਾਂ ਨੂੰ ਹਾਂਸੀ ਪਹੁੰਚਣ ਲਈ ਸੱਦਾ ਪੱਤਰ ਆਇਆ। ਸ਼ਹਿਰ ਹਾਂਸੀ ਵਿੱਚ ਉਪਰੋਕਤ ਅਕੈਡਮੀ ਵਲੋਂ ਬਾਬਾ ਫ਼ਰੀਦ ਦਾ ਸਾਲਾਨਾ ਸਮਾਗਮ ਸੀ।

ਪੰਜਾਬੀ ਦੇ ਪਹਿਲੇ ਸ਼ਾਇਰ ਬਾਬਾ ਫ਼ਰੀਦ ਨੇ ਏਥੇ ਬਾਰਾਂ ਸਾਲ ਬੰਦਗੀ ਕੀਤੀ ਸੀ। ਉਹਦੀ ਯਾਦ ਬਾਬਾ ਫ਼ਰੀਦ ਦੇ ਪੈਰੋਕਾਰਾਂ ਵਲੋਂ ਤਾਂ ਮਨਾਈ ਹੀ ਜਾਂਦੀ ਸੀ, ਮੋਦਗਿਲ ਸਾਹਿਬ ਨੇ ਕਈ ਸਾਲਾਂ ਤੋਂ ਹਰਿਆਣਾ ਪੰਜਾਬੀ ਸਾਹਿਤ ਅਕੈਡਮੀ ਵਲੋਂ ਵੀ ਸਰਕਾਰੀ ਤੌਰ ਤੇ ਮਨਾਣੀ ਸ਼ੁਰੂ ਕੀਤੀ ਹੋਈ ਹੈ।

ਏਸੇ ਸਮਾਗਮ ਵਿੱਚ ਮੇਰੇ ਨਾਲ ਨਾਮਧਾਰੀ ਪੰਜਾਬੀ ਸਾਹਿਤ ਸਭਾ ਦੇ ਸਰਗਰਮ ਮੈਂਬਰ ਜਿਸ ਤਰ੍ਹਾਂ ਸਾਧੂ ਸਿੰਘ ਕਿਸਾਨ, ਜੋਗਿੰਦਰ ਸਿੰਘ ਮੁਕਤਾ, ਗੁਰਦਿਆਲ ਸਿੰਘ ਪ੍ਰੀਤ, ਪੂਰਨ ਸਿੰਘ ਨਿਰਾਲਾ, ਹਰਭਜਨ ਸਿੰਘ ਰਾਜਾ ਤੇ ਹੋਰ ਕਈ ਵੀ ਪਹੁੰਚੇ ਹੋਏ ਸਨ।

ਸਮਾਗਮ ਵਿੱਚ ਪਾਕਿਸਤਾਨ ਤੋਂ ਵੀ ਕਈ ਪੰਜਾਬੀ ਸਾਹਿਤਕਾਰ ਸ਼ਾਮਲ ਹੋਏ। ਸਾਧੂ ਸਿੰਘ ਕਿਸਾਨ ਨੇ ਆਪਣੇ ਸੰਖਿਪਤ ਭਾਸ਼ਨ ਵਿੱਚ ਪੁੱਛਿਆ ਕਿ ਪਾਕਿਸਤਾਨੋਂ ਆਏ ਅਦੀਬ ਭਰਾਵੋ ਕੋਈ ਗੁਜਰਾਂਵਾਲੇ ਤੋਂ ਵੀ ਆਇਆ ਹੈ। ਜੇ ਆਇਆ ਹੋਵੇ ਤਾਂ ਸਾਨੂੰ ਜ਼ਰੂਰ ਮਿਲੇ। ਸਮਾਗਮ ਖਤਮ ਹੋਇਆ ਤਾਂ ਇੱਕ ਉਚਾ ਲੰਮਾ, ਨੀਲੀ ਸ਼ਰਟ ਤੇ ਕਾਲੀ ਪੈਂਟ ਪਹਿਣੀ, ਧੌਲੇ ਵਾਲਾਂ ਵਾਲਾ ਨੌਜਵਾਨ ਸਾਨੂੰ ਆ ਕੇ ਆਖਣ ਲੱਗਾ -

'ਮੈਂ ਕੁਜਰਾਂਵਾਲਿਓਂ ਆਇਆ ਹਾਂ ਭਾਈ ਸਾਹਿਬ !'

ਸਾਧੂ ਸਿੰਘ ਨੇ ਉਠ ਕੇ ਉਸਨੂੰ ਜੱਫੀ ਪਾ ਲਈ ਤੇ ਮੈਂ ਦੋਹਾਂ ਨੂੰ ਹੀ ਕਲਾਵੇ ਵਿੱਚ ਲੈ ਲਿਆ। ਸਾਡੇ ਦੋਹਾਂ ਦੀਆਂ ਅੱਖਾਂ ਵਿੱਚ ਅੱਥਰੂ ਸਨ, ਕਿਸਾਨ ਨੇ ਕਿਹਾ ''ਕੁਜਰਾਂ ਵਾਲਿਓਂ ਆਏ ਸੱਜਣਾ ! (ਗੁਜਰਾਂਵਾਲੇ ਦੇ ਅਸਲ ਵਸਨੀਕ ਇਹਨੂੰ ਕੁਜਰਾਂਵਾਲਾ ਹੀ ਕਹਿੰਦੇ ਨੇ) ਸਾਨੂੰ ਘੁਟ ਕੇ ਮਿਲ, ਅਸੀਂ ਆਪਣੀ ਜਨਮ-ਭੂਮੀ ਤੋਂ ਓਦਰੇ ਪਏ ਹਾਂ।''

''ਸੱਠ ਸਾਲ ਬਾਅਦ ਗੁਜਰਾਂ ਵਾਲੇ ਨੂੰ ਕੁਜਰਾਂ ਵਾਲਾ ਕਹਿਣ ਵਾਲਾ ਕੋਈ ਮਿਲਿਆ ਏ।'' ਮੈਂ ਭਾਵੁਕ ਹੁੰਦਿਆਂ ਆਖਿਆ।

ਉਹ ਸੱਜਣ ਜਿਸ ਨੇ ਆਪਣਾ ਨਾਮ 'ਜ਼ਾਹਿਦ ਮੁਮਤਾਜ਼' ਦੱਸਿਆ, ਸਾਨੂੰ ਪੂਰਾ ਗੁਜਰਾਂ ਵਾਲੇ ਸ਼ਹਿਰ ਦਾ ਰੂਪ ਲੱਗਿਆ।

''ਸ਼ਾਲਾ, ਜਵਾਨੀਆਂ ਮਾਣੋ ! ਕਦੀ ਅਸੀਂ ਵੀ ਗੁਜਰਾਂ ਵਾਲੇ ਜਾ ਸਕਾਂਗੇ ਅਸੀਂ ਉਹਨਾਂ ਲੋਕਾਂ ਦੀ ਮਿੱਠੀ ਬੋਲੀ ਸੁਣ ਸਕਾਂਗੇ।''

"ਕਿਉਂ ਨਹੀਂ, ਕਿਉਂ ਨਹੀਂ, ਜ਼ਰੂਰ ਅੱਲ੍ਹਾ ਖ਼ੈਰ ਕਰੇ, ਜ਼ਰੂਰ ਤੁਸੀਂ ਆਪਣੀ ਜਾਏ ਪੈਦਾਇਸ਼ (ਜਨਮ-ਭੂਮੀ) ਤੇ ਜਾਓਗੇ ਮੇਰੇ ਵੀਰੋ।" ਮੁਮਤਾਜ਼ ਨੇ ਯਕੀਨੀ ਸ਼ਬਦਾਂ ਵਿੱਚ ਸਾਡਾ ਹੌਂਸਲਾ ਵਧਾਇਆ।

ਕਿਸਾਨ ਕਹਿਣ ਲੱਗਾ, 'ਤੇਰੇ ਮੂੰਹ ਵਿੱਚ ਮਿਸ਼ਰੀ ਦੀਆਂ ਡਲੀਆਂ। ਤੈਨੂੰ ਲੱਖ ਲੱਖ ਅਸੀਸਾਂ, ਅਸੀਂ ਅਗਲੇ ਜਹਾਨ ਜਾਣ ਤੋਂ ਪਹਿਲਾਂ ਕੁਜਰਾਂ ਵਾਲੇ ਜ਼ਰੂਰ ਵੇਖਣਾ ਚਾਹੁੰਦੇ ਹਾਂ, ਕੋਈ ਵੀ ਜ਼ਰੀਆ ਹੋਵੇ।'

'ਸਰਦਾਰੋ ! ਇਹ ਕਿਹੜੀ ਗੱਲ ਹੈ ਮਨ ਵਿੱਚ ਨੇਕ ਖਵਾਹਿਸ਼ ਹੋਵੇ ਤਾਂ ਖ਼ੁਦਾਵੰਦ ਕਰੀਮ ਜ਼ਰੂਰ ਹੀ ਪੂਰੀ ਕਰਦਾ ਹੈ। ਮੈਂ ਤੁਹਾਨੂੰ ਤੁਹਾਡਾ ਹੀ ਇੱਕ ਸੱਜਣ ਮਿਲਾਂਦਾ ਹਾਂ, ਉਹ ਤੁਹਾਨੂੰ ਜ਼ਰੂਰ ਸਾਡੇ ਕੋਲ ਜਾਣ ਦਾ ਰਾਹ ਕੱਢ ਦੇਵੇਗਾ।" ਮੁਮਤਾਜ਼ ਨੇ ਕਿਹਾ।

ਰਾਤ ਨੂੰ ਅਕੈਡਮੀ ਦੇ ਪ੍ਰਬੰਧ ਹੇਠ ਸਾਡਾ ਖਾਣਾ ਹਿਸਾਰ ਗੁਰੂ ਜੰਬੇਸ਼ਵਰ ਯੂਨੀਵਰਸਿਟੀ ਦੇ ਗੈਸਟ ਹਾਉਸ ਵਿੱਚ ਸੀ। ਖਾਣਾ ਅਸਾਂ ਉਸ ਕੁਜਰਾਂ ਵਾਲੀਏ ਅਤੇ ਉਸਦੇ ਸਾਥੀਆਂ ਨਾਲ ਕੱਠਾ ਹੀ ਖਾਧਾ। ਉਥੇ ਹੀ ਮੀਆਂ ਮੁਮਤਾਜ਼ ਨੇ ਸਾਨੂੰ ਇੱਕ ਸੱਜਣ ਹਰਭਜਨ ਸਿੰਘ ਬਰਾਰ ਨਾਲ ਮਿਲਾਇਆ ਜੋ ਮੀਆਂ ਮੀਰ ਫਾਊਂਡੇਸ਼ਨ ਇੰਟਰਨੈਸ਼ਨਲ ਦਾ ਪ੍ਰਧਾਨ ਸੀ।

'ਲੌ ਜੀ ! ਇਹ ਸਰਦਾਰ ਸਾਹਿਬ ਤੁਹਾਡਾ ਪਾਕਿਸਤਾਨ ਜਾਣ ਦਾ ਪੂਰਾ ਇੰਤਜ਼ਾਮ ਕਰ ਦੇਣਗੇ।' ਜ਼ਾਹਿਦ ਮੁਮਤਾਜ਼ ਨੇ ਇੱਕ ਉਚੇ ਲੰਮੇ ਸਰਦਾਰ ਸਾਹਿਬ ਨਾਲ ਸਾਡੀ ਜਾਣ ਪਛਾਣ ਕਰਵਾਈ।

"ਹਾਂ ਤੁਸੀਂ ਆਪਣੇ ਪਾਸਪੋਰਟ ਤੇ ਫੋਟੋ ਕਾਪੀਆਂ ਮੈਨੂੰ ਭੇਜ ਦਿਓ ਤੇ ਪਾਕਿਸਤਾਨ ਜਾਣ ਦੀ ਤਿਆਰੀ ਕਰੋ। ਸਮਝੋ ਕਿ ਤੁਹਾਡਾ ਵੀਜ਼ਾ ਲੱਗ ਗਿਆ।" ਸਰਦਾਰ ਹਰਭਜਨ ਸਿੰਘ ਨੇ ਪੂਰੇ ਵਿਸ਼ਵਾਸ ਨਾਲ ਆਖਿਆ।

ਅਸਾਂ ਇੱਕ ਦੂਜੇ ਨੂੰ ਆਪਣੇ ਪਤੇ, ਟੈਲੀਫੋਨ ਨੰਬਰ ਲਿਖਾਏ ਤੇ ਫੇਰ ਮਿਲਣ ਦੀਆਂ ਆਸਾਂ ਲੈ ਕੇ ਹਾਂਸੀ ਤੋਂ ਵਿਦਾ ਹੋਏ।

ਮਲਿਕ ਜ਼ਾਹਿਦ ਮੁਮਤਾਜ਼ ਨੇ ਸਾਡੇ ਨਾਲ ਪੱਕੀ ਗੱਲ ਕੀਤੀ ਕਿ ਲਾਹੌਰ ਆ ਕੇ ਮੈਨੂੰ ਕੁਜਰਾਂ ਵਾਲੇ ਫੋਨ ਕਰਿਆ ਜੇ ਮੈਂ ਤੁਹਾਨੂੰ ਆ ਕੇ ਲੈ ਜਾਵਾਂਗਾ। ਜਿਵੇਂ ਅਸੀਂ ਵਾਹਘੇ ਬਾਰਡਰ ਤੇ ਪਹੁੰਚ ਗਏ ਹੋਈਏ।

ਚੰਗਾ ਮੁਮਤਾਜ਼ ਮੀਆਂ ਜ਼ਰੂਰ ਤੈਨੂੰ ਮਿਲਾਂਗੇ ਜੇ ਰੱਬ ਚਾਹਿਆ ਤਾਂ – 'ਨਹੀਂ ਰੱਬ ਨੇ ਚਾਹਿਆ ਹੀ ਏ ਤਾਂ ਹੀ ਸਾਡਾ ਮੇਲ ਹੋਇਆ ਏ। ਮੈਨੂੰ ਲਾਹੌਰ ਆ ਕੇ ਫੋਨ ਜ਼ਰੂਰ ਕਰਨਾ। ਇਹ ਕਹਿ ਕੇ ਉਹ ਆਪਣੇ ਸਾਥੀਆਂ ਵਿੱਚ ਜਾ ਰਲਿਆ ਤੇ ਅਸੀਂ ਬਰਾਰ ਸਾਹਿਬ ਨਾਲ ਪੱਕੀ ਕਰਕੇ ਪਿੰਡੋ ਪਿੰਡ ਆ ਗਏ।

ਸਾਧੂ ਸਿੰਘ ਕਿਸਾਨ ਹੁਰਾਂ ਪੂਰਾ ਤਰੱਦਦ ਕਰਕੇ ਸਾਡੇ ਪਾਸਪੋਰਟ ਕੱਠੇ ਕੀਤੇ। ਮੇਰਾ, ਸ੍ਰ. ਬਲੀ ਸਿੰਘ (ਕਿਸਾਨ ਸਾਹਿਬ ਦਾ ਛੋਟਾ ਵੀਰ) ਤੇ ਸੁਵਰਨ ਸਿੰਘ ਵਿਰਕ। ਸਾਡਾ ਚਾਰ ਜਣਿਆਂ ਦਾ ਹੀ ਪ੍ਰੋਗਰਾਮ ਬਣਿਆ। ਸਮੇਤ ਚਾਰ ਚਾਰ ਫੋਟੋਆਂ,

ਚਾਰੇ ਪਾਸਪੋਰਟ ਸ੍ਰ. ਹਰਭਜਨ ਸਿੰਘ ਬਰਾਰ ਹੁਰਾਂ ਨੂੰ ਅੰਮ੍ਰਿਤਸਰ ਭੇਜ ਦਿੱਤੇ ਤੇ ਨਾਲ ਪੰਜ ਪੰਜ ਸੌ ਰੁਪਇਆ ਵੀ।

ਕੁੱਝ ਦਿਨਾਂ ਬਾਅਦ ਅੰਮ੍ਰਿਤਸਰੋਂ ਫੋਨ ਆਇਆ ਕਿ ਤਿਆਰ ਰਹਿਣਾ ਸ਼ਾਇਦ 2 ਅਪ੍ਰੈਲ ਤੱਕ ਵੀਜ਼ੇ ਲੱਗ ਜਾਣ, ਫੇਰ ਫੋਨ ਆਇਆ ਕਿ 9 ਅਪ੍ਰੈਲ ਨੂੰ ਹੀ ਜਾਇਆ ਜਾ ਸਕੇਗਾ।

ਕਿਸਾਨ ਹੁਰੀਂ ਚੰਡੀਗੜ੍ਹ ਗਏ ਹੋਏ ਸਨ। 6 ਅਪ੍ਰੈਲ ਨੂੰ ਉਹਨਾਂ ਦਾ ਫੋਨ ਆਇਆ ਕਿ ਮੈਂ 8 ਅਪ੍ਰੈਲ ਨੂੰ ਅੰਮ੍ਰਿਤਸਰ ਪਹੁੰਚ ਜਾਵਾਂਗਾ। ਤੁਸੀਂ ਤਿੰਨੇ 8 ਅਪ੍ਰੈਲ ਨੂੰ ਹੀ ਕਿਸੇ ਵੇਲੇ ਅੰਮ੍ਰਿਤਸਰ ਪਹੁੰਜ ਚਾਣਾ। ਮੈਂ, ਬਲੀ ਸਿੰਘ ਤੇ ਸੁਵਰਨ ਸਿੰਘ ਵਿਰਕ ਨੂੰ ਫੋਨ ਕਰਕੇ ਤਿਆਰ ਹੋਣ ਲਈ ਕਿਹਾ। ਵਿਰਕ ਸਾਹਿਬ ਤਾਂ ਨਾਂਹ ਕਰ ਗਏ ਕਿਸੇ ਘਰੇਲੂ ਕਾਰਨ ਕਰਕੇ। ਮੈਂ ਤੇ ਬਲੀ ਸਿੰਘ ਆਪਣੇ ਬੈਗ ਲੈ ਕੇ 8 ਅਪ੍ਰੈਲ ਨੂੰ ਚੱਲ ਕੇ ਸ਼ਾਮ ਕਰੀਬ 4 ਵਜੇ ਅੰਮ੍ਰਿਤਸਰ ਅੱਡੇ ਤੇ ਪਹੁੰਚ ਗਏ ਜਿੱਥੇ ਕਿਸਾਨ ਹੁਰੀਂ ਸਾਡਾ ਇੰਤਜ਼ਾਰ ਕਰ ਰਹੇ ਸਨ।

ਰਾਤ ਅਸੀਂ ਤਿੰਨੇ ਸੂਬਾ ਮੋਹਕਮ ਸਿੰਘ ਹੁਰਾਂ ਦੇ ਘਰ ਠਹਿਰੇ। ਸਾਧੂ ਸਿੰਘ ਹੁਰਾਂ ਸਾਡੇ ਆਉਣ ਤੋਂ ਪਹਿਲਾਂ ਹੀ ਪਾਸਪੋਰਟ ਲੈ ਲਏ ਸਨ ਬਰਾਰ ਸਾਹਿਬ ਤੋਂ। ਲੁੜੀਂਦੀ ਰਕਮ ਦੇ ਬਰਾਬਰ ਪਾਕਿਸਤਾਨੀ ਕਰੰਸੀ ਵੀ ਬਦਲ ਲਈ ਸੀ। ਹਦਾਇਤ ਸੀ ਕਿ ਹੁਣ ਅਸੀਂ ਸਿੱਧਾ ਬਾਰਡਰ ਕਰਾਸ ਕਰ ਸਕਦੇ ਹਾਂ।

ਜਥੇਦਾਰ ਮੋਹਕਮ ਸਿੰਘ ਤੇ ਉਹਨਾਂ ਦੀ ਪਤਨੀ ਨੇ ਸਾਡੀ ਖੂਬ ਸੇਵਾ ਕੀਤੀ। ਰਾਤ ਬਹੁਤ ਦੇਰ ਤੱਕ ਬਚਨ ਬਿਲਾਸ ਹੁੰਦੇ ਰਹੇ, ਪੈਸੇ ਬਾਰੇ, ਦੇਸ਼ ਬਾਰੇ ਤੇ ਹੋਰ ਬੜਿਆਂ ਵਿਸ਼ਿਆਂ ਤੇ ਬਹਿਸ ਮੁਬਾਹਿਸਾ ਹੁੰਦਾ ਰਿਹਾ।

9 ਅਪ੍ਰੈਲ ਸਵੇਰੇ ਇਸ਼ਨਾਨ ਕਰਕੇ ਹਾਲੇ ਬੈਠੇ ਹੀ ਸਾਂ ਕਿ ਘਰ ਵਾਲਿਆਂ ਵਲੋਂ ਹੁਕਮ ਹੋਇਆ ਕਿ ਲੰਗਰ ਤਿਆਰ ਹੈ। ਲੰਗਰ ਛੱਕ ਕੇ ਸੂਬਾ ਜੀ ਨੇ ਸਾਨੂੰ ਸਲਾਹ ਦਿੱਤੀ ਕਿ ਮੈਂ ਤੁਹਾਨੂੰ ਬੱਸ ਤੇ ਚੜ੍ਹਾ ਆਵਾਂਗਾ ਤੇ ਸਵੇਰੇ ਹੀ ਬਾਰਡਰ ਤੇ ਪਹੁੰਚ ਜਾਈਏ ਤਾਂ ਠੀਕ ਹੈ।

ਆਪਣੀ ਵੱਡੀ ਕਾਰ ਤੇ ਸਾਨੂੰ ਸੂਬਾ ਜੀ ਨੇ ਅਟਾਰੀ ਜਾਣ ਵਾਲੀ ਬੱਸ ਤੇ ਚੜ੍ਹਾ ਦਿੱਤਾ। ਅਟਾਰੀ ਜਾ ਕੇ ਪਤਾ ਲੱਗਾ ਕਿ ਬਾਰਡਰ ਤੱਕ ਥ੍ਰੀ ਵਹੀਲਰ ਤੇ ਹੀ ਜਾਣਾ ਪਵੇਗਾ। ਜਿੰਨੇ ਪੈਸੇ ਬੱਸ ਵਾਲੇ ਨੇ ਸਾਡੇ ਤੋਂ ਅਟਾਰੀ ਤੱਕ ਦੇ ਲਏ ਸਨ ਉਨੇ ਹੀ ਪੈਸੇ ਥ੍ਰੀ ਵਹੀਲਰ ਵਾਲੇ ਨੇ ਬਾਰਡਰ ਤੱਕ ਲੈ ਲਏ। ਫਾਸਲਾ ਸਿਰਫ਼ ਦੋ ਕਿਲੋਮੀਟਰ ਹੀ ਸੀ।

ਬੜੀ ਉਤਸੁਕਤਾ ਸੀ ਮਨ ਵਿੱਚ ਕਿ ਅਸੀਂ ਸੱਚੀਓਂ ਹੀ ਆਪਣੀ ਜਨਮ-ਭੂਮੀ ਦੇ ਦਰਸ਼ਨ ਕਰਾਂਗੇ ਉਥੇ ਕਿਵੇਂ ਵਿਚਰਾਂਗੇ? ਕਿੱਥੇ ਰਹਾਂਗੇ? ਏਸ ਤਰ੍ਹਾਂ ਦੇ ਕਈ ਸਵਾਲ ਸਾਡੇ ਮਨ ਵਿੱਚ ਘੁੰਮ ਰਹੇ ਸਨ।

ਪਤਾ ਲੱਗਾ ਕਿ ਬਾਰਡਰ ਤਾਂ 10 ਵਜੇ ਖੁਲ੍ਹੇਗਾ।

ਮੈਂ ਸੋਚ ਰਿਹਾ ਸਾਂ ਕਿ ਆਪਣੇ ਹੀ ਘਰ ਜਾਣ ਲਈ ਕੀ ਕੁੱਝ ਕਰਨਾ ਪੈ ਰਿਹਾ ਹੈ। ਅਸੀਂ ਆਪਣੇ ਬੈਗ ਇੱਕ ਦੁਕਾਨ ਤੇ ਰੱਖ ਕੇ ਮੇਨ ਗੇਟ ਵੱਲ ਤੁਰਨ ਫਿਰਨ ਲੱਗ

ਪਏ। ਵੱਡਾ ਗੇਟ ਤਾਂ ਹਾਲੇ ਬੰਦ ਸੀ। ਛੋਟੇ ਗੇਟ ਰਾਹੀਂ ਅਸੀਂ ਅੰਦਰ ਇੱਕ ਅਧਿਕਾਰੀ ਨੂੰ ਮਿਲੇ। ਉਸ ਨੇ ਕਿਹਾ ਕਿ ਦਸ ਵੱਜਣ ਦਿਓ ਤੁਹਾਨੂੰ ਛੇਤੀ ਹੀ ਵਿਹਲਾ ਕਰ ਦਿਆਂਗੇ।

ਵੱਡੇ ਗੇਟ ਤੋਂ ਅੰਦਰ ਅਸਾਂ ਵੇਖਿਆ ਇੱਕ ਪਾਸੇ ਸਟੇਡੀਅਮ ਵਾਂਗੂ ਪੌੜੀਆਂ ਬਣੀਆਂ ਹੋਈਆਂ ਸਨ। ਸਾਨੂੰ ਦੱਸਿਆ ਗਿਆ ਕਿ ਸ਼ਾਮ ਨੂੰ ਜਦੋਂ ਦੋਹਾਂ ਦੇਸ਼ਾਂ ਦੇ ਝੰਡੇ ਡਾਉਨ ਕੀਤੇ ਜਾਂਦੇ ਹਨ ਤਾਂ ਨਜ਼ਾਰਾ ਵੇਖਣ ਵਾਲਾ ਹੁੰਦਾ ਹੈ। ਦੋਹਾਂ ਦੇਸ਼ਾਂ ਦੇ ਜਵਾਨ ਆਪਣੇ ਆਪਣੇ ਦੇਸ਼ ਦੀ ਰਾਸ਼ਟਰੀ ਧੁਨ ਵਜਾ ਕੇ ਤੇ ਵੇਖਣ ਯੋਗ ਪਰੇਡ ਕਰਕੇ ਸਲਾਮੀ ਲੈਂਦੇ ਹਨ। ਦੋਹਾਂ ਦੇਸ਼ਾਂ ਦੇ ਜਵਾਨ ਆਪਸ ਵਿੱਚ ਹੱਥ ਮਿਲਾ ਕੇ ਝੰਡੇ ਡਾਉਨ ਕਰਦੇ ਹਨ। ਦੋਹਾਂ ਪਾਸਿਆਂ ਦੀ ਬਹੁਤ ਸਾਰੀ ਜਨਤਾ ਸ਼ਾਮ ਨੂੰ ਏਸ ਪਰੇਡ ਨੂੰ ਵੇਖਣ ਲਈ ਉਹਨਾ ਪੌੜੀਆਂ ਦੇ ਬੈਠ ਜਾਂਦੀ ਹੈ। ਏਸ ਨਜ਼ਾਰੇ ਦੀਆਂ ਸੀ.ਡੀ., ਕੈਸਟਾਂ ਵਿਕਦੀਆਂ ਸਨ, ਮੈਂ ਵੀ ਇੱਕ ਖਰੀਦ ਲਈ। ਕਿਉਂਕਿ ਮੈਂ ਅੰਦਾਜ਼ਾ ਲਾਇਆ ਕਿ ਅਸੀਂ ਆਉਂਦੀ ਵੇਰ ਵੀ ਤੇ ਜਾਂਦੀ ਵੇਰ ਵੀ ਉਹ ਨਜ਼ਾਰਾ ਨਹੀਂ ਵੇਖ ਸਕਾਂਗੇ।

ਦਸ ਵਜੇ ਵੱਡਾ ਗੇਟ ਖੁਲ੍ਹ ਗਿਆ। ਅਸਾਂ ਆਪਣੇ ਬੈਗ ਚੁੱਕੇ ਜਿਨ੍ਹਾਂ ਵਿੱਚ ਪਹਿਨਣ ਵਾਲੇ ਹੀ ਕੱਪੜੇ ਸਨ ਤੇ ਗੇਟ ਪਾਰ ਕਰਕੇ ਸਬੰਧਤ ਅਧਿਕਾਰੀ ਨੂੰ ਆਪਣੇ ਪਾਸਪੋਰਟ ਦਿੱਤੇ। ਉਹਨਾਂ ਸਾਨੂੰ ਬੜੀ ਵਧੀਆ ਕੁਰਸੀਆਂ ਲੱਗੀ ਬੈਠਕ ਵਿੱਚ ਬੈਠਣ ਲਈ ਕਿਹਾ।

ਅਸੀਂ ਹਾਲੇ ਬੈਠੇ ਹੀ ਸਾਂ ਕਿ ਵਹੀਲ ਚੇਅਰ ਤੇ ਬੈਠਾ ਇੱਕ ਬਜ਼ੁਰਗ ਹੋਰ ਚਾਰ-ਪੰਜ ਆਦਮੀਆਂ ਨਾਲ ਸਾਡੇ ਕੋਲ ਆਇਆ। ਧਿਆਨ ਨਾਲ ਵੇਖਿਆ, ਇਹ ਭਾਈ ਮਰਦਾਨੇ ਦੀ ਅੰਸ਼ ਵਿਚੋਂ ਗੁਰਦੁਆਰੇ ਦਾ ਮਸ਼ਹੂਰ ਰਾਗੀ ਭਾਈ ਲਾਲ ਸੀ ਆਪਣੇ ਸਾਥੀਆਂ ਨਾਲ। ਮੈਨੂੰ ਪੰਜਤਾਲੀ ਸਾਲ ਪਹਿਲਾਂ ਦੀ ਪਾਕਿਸਤਾਨੀ ਯਾਤਰਾ ਯਾਦ ਆ ਗਈ। ਭਾਈ ਲਾਲ ਦਾ ਡੇਰਾ ਸਾਹਿਬ ਲਾਹੌਰ ਗੁਰਦੁਆਰੇ, ਮੈਂ ਤੇ ਪ੍ਰੀਤਮ ਸਿੰਘ ਕਵੀ ਇਹਨਾਂ ਦਾ ਗੁਰਬਾਣੀ ਕੀਰਤਨ ਸੁਣ ਕੇ ਅਸ਼ ਅਸ਼ ਕਰ ਉਠੇ ਸਾਂ। ਸਮੇਂ ਨੇ ਏਸ ਵਿਚਾਰੇ ਭਾਈ ਲਾਲ ਦੀ ਕੀਹ ਹਾਲਤ ਕਰ ਦਿੱਤੀ ਸੀ।

ਪੁੱਛਣ ਤੇ ਪਤਾ ਲੱਗਾ ਕਿ ਪਿਛਲੇ ਦਿਨੀਂ ਭਾਈ ਲਾਲ ਤਿਲਕ ਕੇ ਡਿੱਗ ਪਏ ਸਨ। ਚੂਕਣਾ ਟੁੱਟ ਗਿਆ ਸੀ, ਮੁਸ਼ਕਲ ਨਾਲ ਹੀ ਤੁਰ ਫਿਰ ਸਕਦੇ ਹਨ ਤਾਂ ਹੀ ਵਹੀਲ ਚੇਅਰ ਨਾਲ ਰੱਖੀ ਹੋਈ ਸੀ।

ਭਾਈ ਲਾਲ ਦੇ ਭਤੀਜੇ ਭਾਈ ਗੁਲਾਮ ਨੇ ਦੱਸਿਆ ਕਿ ਅਸੀਂ ਕਰੀਬਨ ਮਹੀਨੇ ਭਰ ਪਹਿਲਾਂ ਭਾਰਤ ਆਏ ਸਾਂ। ਬੜੇ ਪ੍ਰੋਗਰਾਮ ਹੋਏ, ਲੋਕਾਂ ਬੜੀ ਕਦਰ ਕੀਤੀ, ਬੜਾ ਸਨਮਾਨ ਦਿੱਤਾ। ਭਾਈ ਗੁਲਾਮ ਦੇ ਨਾਲ ਦੇ ਇੱਕ ਹੋਰ ਸਾਥੀ ਨੇ ਦੱਸਿਆ ਕਿ ਅਸੀਂ ਸ੍ਰੀ ਭੈਣੀ ਸਾਹਿਬ ਵੀ ਹਜ਼ੂਰ ਦੇ ਦਰਸ਼ਨ ਕਰਕੇ ਆਏ ਹਾਂ। ਬੜਾ ਮਾਣ ਦਿੱਤਾ ਵੈਸੇ ਵੀ ਭਰਪੂਰ ਕਰਕੇ ਵਿਦਾ ਕੀਤਾ।

ਜੱਥੇ ਵਿਚੋਂ ਇੱਕ ਹੋਰ ਨੇ ਗਿਲਾ ਕੀਤਾ ਕਿ ਸਾਨੂੰ ਹਰਿਮੰਦਰ ਸਾਹਿਬ ਅੰਮ੍ਰਿਤਸਰ ਕੀਰਤਨ ਕਰਨ ਦਾ ਮੌਕਾ ਨਹੀਂ ਦਿੱਤਾ। ਬਹੁਤ ਯਤਨ ਕੀਤਾ ਪਰ ਕੋਈ ਅਸਰ ਨਹੀਂ

ਹੋਇਆ ਸਗੋਂ ਹੁਕਮ ਹੋਇਆ ਕਿ ਕਿਰਪਾਨ ਧਾਰੀ ਰਾਗੀ ਹੀ ਦਰਬਾਰ ਸਾਹਿਬ ਵਿੱਚ ਕੀਰਤਨ ਕਰ ਸਕਦਾ ਹੈ। ਅਸਾਂ ਤਰਲਾ ਲਿਆ ਕਿ ਭਾਈ ਲਾਲ ਹੁਰਾਂ ਦਾ ਹੋ ਸਕਦਾ ਹੈ ਇਹ ਆਖਰੀ ਫੇਰਾ ਹੀ ਹੋਵੇ, ਇਹਨਾਂ ਦੀ ਇਹ ਦਿਲੀ ਖ਼ਾਹਿਸ਼ ਪੂਰੀ ਕਰ ਦਿਓ, ਪਰ ਕੋਈ ਅਸਰ ਨਹੀਂ ਹੋਇਆ ਸੰਗਦਿਲਾਂ 'ਤੇ ਉਸ ਨੇ ਡੂੰਘਾ ਹੌਕਾ ਲਿਆ।

ਸਾਡੇ ਪਾਸਪੋਰਟਾਂ ਤੇ ਲੋੜੀਂਦੀ ਕਾਰਵਾਈ ਕਰਕੇ ਇੱਕ ਅਧਿਕਾਰੀ ਨੇ ਸਾਡੇ ਦਸਤਖ਼ਤ ਕਰਵਾਏ ਤੇ ਪਾਸਪੋਰਟ ਸਾਨੂੰ ਵਾਪਸ ਕਰ ਦਿੱਤੇ। ਉਸ ਨੇ ਕਿਹਾ ਕਿ ਹੁਣ ਤੁਸੀਂ ਬਾਰਡਰ ਕਰਾਸ ਕਰ ਸਕਦੇ ਹੋ। ਅਸੀਂ ਆਪਣੇ ਬੈਗ ਫੜਣ ਲੱਗੇ ਤਾਂ ਕੁਲੀਆਂ ਨੇ ਸਾਨੂੰ ਘੇਰ ਲਿਆ ਮਸਾਂ ਮਸਾਂ ਉਹਨਾਂ ਤੋਂ ਜਾਨ ਛੁਡਾਈ। ਸਾਡਾ ਸਾਮਾਨ ਹੀ ਬੱਸ ਇੱਕ ਇੱਕ ਬੈਗ ਸੀ। ਮੋਢੇ ਤੇ ਪਾਏ ਤੇ ਪਾਕਿਸਤਾਨ ਦੇ ਗੇਟ ਵੱਲ ਤੁਰ ਪਏ।

ਪਾਕਿਸਤਾਨ ਦੇ ਬੜੇ ਸ਼ਾਨਦਾਰ ਗੇਟ ਤੇ ਅਸਾਂ ਝਾਤ ਮਾਰੀ, ਉਹਦੇ ਉਤੇ ਬਹੁਤ ਕੁੱਝ ਲਿਖਿਆ ਸੀ – 'ਪਾਕਿਸਤਾਨ ਆਪ ਕੋ ਖੁਸ਼ ਆਮਦੇਦ ਕਹਿਤਾ ਹੈ' ਆਦਿ। ਗੇਟ ਪਾਰ ਕੀਤਾ ਤਾਂ ਹੁਣ ਸਾਨੂੰ ਪਾਕਿਸਤਾਨ ਦੇ ਅਧਿਕਾਰੀਆਂ ਦੇ ਪੇਸ਼ ਹੋਣਾ ਸੀ।

ਅਸਾਂ ਸਬੰਧਤ ਅਧਿਕਾਰੀ ਨੂੰ ਆਪਣੇ ਪਾਸਪੋਰਟ ਦਿੱਤੇ। ਸਾਨੂੰ ਛਾਵੇਂ ਪਈਆਂ ਕੁਰਸੀਆਂ ਤੇ ਬਿਠਾ ਕੇ ਉਹ ਅੰਦਰ ਚਲਾ ਗਿਆ। ਉਥੇ ਬੈਠਿਆਂ ਨੂੰ ਸਾਨੂੰ ਇੱਕ ਸਿੱਖ ਨੌਜਵਾਨ ਮਿਲਿਆ। ਉਸ ਨੇ ਦੱਸਿਆ ਕਿ ਮੈਂ ਇੱਕ ਅਖਬਾਰ ਦਾ ਨੁਮਾਇੰਦਾ ਹਾਂ, ਸ੍ਰੀ ਨਨਕਾਣਾ ਸਾਹਿਬ ਹੀ ਰਹਿੰਦਾ ਹਾਂ, ਨਾਮ ਉਹਦਾ ਕਲਿਆਣ ਸਿੰਘ ਸੀ। ਉਹਦੇ ਨਾਲ ਪਾਕਿਸਤਾਨ ਬਾਰੇ, ਭਾਰਤ ਬਾਰੇ, ਉਨ੍ਹਾਂ ਦੇ ਸਬੰਧਾਂ ਬਾਰੇ ਕਾਫੀ ਚਰਚਾ ਹੋਈ। ਮੈਂ ਉਸਨੂੰ ਆਪਣੀ ਪੁਸਤਕ 'ਸ਼ਿਅਰਾਂ ਦਾ ਸ਼ੀਰਾਜ਼ਾ' ਭੇਟ ਕੀਤੀ ਤੇ ਨਨਕਾਣਾ ਸਾਹਿਬ ਮਿਲਣ ਦਾ ਇਕਰਾਰ ਕੀਤਾ।

ਪਾਸਪੋਰਟ ਸਾਨੂੰ ਮਿਲ ਗਏ ਤੇ ਸਾਮਾਨ ਚੁੱਕ ਕੇ ਕਸਟਮ ਦਫਤਰ ਅੱਗੇ ਜਾ ਕੇ ਪਾਸਪੋਰਟ ਵਿਖਾਏ, ਸਾਮਾਨ ਵਿਖਾਇਆ। ਅਧਿਕਾਰੀ ਨੇ ਸਾਨੂੰ ਹੱਸ ਕੇ ਕਿਹਾ, 'ਬਾਬਿਓ ਜਾਓ ਪਾਕਿਸਤਾਨ ਦੀ ਖ਼ੂਬ ਸੈਰ ਕਰੋ, ਜਿੱਥੇ ਮਰਜ਼ੀ ਜਾਓ ਤੁਹਾਨੂੰ ਸਭ ਖੁਲ੍ਹ ਹੈ।'

ਬੈਗ ਮੋਢਿਆਂ ਤੇ ਪਾਈ ਅਸਾਂ ਗੇਟ ਪਾਰ ਕੀਤਾ, ਇੱਕ ਹੋਰ ਅਫਸਰ ਨੇ ਸਾਡੇ ਪਾਸਪੋਰਟ ਆਪਣੇ ਰਜਿਸਟਰ ਵਿੱਚ ਦਰਜ ਕਰਨ ਲਈ ਮੰਗੇ। ਉਹ ਕਹਿਣ ਲੱਗਾ 'ਮੈਂ ਆਪ ਕੋ ਅਭੀ ਯੇ ਦੇ ਦੂੰਗਾ ਆਪ ਦੋ ਮਿੰਟ ਬੈਠੀਏ।'

ਮੈਂ ਕੁਰਸੀ 'ਤੇ ਬੈਠਦਿਆਂ ਆਖਿਆ, 'ਯਾਰ ਪੰਜਾਬੀ ਬੋਲ ਸਾਡੇ ਨਾਲ, ਅਸੀਂ ਤਾਂ ਚਾਰ ਦਿਨ ਆਪਣੀ ਬੋਲੀ ਵਿੱਚ ਤੁਹਾਡੇ ਨਾਲ ਗੱਲਾਂ ਕਰਨ ਆਏ ਹਾਂ।'

ਉਸ ਮੁਸਕਰਾਉਂਦਿਆਂ ਸਾਡੇ ਵੱਲ ਵੇਖ ਕੇ ਆਖਿਓ ਸੂ 'ਪੰਜਾਬੀ ਬਹੁਤ ਪਿਆਰੀ ਲੱਗਦੀ ਏ ਬਜ਼ੁਰਗੋ ? ਮੈਂ ਵੀ ਹਾਂ ਤਾਂ ਪੰਜਾਬੀ ਹੀ ਸਰਗੋਧੇ ਦੇ ਜਿਲ੍ਹੇ ਦਾ, ਪਰ ਏਥੇ ਸਾਨੂੰ ਕਈ ਕਿਸਮ ਦੇ ਬੰਦਿਆਂ ਨਾਲ ਵਾਹ ਪੈਂਦਾ ਹੈ ਇਸ ਲਈ ਉਰਦੂ ਬੋਲਣ ਦੀ ਹੀ ਰੂਟੀਨ ਬਣ ਗਈ ਹੈ, ਲੌ ਆਪਣੇ ਕਾਗ਼ਜ਼ਾਤ ਮੇਰੇ ਵਲੋਂ ਤੁਸੀਂ ਵਿਹਲੇ ਹੋ ਗਏ ਹੋ।'

ਜਵਾਨ ਅਧਿਕਾਰੀ ਨੂੰ ਮੈਂ ਉਹਦਾ ਨਾਂ ਪੁੱਛਿਆ। ਉਸ ਦੱਸਿਆ ਕਿ ਬਾਬਾ ਜੀ

ਮੈਨੂੰ ਫਰਮਾਨ ਅਲੀ ਰਾਂਝਾ ਕਹਿੰਦੇ ਨੇ।

ਬਲੀ ਸਿੰਘ ਮੇਰੇ ਵੱਲ ਹੈਰਾਨ ਹੋਇਆ ਵੇਖਣ ਲੱਗ ਪਿਆ 'ਰਾਂਝਾ' 'ਹਾਂ ਰਾਂਝਾ ਹੀਰ ਵਾਲਾ ਰਾਂਝਾ ਨਹੀਂ ਉਸ ਇਲਾਕੇ ਦੇ ਜੱਟਾਂ ਦੀ ਇੱਕ ਗੋਤ ਹੈ ਰਾਂਝਾ ਉਹਦਾ ਅਸਲੀ ਨਾਂ ਤੇ ਧੀਦੋ ਰਾਂਝਾ ਸੀ।' ਮੈ ਉਹਦੀ ਹੈਰਾਨੀ ਦੂਰ ਕੀਤੀ।

ਸਰਗੋਧੀਏ ਅਫਸਰ ਨੇ ਆਪਣੀ ਕਾਰਵਾਈ ਕਰਕੇ ਪੁੱਛਿਆ, 'ਤੁਸਾਂ ਹੁਣ ਲਾਹੌਰ ਜਾਣਾ ਹੋਵੇਗਾ। ਇੰਜ ਕਰੋ ਇਹਨਾਂ ਟੈਕਸੀ ਵਾਲਿਆਂ ਦੇ ਟੇਟੇ ਨਾ ਚੜ੍ਹ ਜਾਇਆ ਜੇ। ਹੁਣੇ ਪੰਜਾਂ ਮਿੰਟਾਂ ਬਾਅਦ ਚਾਰ ਨੰਬਰ ਬੱਸ ਆਵੇਗੀ ਉਹ ਤੁਹਾਨੂੰ ਕਿਲ੍ਹੇ ਦੇ ਕੋਲ ਜਾ ਉਤਾਰੇਗੀ, ਉਥੇ ਗੁਰਦੁਆਰਾ ਬਹੁਤ ਨੇੜੇ ਹੈ, ਆਰਾਮ ਨਾਲ ਪਹੁੰਚ ਜਾਓਗੇ।'

'ਸ਼ੁਕਰੀਆ ਰਾਂਝਾ ਸਾਹਿਬ, ਸ਼ਾਲਾ ਜਵਾਨੀਆਂ ਮਾਣੋ ਤੇ ਲੋਕਾਂ ਦੀ ਖ਼ਿਦਮਤ ਏਸੇ ਤਰ੍ਹਾਂ ਪੁਰ ਖਲੂਸ ਢੰਗ ਨਾਲ ਕਰਦੇ ਰਹੋ, ਤੁਹਾਨੂੰ ਮਿਲਕੇ ਬਹੁਤ ਖੁਸ਼ੀ ਹੋਈ ਹੈ।' ਮੈਂ ਉਸਦਾ ਧੰਨਵਾਦ ਕਰਦਿਆਂ ਕਿਹਾ।

ਅਸੀਂ ਗੱਲਾਂ ਕਰ ਹੀ ਰਹੇ ਸਾਂ ਕਿ ਚਾਰ ਨੰਬਰ ਦੀ ਬੱਸ ਆ ਗਈ। ਅਸਾਂ ਆਪਣੇ ਬੈਗ ਫੜੇ ਤੇ ਬੱਸ ਵੱਲ ਨੂੰ ਤੁਰ ਪਏ। ਬੱਸ ਚੂੰਕਿ ਏਥੋਂ ਹੀ ਵਾਪਸ ਜਾਣੀ ਸੀ ਦੋ ਚਾਰ ਸਵਾਰੀਆਂ ਹੀ ਸਨ। ਅਸੀਂ ਡਰਾਈਵਰ ਦੀ ਸੀਟ ਦੇ ਪਿੱਛੇ ਵਾਲੀ ਸੀਟ 'ਤੇ ਬਹਿ ਗਏ। ਪਾਕਿਸਤਾਨ ਵਿੱਚ ਡਰਾਈਵਰ ਦੇ ਪਿੱਛੇ ਔਰਤਾਂ ਤੇ ਬਜ਼ੁਰਗਾਂ ਲਈ ਵੱਖਰਾ ਕੇਬਿਨ ਬਣਿਆ ਹੁੰਦਾ ਹੈ। ਸੋ ਸਾਨੂੰ ਇਹ ਗੱਲ ਬਹੁਤ ਪਸੰਦ ਆਈ। ਅੱਡਿਆਂ ਤੇ ਮਰਦ ਸਵਾਰੀਆਂ ਪਿਛਲੀਆਂ ਬਾਰੀਆਂ ਰਾਹੀਂ ਚੜ੍ਹਦੀਆਂ ਉਤਰਦੀਆਂ ਰਹੀਆਂ ਤੇ ਜਨਾਨਾ ਸਵਾਰੀਆਂ ਅੱਗੋਂ ਦੀ ਆਪਣੀਆਂ ਮਖ਼ਸੂਸ ਸੀਟਾਂ ਤੇ ਚੜ੍ਹਦੀਆਂ ਉਤਰਦੀਆਂ ਰਹੀਆਂ। ਲਾਹੌਰ ਦੀਆਂ ਟਿਕਟਾਂ ਲਈਆਂ ਸਿਰਫ ਚੌਦਾਂ ਰੁਪਏ ਇੱਕ ਸਵਾਰੀ ਦੇ। ਸਾਨੂੰ ਹੈਰਾਨੀ ਹੋਈ ਅੰਮ੍ਰਿਤਸਰੋਂ ਲਾਹੌਰ ਦੇ ਕੇਵਲ ਬੱਤੀ ਰੁਪਏ ਹੀ ਲੱਗੇ ਸਨ।

ਜੇ ਅਸੀਂ ਟੈਕਸੀ ਵਾਲਿਆਂ ਦੇ ਅਰੜੇ ਚੜ੍ਹ ਜਾਂਦੇ ਤਾਂ ਕਈ ਬੱਤੀਆਂ ਲੱਗ ਜਾਣੀਆਂ ਸਨ। ਸਾਡੇ ਖ਼ਜ਼ਾਨਚੀ ਸਾਧੂ ਸਿੰਘ ਕਿਸਾਨ ਨੇ ਮਜ਼ਾਕ ਨਾਲ ਕਿਹਾ ਤੇ ਟਿਕਟਾਂ ਜੇਬਾਂ ਵਿੱਚ ਪਾ ਲਈਆਂ।

ਸੁ. ਬਲੀ ਸਿੰਘ ਜੀ ਕਹਿਣ ਲੱਗੇ, 'ਵੇਖੋ ਬੱਤੀ ਰੁਪੈ ਲਈ ਚੁਲ੍ਹ ਪਿੱਛੇ ਪਰਦੇਸ ਬਣਿਆ ਪਿਆ ਹੈ।'

'ਹਾਂ ਵੀਰ ਜੀ, ਮੈਂ ਸੁਣਿਐ ਜਿਹੜੀ ਬੱਸ ਚੱਲੀ ਏ ਨੇ ਦਿੱਲੀਓਂ ਲਾਹੌਰ ਕਹਿੰਦੇ ਨੇ ਸਾਢੇ ਅੱਠ ਸੌ ਰੁਪੈਯਾ ਲੈਂਦੇ ਨੇ।' ਬਾਹਰ ਜਾਈਏ ਤਾਂ ਸਾਡੀ ਹਕੂਮਤ ਦੇ ਕਾਬੂ ਆਇਆਂ ਸਵਾਰੀਆਂ ਦੇ ਕੱਪੜੇ ਲਾਹੁਣ ਵਾਲੀ ਗੱਲ ਏ।' ਮੈਂ ਬਲੀ ਸਿੰਘ ਦੀ ਗੱਲ ਦਾ ਉੱਤਰ ਦਿੱਤਾ।

'ਜਨਤਾ ਤੇ ਰਿਆਇਆ ਦੀ ਮੁੱਢੋਂ ਰੱਖ ਕੇ ਛਿੱਲ ਪੱਟਨੋਂ ਕੋਈ ਨਹੀਂ ਜੇ ਮੁੜਦਾ ਮਾਸਟਰ ਜੀ ! ਆਮ ਲੋਕੀ ਤਾਂ ਇਹਨਾਂ ਲੋਕਾਂ ਲਈ ਖੇਤੀ ਨੇ। ਜਿਵੇਂ ਕਿਸਾਨ ਆਪਣੀ ਫਸਲ ਜਿੰਨੀ ਮੁੱਢੋਂ ਰੱਖ ਕੇ ਵੱਢਦਾ ਏ, ਉਹੀ ਸਫਲ ਕਿਸਾਨ ਸਮਝਿਆ ਜਾਂਦਾ ਏ। ਆਖੇ 'ਦੁਨੀਆਂ ਲੂਟੋ ਮਕਰ ਸੇ ਰੋਟੀ ਖਾਓ ਸ਼ੱਕਰ ਸੇ।' ਕਿਸਾਨ ਹੁਰਾਂ ਫ਼ਲਸਫ਼ਾਨਾ

ਅੰਦਾਜ਼ ਵਿੱਚ ਮੈਨੂੰ ਸਮਝਾਇਆ।

ਬੱਸ ਲਾਹੌਰ ਵੱਲ ਨੂੰ ਜਾ ਰਹੀ ਸੀ ਤੇ ਅਸੀਂ ਚਾਰ ਚੁਫੇਰੇ ਫਸਲਾਂ ਵੱਲ ਤੇ ਆਮ ਲੋਕਾਂ ਵੱਲ ਪੰਛੀ ਝਾਤ ਮਾਰੀ ਜਾ ਰਹੇ ਸਾਂ। ਫਸਲਾਂ ਵੀ ਗੁਜ਼ਾਰੇ ਜੋਗੀਆਂ ਲੱਗਦੀਆਂ ਸਨ ਤੇ ਆਮ ਆਦਮੀ ਵੀ ਠੀਕ ਠੀਕ ਹੀ ਨਜ਼ਰ ਆ ਰਹੇ ਸਨ। ਰਸਤੇ ਵਿੱਚ ਟਰੈਕਟਰ ਬਹੁਤ ਘੱਟ ਨਜ਼ਰ ਆਏ ਤੇ ਟਿਊਬਵੈਲ ਤਾਂ ਕਿਤੇ ਆਇਆ ਹੀ ਨਹੀਂ।

ਮੈਂ ਆਪਣੇ ਨਾਲ ਬੈਠੇ ਇੱਕ ਨੌਜਵਾਨ ਨੂੰ ਪੁੱਛ ਹੀ ਲਿਆ ''ਚੌਧਰੀ ਸਾਹਿਬ, ਏਥੇ ਫਸਲਾਂ ਲਈ ਪਾਣੀ ਦਾ ਕੀ ਇੰਤਜ਼ਾਮ ਏ, ਟਿਊਬਵੈਲ ਤਾਂ ਕੋਈ ਨਜ਼ਰ ਹੀ ਨਹੀਂ ਆਉਂਦਾ।''

''ਬਜ਼ੁਰਗ ਭਾ ਜੀ ਨਹਿਰ ਦਾ ਪਾਣੀ ਹੀ ਅੱਲ੍ਹਾ ਦੇ ਫ਼ਜ਼ਲ ਨਾਲ ਬਹੁਤ ਏ, ਟੂਲਾਂ (ਟਿਊਬਵੈਲਾਂ) ਦੀ ਕੀਹ ਜ਼ਰੂਰਤ ਏ। ਸਰਕਾਰੀ ਟਰੈਕਟਰ ਪੈਲੀਆਂ ਵਾਹ ਜਾਂਦੇ ਨੇ ਰਿਆਇਤੀ ਵਾਹੀ ਤੇ। ਪਾਣੀ ਨਹਿਰ ਦਾ ਲਾ ਛੱਡਦੇ ਹਾਂ, ਵਾਹੀ ਬਹੁਤ ਸੌਖੀ ਹੋ ਗਈ ਏ। ਸਾਡੇ ਵੱਡੇ ਤਾਂ ਖੂਹਾਂ ਦੀ ਵਾਹੀ ਕਰਦੇ ਸਨ ਤੇ ਢੱਗਿਆਂ ਤੇ ਝੋਟਿਆਂ ਦੀਆਂ ਪੂਛਾਂ ਮਰੋੜਦੇ ਹੀ ਮਰ ਜਾਂਦੇ ਸਨ। ਇਹ ਸਾਰੀ ਮਿਹਰਬਾਨੀ ਪਾਕਿਸਤਾਨੀ ਸਰਕਾਰ ਦੀ ਏ ਬਾਬਾ ਜੀ।'' ਉਸ ਨੌਜਵਾਨ ਨੇ ਕਿਸਾਨਾਂ ਦੀ ਸਾਰੀ ਹਾਲਤ ਇੱਕ ਸਾਹ ਵਿੱਚ ਹੀ ਕਹਿ ਸੁਣਾਈ।

ਬੱਸ ਹੁਣ ਲਾਹੌਰ ਦੇ ਨੇੜੇ ਪਹੁੰਚ ਰਹੀ ਸੀ, ਸਾਡੇ ਸ਼ਹਿਰਾਂ ਵਾਲੀ ਹੀ ਭੱਜ ਦੌੜ ਸੀ। ਟਾਂਗੇ ਤੇ ਛੋਟੀਆਂ ਬੱਸਾਂ ਹੀ ਬਾਜ਼ਾਰਾਂ ਵਿੱਚ ਚੱਲ ਰਹੀਆਂ ਸਨ, ਸਾਈਕਲ ਰਿਕਸ਼ੇ ਤਾਂ ਸਾਰੇ ਪਾਕਿਸਤਾਨ ਵਿੱਚ ਬਿਲਕੁਲ ਬੰਦ ਹਨ। ਸੜਕ ਵੀ 'ਹਾਜਮਾ ਰੋਡ' ਹੀ ਬਣੀ ਪਈ ਸੀ। ਮੈਨੂੰ ਆਪਣੇ ਐਲਨਾਬਾਦ ਦੀ ਮਮੇਰਾਂ ਰੋਡ ਤੇ ਸਰਸਾ ਰੋਡ ਯਾਦ ਆ ਰਹੀ ਸੀ। ਜਿਸਨੂੰ ਬਣਦਿਆਂ ਕਈ ਸਾਲ ਹੋ ਗਏ ਹਨ ਪਰ ਹਾਲੇ ਤੱਕ ਸਿਰੇ ਨਹੀਂ ਚੜ੍ਹੀ। ਲੰਘਣ ਵਾਲਿਆਂ ਦੀਆਂ ਵੱਖੀਆਂ ਚੜ੍ਹ ਜਾਂਦੀਆਂ ਨੇ। ਉਹ ਵੀ ਸੜਕਾਂ ਕੁੱਝ ਏਸੇ ਤਰ੍ਹਾਂ ਦੀਆਂ ਹੀ ਲੱਗ ਰਹੀਆਂ ਸਨ। ਬੱਸ ਵੀ ਗੁਜ਼ਾਰੇ ਜੋਗੀ ਹੀ ਜਾਪੀ। ਮੈਨੂੰ ਰੌਲੇ ਤੋਂ ਪਹਿਲਾਂ ਗੁਜਰਾਂ ਵਾਲੇ ਦੀ ਨੰਦਾ ਬੱਸ ਸਰਵਿਸ ਯਾਦ ਆ ਰਹੀ ਸੀ ਜੋ ਗੁਜਰਾਂਵਾਲਿਓਂ ਲਾਹੌਰ ਰਾਵਲਪਿੰਡੀ ਤੋਂ ਪਿਸ਼ਾਵਰ ਤੱਕ ਜਾਂਦੀਆਂ ਸਨ। ਜੋ ਖੂਬ ਸਵਾਰੀਆਂ ਸਜ਼ਾਈਆਂ ਹੁੰਦੀਆਂ ਸਨ। ਨੰਦਾ ਬੱਸ ਬਾਰੇ ਮੈਂ ਕੁੱਝ ਹੋਰ ਸੋਚਦਾ ਜੇ ਬੱਸ ਇੱਕ ਝਟਕੇ ਨਾਲ ਨਾ ਖਲੋ ਜਾਂਦੀ। ਬੱਸ ਅੱਡਾ ਆ ਗਿਆ। ਬੱਸ ਅੱਡਾ ਕਾਹਦਾ ਸੀ ? ਸੜਕ ਦੇ ਇੱਕ ਪਾਸੇ ਬੱਸਾਂ ਖੜ੍ਹੀਆਂ ਸਨ। ਲੋਕ ਵਾਰੋ ਵਾਰੀ ਇੱਕ ਵਿਚੋਂ ਉਤਰ ਕੇ ਦੂਜੀ ਵਿੱਚ ਚੜ੍ਹ ਰਹੇ ਸਨ।

ਅਸੀਂ ਵੀ ਆਪਣੇ ਬੈਗ ਫੜ ਕੇ ਉਤਰ ਗਏ।

'ਗੁਰਦੁਆਰਾ, ਮੀਆਂ ਜੀ ਕਿੰਨੀ ਦੂਰ ਹੈ ?' ਸਾਧੂ ਸਿੰਘ ਹੁਰਾਂ ਨੇ ਇੱਕ ਅੱਧਖੜ ਬੰਦੇ ਨੂੰ ਪੁੱਛਿਆ।

'ਆਹ ਨੇੜੇ ਹੀ ਹੈ ਸਰਦਾਰ ਜੀ। ਐਹ ਕਿਲ੍ਹੇ ਦੀ ਦੀਵਾਰ ਤੇ ਜਿਥੋਂ ਇਹ ਕੰਧ ਮੁੜੇਗੀ ਨਾਲ ਹੀ ਗੁਰਦੁਆਰਾ ਏ।' ਉਸ ਆਦਮੀ ਨੇ ਬੜੇ ਅਦਬ ਨਾਲ ਸਾਨੂੰ ਦੱਸਿਆ। ਉਸ ਗੱਲ ਫੇਰ ਛੇੜੀ। ਇਹ ਕਿਲ੍ਹਾ ਮਹਾਰਾਜਾ ਰਣਜੀਤ ਸਿੰਘ ਦਾ ਅਖਵਾਂਦਾ ਏ ਤੇ ਪਰੇ

ਜਾਮਾ ਮਸਜਿਦ ਉਸੇ ਮਹਾਰਾਜੇ ਦੀ ਸਮਾਧੀ ਵੀ ਹੈ, ਤੁਸੀਂ ਜੱਥੇ ਤੋਂ ਅਲੱਗ ਹੀ ਆਏ ਜਾਪਦੇ ਓ, ਇਹ ਬੰਦਾ ਕਾਫ਼ੀ ਜਾਨਕਾਰ ਜਾਪਦਾ ਸੀ।

'ਹਾਂ ਭਾ ਜੀ' ਸ੍ਰ. ਬਲੀ ਸਿੰਘ ਨੇ ਉਹਦੀ ਹਾਂ ਵਿੱਚ ਹਾਂ ਮਿਲਾਈ। ਕਿਸਾਨ ਹੁਰਾਂ ਦਾ ਗੋਡਾ ਜ਼ਰਾ ਵੀਚਕ ਮਾਰਦਾ ਸੀ। ਸੋ ਤੁਰਨ ਤੋਂ ਕਾਫ਼ੀ ਕੰਨੀ ਕਤਰਾ ਰਹੇ ਸਨ। ਕਾਫੀ ਦੂਰ ਜਾ ਕੇ ਆਖਣ ਲੱਗਾ, 'ਮਹਾਰਾਜਾ ਨੇ ਕਿਲ੍ਹਾ ਬਣਾਉਣ ਲੱਗਿਆਂ ਇਹ ਨਹੀਂ ਸੋਚਿਆ ਹੋਣਾ ਕਿ ਕਿਸੇ ਗੋਡਿਓਂ ਅਜ਼ਾਰੀ ਬੰਦੇ ਨੂੰ ਇਹਦੇ ਨਾਲ ਨਾਲ ਤੁਰਨ ਲੱਗਿਆਂ ਕਿੰਨੀ ਤਕਲੀਫ ਹੋਵੇਗੀ।'

ਖ਼ੈਰ ! ਅਸੀਂ ਆਪੇ ਵਿੱਚ ਨੋਕ ਝੋਕ ਕਰਦੇ ਗੁਰਦੁਆਰੇ ਪਹੁੰਚ ਹੀ ਗਏ। ਮੈਂ ਆਪਣੇ ਸਾਥੀਆਂ ਨੂੰ ਦੱਸਿਆ ਕਿ ਕਿਲ੍ਹੇ ਦੀ ਦੀਵਾਰ ਵਿੱਚ ਆਹ ਵਿੰਗ ਸੁਣਿਆ ਏ, ਇੱਕ ਮਾਈ ਦੀ ਕੁੱਲੀ ਕਰਕੇ ਪਿਆ ਸੀ। ਕਹਿੰਦੇ ਨੇ ਮਹਾਰਾਜਾ ਰਣਜੀਤ ਸਿੰਘ ਕਿਲ੍ਹਾ ਬਣਵਾ ਰਿਹਾ ਸੀ। ਦੀਵਾਰ ਦੇ ਅੱਗੇ ਇੱਕ ਗਰੀਬਨੀ ਮਾਈ ਦੀ ਕੁੱਲੀ ਆ ਗਈ। ਉਸ ਮਾਈ ਨੇ ਤਰਲਾ ਲਿਆ ਕਿ ਤੁਸੀਂ ਤਾਂ ਕਿਲ੍ਹੇ ਉਸਾਰ ਰਹੇ ਹੋ, ਮੇਰੇ ਕੋਲ ਤਾਂ ਇੱਕ ਹੀ ਕੁੱਲੀ ਹੈ। ਜਾਓ ਜਾ ਕੇ ਰਾਜੇ ਨੂੰ ਕਹੋ ਕਿ ਆਪ ਆ ਕੇ ਮੇਰੀ ਕੁੱਲੀ ਨੂੰ ਢਾ ਦੇਵੇ, ਨਾਲੇ ਮੈਨੂੰ ਦੱਸ ਜਾਵੇ ਕਿ ਮੈਂ ਕਿੱਥੇ ਰਹਿਣਾ ਹੈ। ਮਹਾਰਾਜਾ ਰਣਜੀਤ ਸਿੰਘ ਨੇ ਹੁਕਮ ਕੀਤਾ ਕਿ ਕਿਲ੍ਹੇ ਦੀ ਕੰਧ ਨੂੰ ਮੋੜ ਪਾ ਦਿਓ, ਮਾਈ ਦੀ ਕੁੱਲੀ ਨੂੰ ਨਾ ਛੇੜਿਆ ਜਾਵੇ। ਇਹ ਮੋੜ ਓਦੋਂ ਦਾ ਪਿਆ ਹੋਇਆ ਏ।

ਡੇਹਰਾ ਸਾਹਿਬ ਗੁਰਦੁਆਰਾ ਆ ਗਿਆ। ਅਸੀਂ ਅੰਦਰ ਜਾ ਕੇ ਇੱਕ ਸੱਜਣ ਨੂੰ ਮਿਲ ਕੇ ਡੇਰੇ ਦਾ ਪ੍ਰਬੰਧ ਕੀਤਾ। ਕਮਰਾ ਮਿਲ ਗਿਆ। ਬਾਜ਼ਾਰੋਂ ਤਾਲਾ ਲੈ ਕੇ ਆਏ। ਸਾਮਾਨ ਰੱਖਿਆ ਤੇ ਤਾਲਾ ਲਾ ਕੇ ਮੇਨ ਗੇਟ ਤੇ ਰੌਣਕ ਵੇਖਣ ਆ ਗਏ। ਏਥੇ ਨਾਲ ਹੀ ਪੀ.ਸੀ.ਓ. ਸੀ। ਅਸਾਂ ਸਾਧੂ ਸਿੰਘ ਹੁਰਾਂ ਨੂੰ ਗੁਜਰਾਂ ਵਾਲੀਏ ਜ਼ਾਹਿਦ ਮੁਮਤਾਜ਼ ਨੂੰ ਫੋਨ ਕਰਨ ਲਈ ਕਿਹਾ।

ਫੋਨ ਮਿਲਾਇਆ, ਜ਼ਾਹਿਦ ਮੁਮਤਾਜ਼ ਆਪ ਬੋਲ ਰਹੇ ਸਨ। ਅਸਾਂ ਦੱਸਿਆ ਕਿ ਅਸੀਂ ਲਾਹੌਰ ਕਿਲ੍ਹੇ ਦੇ ਕੋਲ ਗੁਰਦੁਆਰੇ ਪਹੁੰਚ ਗਏ ਹਾਂ, ਕਿਸਾਨ ਕਹਿ ਰਿਹਾ ਸੀ ਸਾਨੂੰ ਨਹੀਂ ਪਤਾ ਅਸਾਂ ਹੁਣ ਕਿਧਰ ਜਾਣਾ ਏ।

ਅਗੋਂ ਜਵਾਬ ਆਇਆ 'ਬਾਦਸ਼ਾਹੋ ਇਹ ਮੈਨੂੰ ਪਤਾ ਏ ਤੁਸਾਂ ਕਿਧਰ ਜਾਣਾ ਏ। ਤੁਸੀਂ ਏਧਰ ਹੀ ਰਹੋ ਮੈਂ ਤੁਹਾਡੇ ਕੋਲ ਪਹੁੰਚਿਆ ਸਮਝੋ।'

ਸਾਡਾ ਹੈਰਾਨ ਹੋਣਾ ਕੁਦਰਤੀ ਸੀ। ਸੱਤਰ ਕਿਲੋਮੀਟਰ ਸਫਰ ਤੇ ਭੀੜ ਭੜੱਕੇ ਵਾਲੀ ਸੜਕ, ਕਿਵੇਂ ਏਡੀ ਛੇਤੀ ਪਹੁੰਚ ਸਕਦਾ ਏ ? ਚੱਲੋ ਆਪਾਂ ਜ਼ਰਾ ਤੁਰ ਫਿਰ ਆਈਏ। ਆਪਾਂ ਸਲਾਹ ਕੀਤੀ।

ਨਾਲ ਹੀ ਮੀਨਾਰੇ-ਪਾਕਿਸਤਾਨ ਨੂੰ ਵੇਖਣ ਚਲੇ ਗਏ। ਲੋਕ ਸੈਰ ਕਰਨ ਆਏ ਸਾਡੇ ਵੱਲ ਤੇ ਅਸੀਂ ਉਨ੍ਹਾਂ ਵੱਲ ਵੇਖ ਰਹੇ ਸਾਂ। ਬਹੁਤ ਸਾਰੇ ਲੋਕਾਂ ਨੇ ਸਾਡੇ ਨਾਲ ਫੋਟੋਆਂ ਖਿਚਵਾਈਆਂ। ਅਸੀਂ ਵੀ ਆਪਣੇ ਕੈਮਰਿਆਂ ਨਾਲ ਫੋਟੋਆਂ ਲੈਣੀਆਂ ਚਾਹੁੰਦੇ ਸਾਂ, ਪਰ ਸ੍ਰ. ਬਲੀ ਸਿੰਘ ਦਾ ਕੈਮਰਾ ਵੀ ਸਾਥੋਂ ਨਾ ਚੱਲਿਆ ਤੇ ਨਾ ਹੀ ਰੀਲ ਬਣਾਉਣ ਵਾਲੀ

ਮਸ਼ੀਨ ਦਾ ਲਾਕ ਹੀ ਅਸੀਂ ਖੋਲ੍ਹ ਸਕੇ।

ਵਾਪਸ ਗੁਰਦੁਆਰੇ ਆ ਕੇ ਅਸਾਂ ਥੋੜ੍ਹਾ ਬਾਜ਼ਾਰ ਘੁੰਮਣ ਦੀ ਸਲਾਹ ਬਣਾਈ।

ਕਿਸਾਨ ਕਹਿਣ ਲੱਗੇ ਏਡੀ ਛੇਤੀ ਮੁਮਤਾਜ਼ ਕਿੱਥੋਂ ਆ ਜਾਣਾ ਏ, ਚੱਲੋ ਜ਼ਰਾ ਬਾਜ਼ਾਰ ਹੋ ਆਈਏ।

ਅਸੀਂ ਕਿਲ੍ਹੇ ਦੇ ਅੱਗੋਂ ਦੀ ਤੇ ਜਾਮਾ ਮਸਜਿਦ ਦੇ ਸਾਹਮਣਿਓਂ ਇੱਕ ਬਹੁਤ ਵੱਡੇ ਲੱਕੜ ਦੇ ਗੇਟ ਵਿਚੋਂ ਦੀ ਲੰਘ ਕੇ ਬਾਜ਼ਾਰ ਵਿੱਚ ਦਾਖ਼ਲ ਹੋ ਗਏ। ਬਾਜ਼ਾਰ ਵਿੱਚ ਅਸੀਂ ਤੁਰਦੇ ਫਿਰਦੇ ਕਾਫੀ ਦੂਰ ਲੰਘ ਗਏ।

ਸ੍ਰ. ਬਲੀ ਸਿੰਘ ਹੁਰਾਂ ਆਪਣੀ ਨੂੰਹਰਾਣੀ ਵਾਸਤੇ ਇੱਕ ਦੇਸੀ ਜੁੱਤੀ ਲਈ। ਮੈਂ ਇਸਬਗੋਲ ਦਾ ਛਿਲਕਾ ਤੇ ਦੰਦਾਂ ਦਾ ਮੰਜਨ ਲਿਆ। ਫਲਾਂ ਵਾਲੀ ਦੁਕਾਨ 'ਤੇ ਬਹਿ ਕੇ ਅਸਾਂ ਖਰਬੂਜਾ ਛੱਕਿਆ ਤੇ ਵਾਪਸ ਗੁਰਦੁਆਰੇ ਨੂੰ ਮੁੜ ਪਏ।

ਗੁਰਦੁਆਰੇ ਦੇ ਗੇਟ ਦੇ ਅੱਗੇ ਹਾਲਾਂ ਅਸੀਂ ਪਹੁੰਚੇ ਹੀ ਸਾਂ ਕਿ ਮੀਆਂ ਮੁਮਤਾਜ਼ ਅੱਗੋਂ ਗੇਟ ਸਾਹਮਣੇ ਖੜ੍ਹਾ ਮਿਲਿਆ। ਅਸੀਂ ਦੌੜ ਕੇ ਉਹਨੂੰ ਜਾ ਮਿਲੇ। ਮੁਮਤਾਜ਼ ਕਹਿ ਰਿਹਾ ਸੀ 'ਵਾਹ ਮੇਰੇ ਨਾਲ ਸਿੱਖਾਂ ਵਾਲੀ ਹੀ ਕੀਤੀ ਏ, ਮੈਂ ਕਾਫ਼ੀ ਦੇਰ ਦਾ ਖੜ੍ਹਾ ਇੰਤਜ਼ਾਰ ਕਰ ਰਿਹਾ ਹਾਂ।'

'ਸਿੱਖ ਜੂ ਹੋਏ, ਫੇਰ ਸਿੱਖਾਂ ਵਾਲੀ ਹੀ ਕਰਨੀ ਸੀ।' ਸਾਧੂ ਸਿੰਘ ਹੁਰਾਂ ਹੱਸ ਕੇ ਕਿਹਾ।

'ਚੰਗਾ ਚੰਗਾ ਦੇਰ ਨਾ ਕਰੋ ਸਾਮਾਨ ਕਿੱਥੇ ਜੇ। ਲਿਆਓ ਤੇ ਆਪਾਂ ਨੂੰ ਬਹੁਤ ਦੇਰ ਹੋ ਜਾਣੀ ਏ ਸਰਦਾਰੋ।' ਮੁਮਤਾਜ਼ ਕਾਹਲੀ ਕਰਨ ਲਈ ਕਹਿ ਰਿਹਾ ਸੀ।

ਅਸੀਂ ਤੇਜ਼ੀ ਨਾਲ ਗਏ ਤੇ ਸਾਮਾਨ ਲੈ ਕੇ ਆਏ।

ਸੜਕ ਤੇ ਖੜ੍ਹੀ ਕਾਰ ਵੱਲ ਅਸੀਂ ਤੁਰ ਪਏ। ਵਧੀਆ ਜਾਪਾਨੀ ਕਾਰ ਸੀ। ਸਾਮਾਨ ਰੱਖਿਆ ਤੇ ਅਸੀਂ ਗੁਜਰਾਂ ਵਾਲੇ ਜਾਣ ਲਈ ਸ਼ੇਰਸ਼ਾਹ ਸੂਰੀ ਦੀ ਸ਼ਾਹੀ ਸੜਕ ਤੇ ਚੱਲ ਪਏ। ਇਹ ਉਹੀ ਸੜਕ ਹੈ ਜੋ ਕਲਕੱਤੇ ਤੋਂ ਪਿਸ਼ਾਵਰ ਤੱਕ ਜਾਂਦੀ ਏ। ਜੀ.ਟੀ.ਰੋਡ ਤੇ ਜਰਨੈਲੀ ਸੜਕ ਅਖਵਾਉਂਦੀ ਏ।

ਕਾਰ ਤੇਜ਼ੀ ਨਾਲ ਜਾ ਰਹੀ ਸੀ। ਮੀਆਂ ਮੁਮਤਾਜ਼ ਸਾਨੂੰ ਦੱਸ ਰਿਹਾ ਸੀ। ਇਹ ਬਾਦਾਮੀ ਬਾਗ਼ ਲੰਘ ਰਹੇ ਹਾਂ, ਹੁਣ ਅਸੀਂ ਸਾਧੋ ਕੀ ਪਹੁੰਚ ਗਏ ਹਾਂ, ਇਹ ਮੁਰੀਦ ਕੇ ਆ ਗਏ ਜੇ। ਮਾਸਟਰ ਜੀ ਤਿਆਰ ਹੋ ਜਾਓ ਕਾਮੋਕੀ ਮੰਡੀ ਆਉਣ ਵਾਲੀ ਏ। ਚੌਲਾਂ ਦੀ ਪਾਕਿਸਤਾਨ ਵਿੱਚ ਸਭ ਤੋਂ ਵੱਡੀ ਮੰਡੀ ਮੰਨੀ ਜਾਂਦੀ ਏ। ਆਪਾਂ ਹੁਣ ਥੇੜੀ ਸਾਂਸੀ ਕੋਲੋਂ ਲੰਘ ਰਹੇ ਹਾਂ।

ਕਿਸਾਨ ਹੁਰਾਂ ਦੱਸਿਆ ਕਿ ਸਾਡਾ ਪਿੰਡ ਹਿੰਦੂ ਚੱਕ ਕੁੱਝ ਮੀਲਾਂ ਦੀ ਹੀ ਦੂਰੀ ਤੇ ਹੈ। ਮੈਂ ਵੀ ਦੱਸਿਆ ਕਿ ਮੇਰਾ ਪਿੰਡ ਲਾਲੇਪੁਰ ਸੱਤ ਅੱਠ ਮੀਲ ਲਹਿੰਦੇ ਵੱਲ ਨੂੰ ਹੈ।

ਲੌ ਜੀ ! ਠੀਕ ਸਾਢੇ ਦਸ ਵਜੇ ਗੁਜਰਾਂ ਵਾਲੇ ਪਹੁੰਚ ਗਏ। ਮਾਸਟਰ ਜੀ ! ਇਹ ਗੌਰਮਿੰਟ ਸਕੂਲ ਅੱਗੋਂ ਹੁਣ ਲੰਘ ਰਹੇ ਹਾਂ। ਮਲਿਕ ਮੁਮਤਾਜ਼ ਕਹਿ ਰਿਹਾ ਸੀ ਤੇ ਮੈਂ ਹਨ੍ਹੇਰੇ ਵਿੱਚ ਹੀ ਆਪਣੇ ਸਕੂਲ ਨੂੰ ਨਿਹਾਰ ਰਿਹਾ ਸਾਂ।

ਮੁਮਤਾਜ਼ ਸਾਹਿਬ ਦੱਸੀ ਜਾ ਰਹੇ ਸਨ ਕਿ ਏਥੇ ਪ੍ਰਕਾਸ਼ ਟਾਕੀਜ਼ ਹੁੰਦੀ ਸੀ। ਸੱਜੇ ਹੀ ਰੀਜੈਂਟ ਸਿਨਮਾ ਸੀ। ਹੁਣ ਅਸੀਂ ਮਹਾਰਾਜਾ ਰਣਜੀਤ ਸਿੰਘ ਜੀ ਦੇ ਪਿਤਾ ਸ੍ਰ. ਮਹਾਂ ਸਿੰਘ ਦੀ ਸਮਾਧ ਅੱਗੋਂ ਲੰਘ ਰਹੇ ਹਾਂ।

ਅੱਗੇ ਜਾ ਕੇ ਕਾਰ ਨੇ ਮੇਨ ਸੜਕ ਛੱਡ ਦਿੱਤੀ ਤੇ ਇੱਕ ਗਲੀ ਵਿਚੋਂ ਦੀ ਹੁੰਦੀ ਹੋਈ ਇੱਕ ਵੱਡੇ ਗੇਟ ਵਿਚੋਂ ਲੰਘ ਕੇ ਇੱਕ ਬਹੁਤ ਵੱਡੇ ਮਹੱਲਨੁਮਾ ਮਕਾਨ ਅੱਗੇ ਜਾ ਖੜ੍ਹੀ ਹੋਈ।

ਕਾਰ ਚੋਂ ਉਤਰ ਕੇ ਅਸੀਂ ਹੈਰਾਨ  ਹੋਏ ਵੇਖ ਰਹੇ ਸਾਂ ਕਿ ਕਿੱਥੇ ਸਾਨੂੰ ਸਾਡਾ ਮੇਜ਼ਬਾਨ ਲੈ ਆਇਆ ਹੈ ?

ਮੁਮਤਾਜ਼ ਸਾਹਿਬ ਨੇ ਹੱਸ ਕੇ ਆਖਿਆ, ''ਚੱਲੋ ਬਾਦਸ਼ਾਹੋ, ਹੈਰਾਨ ਨਾ ਹੋਵੋ ਅਸੀਂ ਆਪਣੇ ਹੀ ਘਰ ਆਏ ਹਾਂ। ਅਸੀਂ ਬੈਗ ਕੱਢਣ ਲੱਗੇ ਕਾਰ ਵਿਚੋਂ ਤਾਂ ਇੱਕ ਸੱਜਣ ਨੇ ਸਾਡੇ ਹੱਥ ਫੜ ਲਏ।

'ਬਾਦਸ਼ਾਹੋ, ਤੁਸੀਂ ਅੰਦਰ ਚੱਲੋ ਸਾਮਾਨ ਤੁਹਾਡੇ ਨੂੰ ਕੋਈ ਖਤਰਾ ਨਹੀਂ ਆਪੇ ਪਹੁੰਚ ਜਾਏਗਾ। ਏਨੇ ਨੂੰ ਦੋ ਤਿੰਨ ਸੱਜਣ ਹੋਰ ਆ ਗਏ। ਸਾਨੂੰ ਉਹਨਾਂ ਨਾਲ ਤੁਆਰਫ਼ ਕਰਵਾਇਆ ਗਿਆ।

ਇਹ ਮੇਰੇ ਛੋਟੇ ਭਾਈ ਸਾਹਿਬ ਮਲਿਕ ਜਮਸ਼ੈਦ ਫਾਰੂਕ ਹਨ, ਇਹ ਡੀ.ਐਸ.ਪੀ. ਲੱਗੇ ਹੋਏ ਹਨ। ਅਸਾਂ ਉਨ੍ਹਾਂ ਨਾਲ ਹੱਥ ਮਿਲਾਇਆ।

ਡੀ.ਐਸ.ਪੀ. ਸਾਹਿਬ ਤੋਂ ਬਾਅਦ ਫ਼ਰਖ਼ ਆਫ਼ਤਾਬ ਜੋ ਡਾਕਟਰ ਸਾਹਿਬ ਹਨ ਨੂੰ ਅਸੀਂ ਮਿਲੇ ਜੱਫ਼ੀਆਂ ਪਾ ਕੇ। ਫਿਰ ਨਾਸ਼ਰ ਨਵੀਦ ਡਿਪਟੀ ਅਟਾਰਨੀ ਸਾਨੂੰ  ਬੜੇ ਤਪਾਕ  ਨਾਲ  ਮਿਲੇ। ਆਖ਼ਰ  ਵਿੱਚ  ਅਮਜਦ ਨਿਆਜ਼ ਸਾਹਿਬ ਮਿਲੇ। ਮਲਿਕ ਮੁਮਤਾਜ਼ ਨੇ ਸਾਨੂੰ ਜਾਣਕਾਰੀ ਦਿੱਤੀ ਕਿ ਅਸੀਂ ਪੰਜ ਭਰਾ ਹਾਂ ਤੇ ਮੈਂ ਸਭ ਤੋਂ ਵੱਡਾ ਹਾਂ।

ਅਸੀਂ ਸਾਰੇ ਇੱਕ ਬਹੁਤ ਵੱਡੇ ਖੁਲ੍ਹੇ ਹਾਲ ਵਿੱਚ ਸੋਫਿਆਂ 'ਤੇ ਬੈਠ ਗਏ। ਸਾਰਿਆਂ ਨੇ ਸਾਨੂੰ ਬੜੇ ਪਿਆਰ ਨਾਲ ਖ਼ੁਸ਼ ਆਮਦੇਦ ਜੀ ਆਇਆਂ ਆਖਿਆ ਸੀ। ਅਸਾਂ ਵੀ ਉਹਨਾਂ ਸਾਰਿਆਂ ਦਾ ਸ਼ੁਕਰੀਆ ਅਦਾ ਕੀਤਾ। ਬਰਫ਼ੀ ਤੇ ਕਾਫ਼ੀ ਨਾਲ ਸਾਡੀ ਸੇਵਾ ਹੋਈ। ਥੋੜ੍ਹੀ ਥੋੜ੍ਹੀ ਕਰਦਿਆਂ ਅਸੀਂ ਕਾਫੀ ਸਾਰੀ ਖਾ ਗਏ।

ਮੁਮਤਾਜ਼ ਸਾਹਿਬ ਕਹਿ ਰਹੇ ਸਨ, 'ਖਾਓ ਮਿੱਤਰੋ ਗੁਜਰਾਂ ਵਾਲੇ ਦੀ ਬਰਫ਼ੀ ਬਹੁਤ ਵਧੀਆ ਮੰਨੀ ਗਈ ਏ।'

ਕਿਸਾਨ ਹੁਰਾਂ ਨੇ ਆਖਿਆ, 'ਗੁਜਰਾਂ ਵਾਲੇ ਦੀ ਕਿਹੜੀ ਚੀਜ਼ ਫਿੱਕੀ ਏ, ਮੁਮਤਾਜ਼ ਸਾਹਿਬ ਏਥੋਂ ਦਾ ਪਾਣੀ ਮਿੱਠਾ, ਇੱਥੋਂ ਦੀ ਹਰ ਚੀਜ਼ ਮਿੱਠੀ ਏ ਯਾਰ ! ਤੇ ਸਭ ਤੋਂ ਮਿੱਠੀ ਏ ਗੁਜਰਾਂ ਵਾਲੇ ਦੀ ਬੋਲੀ, ਫੇਰ ਬਰਫ਼ੀ ਕਿਵੇਂ ਫਿੱਕੀ ਹੋ ਸਕਦੀ ਏ ਭਲਾ ?'

ਸਾਰੇ ਖ਼ੂਬ ਹੱਸੇ। ਡਾ. ਸਾਹਿਬ ਕਹਿਣ ਲੱਗੇ, ਕਿੰਨਾ ਪਿਆਰ ਏ ਤੁਹਾਨੂੰ ਆਪਣੀ ਜਾਏ ਪੈਦਾਇਸ਼ (ਜਨਮ-ਭੂਮੀ) ਨਾਲ, ਸਾਨੂੰ ਵੀ ਸਾਡੀ ਜੰਮਨ ਭੋਏਂ ਨਾਲ ਇਤਨਾ ਹੀ ਪਿਆਰ ਏ, ਮੁਹੱਬਤ ਏ ਭਾਈ ਸਾਹਿਬ।'

ਮੁਮਤਾਜ਼ ਸਾਹਿਬ ਨੇ ਦੱਸਿਆ ਕਿ ਅਸੀਂ ਵੀ ਤੁਹਾਡੇ ਵਾਂਗ ਕੁੱਟ ਮਾਰ ਖਾ ਕੇ ਹੁਸ਼ਿਆਰਪੁਰ ਦੇ ਮੁਕੇਰੀਆਂ ਸ਼ਹਿਰ ਤੋਂ ਏਥੇ ਆ ਕੇ ਵੱਸੇ ਹਾਂ। ਅਸੀਂ ਵੀ ਓਥੇ ਜਦੋਂ ਕਿਤੇ ਜਾਂਦੇ ਹਾਂ, ਉਸ ਧਰਤੀ ਨੂੰ ਸਲਾਮਾਂ ਕਰਦੇ ਨਹੀਂ ਰੱਜਦੇ। ਵੈਸੇ ਓਧਰੋਂ ਆ ਕੇ ਏਸ ਧਰਤੀ ਨਾਲ ਵੀ ਸਾਡਾ ਗੂਹੜਾ ਪਿਆਰ ਪੈ ਗਿਆ। ਤੁਸੀਂ ਵੀ ਤੇ ਉਸ ਧਰਤੀ ਨੂੰ ਏਸੇ ਤਰ੍ਹਾਂ ਹੀ ਸਮਝਣ ਲੱਗ ਪਏ ਹੋਵੋਗੇ।'

'ਹਾਂ ਪਿਆਰੇ ਮਲਿਕ ਸਾਹਿਬਾਨ' ਮੈਂ ਉਹਨਾਂ ਦੀ ਗੱਲ ਦੀ ਪ੍ਰੋੜ੍ਹਤਾ ਕੀਤੀ ਤੇ ਆਖਿਆ ਕਿ ਸਾਡੀ ਤਾਂ ਉਸ ਲੜਕੀ ਵਾਲੀ ਗੱਲ ਹੈ ਜੋ ਇੱਕ ਗਰੀਬ ਘਰੋਂ ਵਿਆਹੀ ਜਾਂਦੀ ਏ। ਸਹੁਰੇ ਘਰ ਉਹਨੂੰ ਕਿੰਨੇ ਸੁੱਖ ਆਰਾਮ ਮਿਲਣ, ਚੁਬਾਰੇ ਜਾਂ ਮਹੱਲ ਵੱਸਣ ਲਈ ਮਿਲ ਜਾਣ ਉਹਨੂੰ ਆਪਣੇ ਪੇਕਿਆਂ ਦੇ ਕੁੱਲੀਆਂ ਤੇ ਢਾਰੇ ਨਹੀਂ ਭੁੱਲਦੇ ਸਾਰੀ ਉਮਰ। ਸਾਡੇ ਕੋਲ ਭਾਰਤ ਵਿੱਚ ਸੁਖਾਂ ਦਾ ਕੋਈ ਅੰਤ ਨਹੀਂ, ਵਧੀਆ ਮਕਾਨ ਤੇ ਖੁਲ੍ਹੀਆਂ ਜ਼ਮੀਨਾਂ, ਟਰੈਕਟਰ, ਕਾਰਾਂ ਤੱਕ ਸਾਡੇ ਕੋਲ ਨੇ। ਪਰ ਸੱਚ ਜਾਣਿਓਂ ਗੁਜਰਾਂ ਵਾਲੇ ਦਾ ਨਾਂ ਜ਼ਬਾਨ ਤੇ ਆਉਂਦਿਆਂ ਹੀ ਸੀਨੇ ਵਿੱਚ ਇੱਕ ਮਿੱਠਾ ਦਰਦ ਛਿੜ ਪੈਂਦਾ ਹੈ। ਮੈਂ ਆਪਣੀ ਗੱਲ ਭਾਵੁਕ ਹੋ ਕੇ ਕਰ ਰਿਹਾ ਸਾਂ। ਪੁਰਾਣਾ ਅਖਾਣ ਏ 'ਜਿਹੜਾ ਸੁੱਖ ਛਜੂ ਦੇ ਚੁਬਾਰੇ ਨਾ ਬਲਖ਼ ਨਾ ਬੁਖ਼ਾਰੇ।' ਮੇਰੀ ਗੱਲ ਹਾਲੇ ਖਤਮ ਨਹੀਂ ਸੀ ਹੋਈ ਕਿ ਮੁਮਤਾਜ਼ ਸਾਹਿਬ ਨੂੰ ਕੁੱਝ ਯਾਦ ਆਇਆ - 'ਬਈ ਗੱਲ ਇਹ ਹੈ ਕਿ ਮੇਰੇ ਅੰਕਲ ਮੋਹਤਰਮ ਨਾਲ ਮੈਂ ਵਹਿਦਾ ਕੀਤਾ ਸੀ ਕਿ ਆਉਣ ਵਾਲੇ ਮਹਿਮਾਨਾਂ ਨੂੰ ਸਾਡੇ ਘਰ ਲੈ ਕੇ ਆਉਣਾ ਤੇ ਉਹ ਸਾਡਾ ਇੰਤਜਾਰ ਕਰ ਰਹੇ ਨੇ। ਆਪਾਂ ਹੁਣੇ ਹੀ ਉਨ੍ਹਾਂ ਨੂੰ ਮਿਲਣ ਲਈ ਚੱਲਾਂਗੇ ਨਹੀਂ ਤੇ ਉਹ ਨਾਰਾਜ਼ ਹੋਣਗੇ।

ਅਸੀਂ ਸਾਰੇ ਉਠ ਖੜ੍ਹੇ ਹੋਏ ਤੇ ਤਿੰਨ ਕਾਰਾਂ ਹਨ੍ਹੇਰੇ ਵਿੱਚ ਹੀ ਗਲੀਆਂ ਦੇ ਮੋੜ ਕੱਟਦੀਆਂ ਇੱਕ ਵੱਡੇ ਗੇਟ ਅੱਗੇ ਖਲੋ ਗਈਆਂ। ਗੇਟ ਖੁਲ੍ਹਿਆ ਇੱਕ ਸੁਮੱਧਰ ਕੱਦ ਦੇ ਬਜ਼ੁਰਗ ਆਏ। ਬੱਚਿਆਂ ਨਾਲ ਸਾਡਾ ਇੰਤਜਾਰ ਗੇਟ ਤੇ ਹੀ ਕਰ ਰਹੇ ਸਨ। ਮੁਮਤਾਜ਼ ਸਾਹਿਬ ਨੇ ਉਹਨਾਂ ਬਜ਼ੁਰਗਾਂ ਨਾਲ ਸਾਡੀ ਜਾਣ-ਪਛਾਣ ਕਰਾਈ। ਸਾਰੇ ਵਾਰੋ ਵਾਰੀ ਉਹਨਾਂ ਨੂੰ ਗਲੇ ਮਿਲੇ। ਏਨਾ ਨਿੱਘ ਸੀ ਉਹਨਾਂ ਦੀ ਗਲਵਕੜੀ ਵਿੱਚ ਕਿ ਅੱਜ ਤੱਕ ਸਾਡੀਆਂ ਹਿੱਕਾਂ ਮਹਿਸੂਸ ਕਰ ਰਹੀਆਂ ਹਨ ਉਸ ਹਕੀਕੀ ਪਿਆਰ ਦੇ ਨਿੱਘ ਨੂੰ।

ਬੜੀ ਸਜਾਈ ਹੋਈ ਬੈਠਕ ਵਿੱਚ ਸਾਨੂੰ ਬਿਠਾਇਆ ਗਿਆ। ਦੁੱਧ ਤੇ ਬਰਫ਼ੀ ਫੇਰ ਆ ਗਈ। ਇਨਕਾਰ ਕਰਦਿਆਂ ਵੀ ਸਾਨੂੰ ਥੋੜ੍ਹੀ ਬਹੁਤ ਲੈਣੀ ਹੀ ਪਈ। ਵਾਕੇਈ ਗੁਜਰਾਂ ਵਾਲੇ ਦੀ ਬਰਫ਼ੀ ਬਹੁਤ ਵਧੀਆ ਸੀ। ਮਲਿਕ ਸਾਹਿਬ (ਮੁਮਤਾਜ਼ ਜੀ ਦੇ ਚਾਚਾ ਜੀ) ਨੇ ਆਪਣੀਆਂ ਖੱਟੀਆਂ ਮਿੱਠੀਆਂ ਯਾਦਾਂ ਸਾਂਝੀਆਂ ਕੀਤੀਆਂ। ਕਿਵੇਂ ਭਾਰਤ ਵਿੱਚੋਂ ਤਕਲੀਫ਼ਾਂ ਸਹਿ ਕੇ ਏਥੇ ਆਏ। ਇਹ ਯਾਦਾਂ ਕਰੀਬਨ ਸਾਡੇ ਨਾਲ ਮਿਲਦੀਆਂ ਜੁਲਦੀਆਂ ਹੀ ਸਨ। ਉਹਨਾਂ ਦੇ ਲਬੋ ਲਹਿਜੇ ਵਿੱਚ ਅਪਣੱਤ ਡੁਲ੍ਹ ਡੁਲ੍ਹ ਕੇ ਪੈ ਰਹੀ ਸੀ। ਕਾਫੀ ਦੇਰ ਹੋ ਗਈ ਸੀ, ਅਸੀਂ ਵੀ ਥਕਾਵਟ ਮਹਿਸੂਸ ਕਰ ਰਹੇ ਸਾਂ।

ਮੁਮਤਾਜ਼ ਸਾਹਿਬ ਨੇ ਆਪਣੇ ਚਾਚਾ ਜੀ ਤੋਂ ਇਜਾਜ਼ਤ ਮੰਗੀ, ਨਾ ਚਾਹੁੰਦਿਆਂ

ਹੋਇਆਂ ਵੀ ਸਾਨੂੰ ਉਹਨਾਂ ਤੋਂ ਵਿਛੁੜਣਾ ਪਿਆ। ਗੇਟ ਤੱਕ ਬੱਚਿਆਂ ਸਮੇਤ ਸਾਨੂੰ ਵਿਦਾ ਕਰਨ ਆਏ। ਮਿੰਟਾਂ ਵਿੱਚ ਹੀ ਅਸੀਂ ਫੇਰ ਮੁਮਤਾਜ਼ ਸਾਹਿਬ ਦੇ ਘਰ ਪਹੁੰਚ ਗਏ। ਸਾਰੇ ਭਰਾਵਾਂ ਦਾ ਸਾਡੇ ਨਾਲ ਹੋਰ ਗੱਲਾਂ ਕਰਨ ਦਾ ਮਨ ਸੀ ਪਰ ਅਸੀ ਚੂੰਕਿ ਸਵੇਰੇ ਉਠਣਾ ਸੀ, ਸੋ ਸਾਨੂੰ ਸਾਡਾ ਸੌਣ ਵਾਲਾ ਕਮਰਾ ਦੱਸਿਆ ਗਿਆ। ਇੱਕ ਬੈਡ ਤੇ ਸਾਧੂ ਸਿੰਘ ਤੇ ਬਲੀ ਸਿੰਘ ਲੇਟ ਗਏ। ਮੇਰੇ ਵਾਸਤੇ ਸਾਦੀ ਮੰਜੀ ਮੰਗਵਾ ਲਈ ਗਈ। ਅਸੀਂ ਛੇਤੀ ਹੀ ਨੀਂਦਰ ਰਾਣੀ ਦੀ ਆਗੋਸ਼ ਵਿੱਚ ਹੁਲਾਰੇ ਲੈਣ ਲੱਗ ਪਏ।

## 10.07.2007

ਸਵੇਰੇ ਤਿੰਨ ਵਜੇ ਹੀ ਉਠ ਕੇ ਇਸ਼ਨਾਨ ਕੀਤਾ। ਟਾਇਲਟ ਤੇ ਬਾਥਰੂਮ ਦਾ ਵਧੀਆ ਪ੍ਰਬੰਧ ਸੀ ਸਾਡੀ ਰਿਹਾਇਸ਼ ਗਾਹ ਵਿੱਚ। ਦਿਨ ਚੜ੍ਹਦੇ ਨੂੰ ਅਸੀਂ ਤਿਆਰ ਬਰ ਤਿਆਰ ਹੋ ਕੇ ਬਹਿ ਗਏ। ਆਪਣੇ ਕਹੇ ਅਨੁਸਾਰ ਮੁਮਤਾਜ਼ ਸਾਹਿਬ ਨੇ ਠੀਕ 9 ਵਜੇ ਸਾਡਾ ਬੂਹਾ ਖੜਕਾਇਆ।

'ਓ ਸੁਣਾਓ ਸਰਦਾਰੋ ! ਰਾਤ ਕਿਵੇਂ ਬੀਤੀ ਕੋਈ ਤਕਲੀਫ਼ ਤਾਂ ਨਹੀਂ ਹੋਈ।' ਮੁਮਤਾਜ਼ ਨੇ ਬੂਹਾ ਖੋਲ੍ਹਦਿਆਂ ਸਾਨੂੰ ਪੁੱਛਿਆ।

'ਨਹੀਂ ਪਿਆਰੇ ਤੇਰੇ ਵਰਗੇ ਦੋਸਤਾਂ ਨੂੰ ਮਿਲਕੇ ਕੋਈ ਤਕਲੀਫ਼ ਭਲਾ ਹੋ ਸਕਦੀ ਏ ?' ਮੈਂ ਸ਼ੁਕਰੀਏ ਦੇ ਲਹਿਜੇ ਵਿੱਚ ਉਤੱਰ ਦਿੱਤਾ।

ਫਿਰ ਅੱਜ ਦਾ ਪ੍ਰੋਗਰਾਮ ਇਸ ਤਰ੍ਹਾਂ ਏ ਕਿ ਅੱਜ ਆਪਾਂ ਸਾਧੂ ਸਿੰਘ ਜੀ ਤੁਹਾਡੇ ਨਾਨਕੇ 'ਕੁਲ ਬਾਜਵਾ' ਜਾਣਾ ਏ, ਕਲ੍ਹ ਨੂੰ ਆਪਾਂ ਬਿਲਕੁਲ ਹੀ ਵਿਹਲੇ ਨਹੀਂ ਹਾਂ, ਤੇ ਖਾਣਾ ਕੀ ਲਵੋਗੇ ?'

'ਅਸੀਂ ਤਾਂ ਵੀਰ ਜੀ ਪਿਓਰ ਵੈਜੀਟੈਰੀਅਨ ਹਾਂ, ਸੁੱਕਾ ਫੁਲਕਾ ਤੇ ਮੂੰਗੀ ਦੀ ਦਾਲ ਹੀ ਚਾਹੀਦੀ ਏ।' ਬਲੀ ਸਿੰਘ ਨੇ ਉਹਨੂੰ ਸਮਝਾਇਆ।

'ਮੈਨੂੰ ਪਹਿਲਾਂ ਹੀ ਤੁਹਾਡੇ ਬਾਰੇ ਸੂਹ ਮਿਲ ਗਈ ਸੀ ਤੇ ਮੈਂ ਆਪਣੀ ਬੀਵੀ ਤਾਹਿਰਾ ਨੂੰ ਕਹਿ ਦਿੱਤਾ ਸੀ ਕਿ ਜਿੰਨੇ ਚਿਰ ਇਹ ਬਾਬੇ ਸਾਡੇ ਘਰ ਨੇ ਗੋਸ਼ਤ ਰਸੋਈ ਵਿੱਚ ਵੀ ਨਾ ਆਵੇ।'

'ਹਾਂ ਪਿਆਰੇ ! ਤੇਰੇ ਪਿਆਰ ਅੱਗੇ ਸਾਡਾ ਸਿਰ ਝੁਕ ਗਿਆ ਏ, ਕਹਿੰਦੇ ਨੇ ਪ੍ਰੇਮ ਅੱਗੇ ਕੋਈ ਨੇਮ ਨਹੀਂ ਚੱਲਦਾ, ਨਹੀਂ ਤੇ ਅਸੀਂ ਮਾਸ ਖਾਣ ਵਾਲੇ ਦੇ ਹੱਥ ਦਾ ਖਾਣਾ ਵੀ ਨਹੀਂ ਖਾਂਦੇ। ਮੈਂ ਗੱਲ ਖੋਲ੍ਹ ਕੇ ਦੱਸੀ। ਸਾਡੇ ਵਾਸਤੇ ਉਚੇਚ ਦੀ ਉਕਾ ਹੀ ਜ਼ਰੂਰਤ ਨਹੀਂ।

'ਚੰਗਾ ਬਾਬਾ ਏਸੇ ਤਰ੍ਹਾਂ ਹੀ ਹੋਵੇਗਾ, ਮੈਂ ਤਾਂ ਜਦੋਂ ਦੇ ਤੁਸੀਂ ਮਿਲੇ ਹੋ ਫੂਕ ਫੂਕ ਕੇ ਕਦਮ ਰੱਖ ਰਿਹਾ ਹਾਂ। ਸਿਗਰੇਟ ਮੈਂ ਅੱਗੇ ਨਾਲੋਂ ਅੱਧੇ ਪੀ ਰਿਹਾਂ ਤੇ ਉਹ ਵੀ ਤੁਹਾਡੇ ਤੋਂ ਨਜ਼ਰ ਬਚਾ ਕੇ।' ਮੁਮਤਾਜ਼ ਨੇ ਕੰਨਾਂ ਨੂੰ ਹੱਥ ਲਾਉਂਦਿਆਂ ਕਿਹਾ।

ਥੋੜ੍ਹੀ ਦੇਰ ਬਾਅਦ ਮੁਮਤਾਜ਼ ਹੁਰੀਂ ਸਾਨੂੰ ਖਾਣੇ ਦੇ ਮੇਜ਼ ਤੇ ਲੈ ਗਏ। ਉਥੇ ਦੋ ਸੱਜਣ ਖਾਣੇ ਦੀ ਮੇਜ਼ ਤੇ ਬੈਠੇ ਸਨ। ਸਾਨੂੰ ਇਹ ਦੱਸਿਆ ਗਿਆ ਕਿ ਸ੍ਰ. ਗੁਰਤੇਜ

ਸਿੰਘ ਕੁਹਾਰ ਫਿਰੋਜ਼ਪੁਰ ਤੋਂ ਹਨ ਤੇ ਦੂਸਰੇ ਰਮਨਦੀਪ ਸਿੰਘ (ਕਲੀਨ ਸ਼ੇਵਨ) ਛਿਹਰਟੇ ਅੰਮ੍ਰਿਤਸਰੋਂ ਹਨ। ਉਹਨਾਂ ਨੂੰ ਵੀ ਮੁਮਤਾਜ਼ ਸਾਹਿਬ ਪਤਾ ਨਹੀਂ ਕਿੱਥੋਂ ਰਾਤੋਂ ਰਾਤ ਲੈ ਆਏ ਹਨ। ਅਸਾਂ ਅੰਦਾਜ਼ਾ ਲਾਇਆ ਕਿ ਮੁਮਤਾਜ਼ ਸਾਹਿਬ ਸਾਰੀ ਰਾਤ ਸੁੱਤੇ ਨਹੀਂ ਸਨ।

ਖਾਣਾ ਖਾ ਕੇ ਅਸੀਂ ਚਾਰੇ ਮੈਂ, ਬਲੀ ਸਿੰਘ, ਸਾਧੂ ਸਿੰਘ ਤੇ ਮਲਿਕ ਮੁਮਤਾਜ਼ ਸਾਹਿਬ ਉਹਨਾਂ ਦੀ ਏ.ਸੀ. ਕਾਰ ਵਿੱਚ ਕਿਸਾਨ ਹੁਰਾਂ ਦੇ ਨਾਨਕੇ ਪਿੰਡ ਨੂੰ ਚੱਲ ਪਏ। ਗੁਜਰਾਂ ਵਾਲਿਓਂ ਕਸਬਾ ਡਸਕਾ ਪਾਰ ਕਰਕੇ, ਡਸਕੇ ਤੋਂ ਸਿਆਲਕੋਟ ਜਾਣ ਵਾਲੀ ਸੜਕ ਤੇ ਕਾਰ ਜਾ ਰਹੀ ਸੀ ਤੇ ਅਸੀਂ ਸੋਚ ਰਹੇ ਸਾਂ ਕਿ ਮੁਮਤਾਜ਼ ਸਾਹਿਬ ਸਾਡੇ ਨਾਲ ਕਲ੍ਹ ਦਾ ਫਿਰਦਾ ਏ, ਮਹਿਮਾਨ ਨਵਾਜ਼ੀ ਦੀ ਹੱਦ ਟਪਾ ਦਿੱਤੀ ਏਸ ਨੇ।

ਕਈ ਪਿੰਡਾਂ ਵਿਚੋਂ ਲੰਘਦੇ ਹੋਏ ਪੁੱਛਦੇ ਪੁਛਾਂਦੇ ਅਸੀਂ ਇੱਕ ਨਹਿਰ ਦੀ ਪਟੜੀ ਪੈਕੇ ਪਿੰਡ 'ਕੁੱਲ ਬਾਜਵਿਆਂ' ਪਹੁੰਚ ਹੀ ਗਏ। ਏਥੇ ਕਿਸਾਨ ਤੇ ਬਲੀ ਸਿੰਘ ਹੁਰਾਂ ਦੇ ਦੂਸਰੇ ਨਾਨਕੇ ਸਨ। ਇਹਨਾਂ ਦੀ ਸੱਕੀ ਮਾਤਾ ਕਰਤਾਰ ਕੌਰ ਇਹਨਾਂ ਦੋਹਾਂ ਨੂੰ ਛੋਟੀ ਉਮਰੇ ਹੀ ਯਤੀਮ ਕਰਕੇ ਚੱਲ ਵਸੀ ਤਾਂ ਉਹਨਾਂ ਦੇ ਪਿਤਾ ਤੇ ਮੇਰੇ ਮਾਮਾ ਸੰਤ ਤਰਨ ਸਿੰਘ ਵਹਿਮੀ ਜੀ ਦੀ ਦੂਸਰੀ ਕੀ ਤੀਸਰੀ ਸ਼ਾਦੀ ਵੀ ਏਸੇ ਪਿੰਡ ਦੀ ਮਾਮੀ ਲਖਬੀਰ ਕੌਰ ਨਾਲ ਹੋਈ ਜੋ ਸ੍ਰ. ਇਕਬਾਲ ਸਿੰਘ ਦੀ ਪੁੱਤਰੀ ਸੀ। ਮਾਮਾ ਜੀ ਦੀ ਪਹਿਲੀ ਸ਼ਾਦੀ ਪਿੰਡ ਦਾਤੇਵਾਲ ਵਿੱਚ ਹੋਈ ਸੀ, ਜਿਹਦੇ ਵਿੱਚੋਂ ਦੋ ਲੜਕੀਆਂ ਹੀ ਹੋਈਆਂ - ਭੈਣ ਸੁਰਜੀਤ ਕੌਰ ਤੇ ਭੈਣ ਹਰਬੰਸ ਕੌਰ।

ਅਸੀਂ 'ਕੁਲ' ਪਿੰਡ ਦੇ ਵਿੱਚ ਜਾ ਪਹੁੰਚੇ। ਮਾਮੀ ਲਖਬੀਰ ਕੌਰ ਦੇ ਪੇਕਿਆਂ ਦਾ ਘਰ ਪੁੱਛਿਆ ਕਿਉਂਕਿ ਇਹ ਪਾਕਿਸਤਾਨ ਬਣਨ ਵੇਲੇ ਏਥੇ ਹੀ ਰਹਿ ਗਏ ਸਨ ਇਸਲਾਮ ਕਬੂਲ ਕਰਕੇ। ਆਪ ਤੇ ਇਕਬਾਲ ਸਿੰਘ ਤੇ ਉਸਦਾ ਵੱਡਾ ਪੁੱਤਰ ਫੌਤ ਹੋ ਚੁੱਕੇ ਸਨ। ਛੋਟਾ ਭੀਰ ਸਿੰਘ ਹਾਲੇ ਜਿੰਦਾ ਹੈ ਜਿਸਦਾ ਹੁਣ ਨਾਂ ਸੁਲਤਾਨ ਅਲੀ ਹੈ। ਪੁੱਛਦੇ ਪੁਛਾਂਦੇ ਅਸੀਂ ਸੁਲਤਾਨ ਅਲੀ ਦੇ ਘਰ ਅਪੜ ਗਏ। ਸੁਲਤਾਨ ਅਲੀ ਬਹੁਤ ਬਿਰਧ ਹੋ ਚੁੱਕਾ ਸੀ ਤੇ ਸੋਟੇ ਨਾਲ ਹੀ ਤੁਰਦਾ ਸੀ। ਸਾਨੂੰ ਮਿਲਕੇ ਬਹੁਤ ਖੁਸ਼ ਹੋਇਆ। ਪੈਪਸੀ ਦੀਆਂ ਬੋਤਲਾਂ ਮੰਗਵਾਈਆਂ। ਉਹਦੇ ਪੁੱਤਰ ਕਿਤੇ ਬਾਹਰ ਗਏ ਹੋਏ ਸਨ। ਦੋ ਪੋਤਰੇ ਸਾਡੇ ਕੋਲ ਆ ਗਏ। ਕਾਫੀ ਦੇਰ ਗੱਲਾਂ ਬਾਤਾਂ ਹੁੰਦੀਆਂ ਰਹੀਆਂ। ਕਿਸਾਨ ਹੁਰਾਂ ਆਪਣੇ ਨਾਨਕੇ ਘਰ ਬਾਰੇ ਪੁੱਛਿਆ ਤਾਂ ਪਤਾ ਲੱਗਾ ਕਿ ਢਹਿ ਗਏ ਹੋਏ ਹਨ ਉਥੇ ਸਾਫ਼ ਥਾਂ ਹੀ ਪਿਆ ਹੋਇਆ ਹੈ।

ਮੈਂ ਮਾਮੇ ਸੁਲਤਾਨ ਅਲੀ ਨਾਲ ਏਥੋਂ ਦੇ ਰਹਿਣ ਸਹਿਣ ਬਾਰੇ ਗੱਲ ਛੇੜੀ ਤਾਂ ਦੱਸਿਆ ਗਿਆ ਕਿ ਵੈਸੇ ਤਾਂ ਠੀਕ ਠਾਕ ਹੀ ਹੈ ਪਰ ਸਾਡੇ ਤੇ ਏਥੇ ਆ ਕੇ ਵਸਣ ਵਾਲਿਆਂ ਨਾਲ ਹਾਲਾਤ ਹਾਲੇ ਤੀਕ ਵੀ ਠੀਕ ਨਹੀਂ ਬੈਠ ਰਹੇ।

ਮੁਮਤਾਜ਼ ਸਾਹਿਬ ਨੇ ਆਪਣੀ ਮਜ਼ਬੂਰੀ ਦੱਸੀ ਕਿ ਮੈਂ ਬੜੇ ਜ਼ਰੂਰੀ ਕੰਮ ਜਾਣਾ ਏ, ਸੋ ਆਪਾਂ ਬਹੁਤ ਗੱਲਾਂ ਕਰ ਲਈਆਂ ਹਨ, ਹੁਣ ਇਹਨਾਂ ਤੋਂ ਇਜਾਜ਼ਤ ਲਈਏ।

ਸੁਲਤਾਨ ਅਲੀ ਨੇ ਸਾਨੂੰ ਬੜੀ ਮੁਸ਼ਕਲ ਨਾਲ ਛੁੱਟੀ ਦਿੱਤੀ। ਅਸੀਂ ਸੁਲਤਾਨ

ਅਲੀ ਦੇ ਭਤੀਜਿਆਂ ਨੂੰ ਮਿਲ ਕੇ ਚਾਲੇ ਪਾ ਦਿੱਤੇ, ਜਿਹਨਾਂ ਦਾ ਘਰ ਪਿੰਡੋਂ ਬਾਹਰਵਾਰ ਸੀ। ਉਹਨਾਂ ਦੇ ਘਰ ਜਾਂਦਿਆਂ ਸੁਲਤਾਨ ਅਲੀ ਦੇ ਪੋਤਰੇ ਹੌਕਾ ਲੈ ਕੇ ਆਖਿਆ, 'ਸਾਡੇ ਵਡਿਆਂ ਏਥੇ ਰਹਿ ਕੇ ਬਹੁਤ ਭਾਰੀ ਗਲਤੀ ਕੀਤੀ ਏ। ਅਸੀਂ ਇਹਨਾਂ ਲੋਕਾਂ ਨਾਲ ਹਾਲੇ ਤੱਕ ਵੀ ਰਲ ਮਿਲ ਨਹੀਂ ਸਕੇ।'

'ਇਹ ਤਾਂ ਪੁੱਤਰ ਅੰਨ ਜਲ ਦਾ ਗੇੜ ਹੁੰਦਾ ਏ, ਕਿਸੇ ਦੇ ਕੀ ਵੱਸ ਏ, ਨਾਲੇ ਹੁਣ ਕੀ ਹੋ ਸਕਦੈ।' ਮੈਂ ਉਹਨੂੰ ਕਲਾਵੇ ਵਿੱਚ ਲੈਂਦਿਆਂ ਕਿਹਾ।

ਅਸੀਂ ਉਹਨਾਂ ਤੋਂ ਵਿਦਾ ਲਈ ਤੇ ਗੁਜਰਾਂ ਵਾਲੇ ਨੂੰ ਵਾਪਸ ਚੱਲ ਪਏ।

ਗੁਜਰਾਂ ਵਾਲੇ ਆ ਕੇ ਅਸੀਂ ਹਿੰਦੂ ਚੱਕ ਵੀ ਜਾਣ ਦੀ ਸਲਾਹ ਕੀਤੀ। ਮਲਿਕ ਮੁਮਤਾਜ਼ ਨੇ ਤਾਂ ਕਿਧਰੇ ਜਾਣਾ ਸੀ। ਸਾਡੇ ਨਾਲ ਆਪਣੀ ਕਾਰ ਲੈ ਕੇ ਮਲਿਕ ਜ਼ਾਹਿਦ ਹੁਸੈਨ ਆ ਗਏ।

ਖਾਣਾ ਖਾ ਕੇ ਸਾਡੀ ਕਾਰ ਹਿੰਦੂ ਚੱਕ ਨੂੰ ਚੱਲ ਪਈ। ਮੈਂ ਸੋਚ ਰਿਹਾ ਸਾਂ, ਅੱਜ ਮੈਂ ਸੱਤਰ ਸਾਲ ਬਾਅਦ ਹਿੰਦੂ ਚੱਕ ਜਾ ਰਿਹਾ ਹਾਂ। ਪਾਕਿਸਤਾਨ ਬਣਨ ਤੋਂ ਪਹਿਲਾਂ ਹੀ ਮੈਨੂੰ ਮਾਮੇ ਪਿੰਡ ਜਾਣੋਂ ਰੋਕ ਦਿੱਤਾ ਗਿਆ ਸੀ ਕਿਉਂਕਿ ਮੇਰੀ ਮੰਗਣੀ ਵੀ ਏਸੇ ਪਿੰਡ ਹੋ ਗਈ ਸੀ। ਨਾਨਕੇ ਪਿੰਡ ਨਾ ਜਾਣ ਦਾ ਸੱਲ ਮੈਨੂੰ ਹਰ ਵੇਲੇ ਤੰਗ ਕਰਦਾ ਰਹਿੰਦਾ। ਕਿੰਨੀ ਮਜ਼ਬੂਰੀ ਸੀ ਕਿ ਜਿੱਥੇ ਮੈਂ ਗੌਰਮਿੰਟ ਸਕੂਲ ਗੁਜਰਾਂ ਵਾਲੇ ਪੜ੍ਹਦਾ ਸਾਂ, ਹਿੰਦੂ ਚੱਕ ਨਹੀਂ ਸੀ ਜਾ ਸਕਦਾ। ਉਥੋਂ ਸਿਰਫ਼ ਤਿੰਨ ਮੀਲ ਹੀ ਤਾਂ ਹਿੰਦੂ ਚੱਕ ਸੀ।

ਫਿਰ ਵੀ ਮੈਂ ਤੇ ਸਾਧੂ ਸਿੰਘ ਕਿਸਾਨ ਨੇ ਆਪਸ ਵਿੱਚ ਮਿਲਣ ਦਾ ਬਹਾਨਾ ਲੱਭ ਲਿਆ। ਇਹ ਰੋਜ਼ ਸਾਈਕਲ ਤੇ ਮੇਰੇ ਕੋਲੋਂ ਅੰਗਰੇਜ਼ੀ ਪੜ੍ਹਣ ਆ ਜਾਂਦਾ ਤੇ ਅਸੀਂ ਆਪਸ ਵਿੱਚ ਚੰਗੀ ਤਰ੍ਹਾਂ ਮਿਲ ਲੈਂਦੇ ਤੇ ਨਾਲੇ ਮਨ ਦੀ ਭੜਾਸ ਕੱਢ ਲੈਂਦੇ।

ਉਸ ਵਕਤ ਨਾਮਧਾਰੀ ਆਪਣੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿੱਚ ਪੜ੍ਹਣੇ ਨਹੀਂ ਸਨ ਪਾਂਦੇ। ਸੋ ਵਹਿਮੀ ਜੀ ਨੇ ਵੀ ਆਪਣੇ ਪੁੱਤਰਾਂ ਸਾਧੂ ਸਿੰਘ ਤੇ ਬਲੀ ਸਿੰਘ ਨੂੰ ਕਿਸੇ ਸਰਕਾਰੀ ਸਕੂਲ ਵਿੱਚ ਪੜ੍ਹਣੇ ਨਹੀਂ ਘੱਲਿਆ। ਇਹ ਦੋਵੇਂ ਭਰਾ ਮੌਲਵੀ ਤੋਂ ਉਰਦੂ ਤੇ ਪਿੰਡ ਦੇ ਪੰਡਤ ਤੋਂ ਹਿੰਦੀ ਘਰੇ ਹੀ ਪੜ੍ਹੇ। ਮੈਨੂੰ ਵੀ ਸਰਕਾਰੀ ਸਕੂਲ ਤੋਂ ਹਟਾਣ ਦਾ ਬੜਾ ਜਤਨ ਹੁੰਦਾ ਰਿਹਾ। ਪਰ ਮੇਰੇ ਦਾਦਾ ਜੀ ਸੰਤ ਈਸ਼ਰ ਸਿੰਘ ਜੀ ਅੜੇ ਰਹੇ ਤੇ ਮੈਂ ਮੈਟ੍ਰਿਕ ਤੱਕ ਪੜ੍ਹ ਸਕਿਆ।

ਹਿੰਦੂ ਚੱਕ ਕਿਹੜਾ ਦੂਰ ਸੀ, ਥੋੜ੍ਹੀ ਦੇਰ ਬਾਅਦ ਹੀ ਅਸੀਂ ਵੱਡੀ ਨਹਿਰ ਜਿਸਨੂੰ ਅਪਰ ਚਨਾਬ ਨਹਿਰ ਕਿਹਾ ਜਾਂਦਾ ਸੀ, ਪਹੁੰਚ ਗਏ। ਮਰਾਲੇ ਹੈਡ ਤੋਂ ਦਰਿਆ ਚਨਾਬ (ਝਨਾਂ) ਵਿੱਚੋਂ ਦੋ ਨਹਿਰਾਂ ਕੱਢੀਆਂ ਗਈਆਂ ਹਨ। ਇੱਕ ਦਾ ਨਾਂ ਅਪਰ ਚਨਾਬ ਨਹਿਰ ਤੇ ਦੂਸਰੀ ਦਾ ਲੋਅਰ ਚਨਾਬ ਨਹਿਰ ਸੀ। ਪਾਕਿਸਤਾਨ ਬਣਨ ਤੋਂ ਪਹਿਲਾਂ ਏਸ ਨਹਿਰ ਦੇ ਦੋਹਾਂ ਕੰਢਿਆਂ ਤੇ ਬੜਾ ਭਾਰੀ ਕਾਬਲੀ ਕਿੱਕਰਾਂ ਦਾ ਜੰਗਲ ਹੁੰਦਾ ਸੀ, ਪਰ ਹੁਣ ਤੇ ਬਿਲਕੁਲ ਸਾਫ ਕਰ ਦਿੱਤੇ ਗਏ ਸਨ ਦੋਵੇਂ ਕਿਨਾਰੇ। ਪੁਲ ਤੋਂ ਸਾਡੀ ਕਾਰ ਲੰਘ ਰਹੀ ਸੀ ਤੇ ਮੈਨੂੰ ਇਸ ਨਹਿਰ ਨਾਲ ਲਗਦੀ ਇੱਕ ਘਟਨਾ ਯਾਦ ਆ ਰਹੀ ਸੀ।

ਬਾਪੂ ਦੇਵਾ ਸਿੰਘ ਹਿੰਦੂ ਚੱਕ ਦਾ ਹੀ ਰਹਿਣ ਵਾਲਾ ਸੀ ਤੇ ਨਾਮਧਾਰੀ ਬਿਹੰਗਮ

ਸਾਧੂਆਂ ਵਾਂਗ ਫਿਰਦਾ ਹੀ ਰਹਿੰਦਾ ਬੜਾ ਅੜਬ ਤੇ ਆਪਣੀ ਮਰਜ਼ੀ ਕਰਨ ਵਾਲਾ ਬੰਦਾ ਸੀ। ਇੱਕ ਵੇਰਾਂ ਆਪਣੇ ਇੱਕ ਸਾਥੀ ਕਰਤਾਰ ਸਿੰਘ ਜਿਸਨੂੰ ਮਖੌਲ ਨਾਲ ਲਾੜਾ ਵੀ ਕਹਿੰਦੇ ਸਨ, ਨਾਲ ਨਹਿਰ ਦੇ ਪੁਲ ਤੋਂ ਲੰਘ ਰਹੇ ਸਨ ਕਿ ਦੇਵਾ ਸਿੰਘ ਦੇ ਮਨ ਵਿੱਚ ਪਤਾ ਨਹੀਂ ਕੀ ਆਇਆ, ਪੁਲ ਦੇ ਅੱਧ ਵਿੱਚ ਜਾ ਕੇ ਆਖਣ ਲੱਗਾ –

'ਲਾੜਿਆ ! ਅੱਜ ਮੇਰਾ ਪੁਲ ਤੋਂ ਨਹਿਰ ਵਿੱਚ ਛਾਲ ਮਾਰਨ ਦਾ ਜੀ ਕਰਦੈ।'

'ਨਾ ਓਏ ਦੇਵਾ ਸਿਹਾਂ ਨਹਿਰ ਬੜੀ ਡੂੰਘੀ ਏ ਤੇ ਪਾਣੀ ਦਾ ਵਹਾ ਬਹੁਤ ਜ਼ੋਰਦਾਰ ਏ, ਮਰ ਜਾਣਿਆਂ ਰੁੜ੍ਹ ਜਾਏਂਗਾ ਪਾਰ ਨਹੀਂ ਲੱਗ ਸਕਦਾ।' ਕਰਤਾਰ ਸਿੰਘ ਨੇ ਉਹਨੂੰ ਰੋਕਿਆ। ਪਰ ਆਪਣੀ ਮਰਜ਼ੀ ਦਾ ਮਾਲਕ ਦੇਵਾ ਸਿੰਘ ਬਹੁਤ ਰੋਕਣ ਤੇ ਵੀ ਨਾ ਰੁਕਿਆ ਤੇ ਪੁਲ ਤੋਂ ਨਹਿਰ ਵਿੱਚ ਛਾਲ ਮਾਰ ਦਿੱਤੀ ਇਹ ਕਹਿੰਦਿਆਂ ਕਿ ਆਪੇ ਸਤਿਗੁਰੂ ਬਚਾਏਗਾ।' ਤੇ ਜਿਵੇਂ ਝਨਾਂ ਦੇ ਪਾਣੀ ਦੀਆਂ ਲਹਿਰਾਂ ਨੇ ਉਸਨੂੰ ਆਪਣੀ ਗੋਦ ਵਿੱਚ ਲੈ ਲਿਆ। ਸ਼ਾਇਦ ਸੋਹਣੀ ਵੀ ਘੜਾ ਖੁਰ ਜਾਣ ਤੋਂ ਬਾਅਦ ਏਸੇ ਤਰ੍ਹਾਂ ਰੁੜ੍ਹ ਗਈ ਹੋਵੇਗੀ। ਕਰਤਾਰ ਸਿੰਘ ਲਾੜੇ ਜੋ ਸਾਰੀ ਉਮਰ ਲਾੜਾ ਬਣਕੇ ਕਿਤੇ ਨਾ ਢੁੱਕਿਆ ਪਰ ਅਖਵਾਂਦਾ ਸਾਰੀ ਉਮਰ ਲਾੜਾ ਹੀ ਰਿਹਾ। ਕਰਤਾਰ ਸਿੰਘ ਨੇ ਪਾਣੀ ਕੱਢਣ ਵਾਲੀ ਡੋਰੀ ਸੁੱਟੀ ਆਪਣੀ ਪੱਗ ਨਾਲ ਬੰਨ੍ਹ ਕੇ। ਬੜੀ ਹਾਲ ਪੁਕਾਰ ਕੀਤੀ। ਦੇਵਾ ਸਿੰਘ ਇੱਕ ਵਾਰੀ ਪਾਣੀਓਂ ਉਤਾਂ ਨਜ਼ਰ ਆਇਆ, ਪਰ ਫੇਰ ਨਹੀਂ ਦਿੱਸਿਆ। ਲਾੜਾ ਵਿਚਾਰਾ ਰੋਂਦਾ ਧੋਂਦਾ ਹਿੰਦੂ ਚੱਕ ਆਇਆ ਤੇ ਸਾਰੀ ਗੱਲ ਦੱਸੀ। ਬਹੁਤ ਭਾਲ ਕੀਤੀ ਪਿੰਡ ਵਾਲਿਆਂ ਪਰ ਉਸਦੀ ਲਾਸ਼ ਵੀ ਨਾ ਲੱਭੀ। ਝਨਾਂ ਦੇ ਪਾਣੀ ਨੇ ਤਾਂ ਜਾਣੇ ਲੋਕਾਂ ਨੂੰ ਆਪਣੇ ਵਿੱਚ ਸਮੋ ਲਿਆ ਸੀ। ਦੇਵਾ ਸਿੰਘ ਕਿਦਾ ਵਿਚਾਰਾ ਸੀ।

ਪੁਲ ਲੰਘ ਕੇ ਕਾਰ ਪਿੱਪਲੀ ਵਾਲੇ ਦੇ ਕੋਲੋਂ ਦੀ ਹਿੰਦੂ ਚੱਕ ਨੂੰ ਹੋ ਤੁਰੀ। ਅਸੀਂ ਤਿੰਨੇ ਬੜੀ ਉਤਸੁਕਤਾ ਨਾਲ ਆਸੇ ਪਾਸੇ ਦੇਖ ਰਹੇ ਸਾਂ।

ਕਿਸਾਨ ਹੁਰਾਂ ਯਾਦ ਦੁਆਇਆ ਕਿ ਮੇਰੇ ਬਾਪੂ ਜੀ ਜਦੋਂ ਵੀ ਘੋੜੀ ਤੇ ਸ਼ਹਿਰ ਜਾਂਦੇ ਤਾਂ ਮੁੜਣ ਲੱਗੇ ਕਦੀ ਵੀ ਉਸ ਪੁਲੋਂ ਵਾਪਸ ਨਾ ਆਉਂਦੇ ਜਿਹੜੇ ਪੁਲੋਂ ਸਵੇਰੇ ਜਾਇਆ ਕਰਦੇ, ਕਿਉਂਕਿ ਸਾਡੇ ਪਿੰਡ ਨੂੰ ਆਉਣ ਲਈ ਤਿੰਨ ਪੁਲ ਲੱਗਦੇ ਸਨ। ਪਰੋਜ ਵਾਲੇ ਦਾ ਪੁਲ, ਆਹ ਪਿੱਪਲੀ ਵਾਲੇ ਦਾ ਪੁਲ ਤੇ ਇਸ ਤੋਂ ਲਹਿੰਦੇ ਇੱਕ ਹੋਰ ਪੁਲ। ਕਾਰਨ ਇਹ ਸੀ ਕਿ ਪਿੰਡ ਵਿੱਚ ਦੁਸ਼ਮਣੀ ਹੋਣ ਕਰਕੇ ਪਤਾ ਨਹੀਂ ਸੀ ਹੁੰਦਾ ਅਤੇ ਦੁਸ਼ਮਣ ਏਸੇ ਤੇ ਬੈਠੇ ਹੋਣ ਤੇ ਮਤੇ ਕੋਈ ਕਾਰਾ ਕਰ ਦੇਣ।

ਸਾਡੀ ਕਾਰ ਹਿੰਦੂ ਚੱਕ ਪਹੁੰਚ ਗਈ ਸੀ। ਅਸੀਂ ਉਤਰੇ ਤੇ ਆਪਣੇ ਮਨ ਵਿੱਚ ਵੱਸੇ ਹਿੰਦੂ ਚੱਕ ਦੇ ਨਕਸ਼ੇ ਮੁਤਾਬਕ ਭਾਲ ਕਰਨ ਲੱਗੇ। ਨਾ ਉਥੇ ਬਾਗ ਵਾਲਾ ਖੂਹ, ਨਾ ਉਥੇ ਲੱਗੇ ਹੋਏ ਰੁੱਖ, ਨਾ ਪੱਕੀ ਬੈਠਕ। ਕੁੱਝ ਵੀ ਸਾਨੂੰ ਹਿੰਦੂ ਚੱਕ ਵਰਗਾ ਨਾ ਲਗਾ।

ਤਸੱਲੀ ਕਰਨ ਲਈ ਕਿਸਾਨ ਹੁਰਾਂ ਇੱਕ ਆਦਮੀ ਨੂੰ ਪੁੱਛ ਹੀ ਲਿਆ, 'ਮੀਆਂ ਇਹ ਕਿਹੜਾ ਪਿੰਡ ਏ ?'

'ਹਿੰਦੂ ਚੱਕ ਏ ਬਾਬਾ ਜੀ।' ਉਸ ਨੇ ਜਵਾਬ ਦਿੱਤਾ ਮੈਂ ਸਾਹਮਣੇ ਲੱਗਾ ਉਰਦੂ ਵਿੱਚ ਲਿਖਿਆ ਬੋਰਡ ਵੀ ਪੜ੍ਹ ਲਿਆ 'ਹਿੰਦੂ ਚੱਕ'

ਕਾਰ ਇੱਕ ਥਾਂ ਖੜ੍ਹੀ ਕਰਕੇ ਅਸੀਂ ਕੁੱਝ ਆਦਮੀਆਂ ਵੱਲ ਨੂੰ ਹੋਏ, ਜੋ ਸਾਨੂੰ ਵੇਖ ਕੇ ਸਾਡੇ ਵੱਲ ਹੀ ਆ ਰਹੇ ਸਨ।

ਕੋਲ ਆਉਣ ਤੇ ਆਪਾਂ ਉਹਨਾਂ ਨੂੰ ਪੁੱਛਿਆ, 'ਜਵਾਨੋ ! ਕੋਈ ਪਿੰਡ ਦਾ ਵਸਨੀਕ ਪੁਰਾਣਾ ਬੰਦਾ ਵੀ ਹੈ।'

ਇੱਕ ਮੁੰਡੇ ਨੇ ਦੂਰੋਂ ਆਉਂਦੇ ਇੱਕ ਬੰਦੇ ਵੱਲ ਇਸ਼ਾਰਾ ਕੀਤਾ, 'ਉਹ ਏਥੋਂ ਦਾ ਪੁਰਾਣਾ ਬਾਸ਼ਿੰਦਾ ਏ ਬਾਬਾ।'

ਆਉਣ ਵਾਲਾ ਸਾਡੇ ਵੱਲ ਹੀ ਆ ਰਿਹਾ ਸੀ। ਕੋਲ ਆ ਕੇ ਉਸ ਨੇ ਸਾਨੂੰ ਜਿਵੇਂ ਪਛਾਣ ਲਿਆ ਹੋਵੇ। ਉਸ ਮੱਥੇ ਤੇ ਹੱਥ ਧਰ ਕੇ ਨੀਝ ਲਾ ਕੇ ਵਿਹੰਦਿਆਂ ਆਖਿਆ, 'ਤੁਸੀਂ ਸਾਰੇ ਤਰਨ ਸਿੰਘ ਦੇ ਲਾਈ ਲੱਗਦੇ ਤਾਂ ਨਹੀਂ, ਉਹ ਤੁਹਾਡੇ ਵਰਗੇ ਹੀ ਕੱਪੜੇ ਪਾਉਂਦਾ ਹੁੰਦਾ ਸੀ।'

'ਹਾਂ ਮੈਂ ਉਹਨਾਂ ਦਾ ਵੱਡਾ ਲੜਕਾ ਸਾਧੂ ਸਿੰਘ, ਇਹ ਮੇਰਾ ਛੋਟਾ ਭਰਾ ਬਲੀ ਸਿੰਘ ਏ। ਤੀਸਰਾ ਅਮਰੀਕ ਸਿੰਘ ਜਿਹੜਾ ਸਾਡੀ ਭੂਆ ਦਾ ਪੁੱਤਰ ਏ।'

'ਓ ਬੱਲੇ ! ਤੁਸੀਂ ਕਿੱਥੋਂ ਆ ਗਏ। ਓਏ ਸਾਧੂ, ਓਏ ਬਲੀ ਤੇ ਸਾਡੀ ਭੈਣ ਲਾਭੋ ਤੇ ਭਾਈ ਕਰਤਾਰ ਸਿੰਘ ਦੇ ਪੁੱਤਰਾ ਅਮਰੀਕ। ਸ਼ਾਬਾਸ਼ੇ ਤੁਸਾਂ ਸਾਨੂੰ ਫੇਰ ਯਾਦ ਕੀਤਾ ਏ। ਮੈਨੂੰ ਨਹੀਂ ਜੇ ਪਛਾਣਿਆ, 'ਮੈਂ ਬੂਟਾ ਇਸਾਈ ਹਾਂ ਤੁਹਾਡਾ ਨਿੱਕੇ ਹੁੰਦੇ ਦਾ ਯਾਰ।' ਉਹ ਬੋਲੀ ਜਾ ਰਿਹਾ ਸੀ, ਉਹਦੀਆਂ ਅੱਖਾਂ ਚੋਂ ਅੱਥਰੂ ਵਹਿ ਰਹੇ ਸਨ, 'ਕੀ ਹਾਲ ਏ ਸਿੰਘ ਹੁਰਾਂ ਦਾ।'

ਕਿਸਾਨ ਨੇ ਉਹਨੂੰ ਬਾਹਾਂ ਵਿੱਚ ਘੁਟਦਿਆਂ ਦੱਸਿਆ, 'ਬਾਪੂ ਜੀ ਤੇ ਬਹੁਤ ਸਾਲ ਹੋਏ ਰੱਬ ਨੂੰ ਪਿਆਰੇ ਹੋ ਗਏ ਸਨ।'

'ਹਾਏ ਰੱਬਾ, ਮੇਰੀ ਉਮਰ ਵੀ ਉਸਨੂੰ ਲੱਗ ਜਾਂਦੀ। ਏਡੇ ਵਧੀਆ ਬੰਦੇ ਤਾਂ ਏਸ ਦੁਨੀਆਂ ਵਿੱਚ ਬਹੁਤ ਚਿਰ ਰਹਿਣੇ ਚਾਹੀਦੇ ਨੇ।' ਬੂਟਾ ਕਹਿ ਰਿਹਾ ਸੀ ਭਾਵੁਕ ਹੋ ਕੇ।

ਉਥੇ ਕੱਠੇ ਹੋਏ ਲੋਕਾਂ ਵੱਲ ਇਸ਼ਾਰਾ ਕਰਕੇ ਉਚੀ ਉਚੀ ਬੋਲੀ ਜਾ ਰਿਹਾ ਸੀ। 'ਬੜਾ ਹੱਥ ਦਾ ਸਖੀ ਸੀ ਤਰਨ ਸਿੰਘ। ਜਦੋਂ ਬੋਹਲ ਆਉਂਦੇ ਪਿੰਡ ਦੀਆਂ ਬੇਸਹਾਰਾ ਔਰਤਾਂ, ਜਿਨ੍ਹਾਂ ਦੇ ਖਾਵੰਦ ਗੁਜ਼ਰ ਚੁੱਕੇ ਸਨ ਨੂੰ 'ਰਿੜੀ' ਘਰ ਪੁਚਾ ਕੇ ਆਉਂਦਾ। (ਰਿੜੀ ਬੋਹਲ ਤੇ ਆਏ ਬੱਚਿਆਂ ਨੂੰ ਥੋੜ੍ਹੇ ਬਹੁਤ ਦਾਣੇ ਦੇਣ ਦਾ ਨਾਂ ਸੀ) ਪਿੰਡ ਵਿੱਚ ਕਿਸੇ ਮਾੜੇ ਦੁਬੜੇ ਦੀ ਧੀ ਭੈਣ ਦੇ ਵਿਆਹ ਤੇ ਉਹਦੀ ਪੂਰੀ ਮਦਦ ਕਰਦਾ, ਪੈਸਿਆਂ ਨਾਲ, ਦਾਣਿਆਂ ਨਾਲ, ਕੱਪੜੇ ਲੱਤੇ ਵੀ ਦਿੰਦਾ। ਪਿੰਡ ਵਿੱਚ ਸਾਰੇ ਜਿੰਮੀਦਾਰ ਮੁਜ਼ਾਰਿਆਂ ਤੋਂ ਅੱਧਾ ਹਿੱਸਾ ਲੈਂਦੇ ਸਨ ਪਰ ਸਿੰਘ ਹੁਰੀਂ ਅਖ਼ੀਰ ਤੱਕ ਤੀਜਾ ਹਿੱਸਾ ਹੀ ਲੈਂਦੇ ਰਹੇ ਤੇ ਨਾਲ ਖਰਚੇ ਦਾ ਵੀ ਤੀਜਾ ਹਿੱਸਾ ਦੇਂਦੇ।'

ਬੂਟਾ ਪਤਾ ਨਹੀਂ ਕਿੰਨਾ ਚਿਰ ਮਾਮਾ ਜੀ ਦੇ ਗੀਤ ਗਾਉਂਦਾ ਰਹਿੰਦਾ, ਸਾਡੇ ਨਾਲ ਆਏ ਮਲਿਕ ਸਾਹਿਬ ਕਾਹਲੇ ਪੈ ਗਏ ਕਿਉਂਕਿ ਅਸਾਂ ਏਥੋਂ ਜਾਂਦੇ ਸਾਡੇ ਪਿੰਡ ਲਾਲੇਪੁਰ ਵੀ ਜਾਣਾ ਸੀ।

ਅਸਾਂ ਬੂਟੇ ਨੂੰ ਬਾਗ ਵਾਲੇ ਖੂਹ ਬਾਰੇ ਪੁੱਛਿਆ ?

'ਖੂਹ ਕਿੱਥੇ ਸਰਦਾਰੋ ! ਕੋਈ ਰੁੱਖ ਬੂਟਾ ਵੀ ਨਹੀਂ ਰਿਹਾ, ਸੁਖ ਚੈਣ ਦਾ ਬੂਟਾ ਜੋ ਸਿੰਘ ਹੁਰਾਂ ਬੜੀ ਰੀਝ ਨਾਲ ਲਾਇਆ ਸੀ ਵੀ ਨਹੀਂ ਛੱਡਿਆ ਤੁਹਾਡੀ ਥਾਂ ਤੇ ਆਇਆਂ ਨੇ। ਸੁਖ ਚੈਣ ਦੀ ਦਾਤਨ ਕੀਤਿਆਂ ਸਾਰਾ ਦਿਨ ਮੂੰਹ ਲਾਚੀਆਂ ਵਰਗੇ ਸੁਆਦ ਨਾਲ ਭਰਿਆ ਰਹਿੰਦਾ ਸੀ।

'ਸਾਨੂੰ ਸਾਡੇ ਘਰ ਤਾਂ ਵਖਾ ਦੇ ਯਾਰ ਬੂਟਿਆ।' ਕਿਸਾਨ ਨੇ ਉਹਦਾ ਤਰਲਾ ਲਿਆ।

ਬੂਟਾ ਸਾਡੇ ਨਾਲ ਤੁਰ ਪਿਆ ਇੱਕ ਗਲੀ ਦੇ ਅੰਦਰ, ਆਹ ਘਰ ਸ੍ਰ. ਗੁਰਬਚਨ ਸਿੰਘ ਦਾ ਸੀ, ਅੱਗੇ ਮੰਗਲ ਸਿੰਘ ਤੇ ਹੋਰਨਾਂ ਦੇ ਸਨ। ਅਸੀਂ ਉਸ ਘਰ ਦੇ ਅੱਗੇ ਖੜ੍ਹੇ ਸਾਂ ਅੰਦਰੋਂ ਦਰਵਾਜਾ ਬੰਦ ਸੀ। ਘਰ ਦੇ ਦੂਜੇ ਪਾਸੇ ਦੁਕਾਨ ਦੇ ਮਾਲਕ ਨੇ ਅੰਦਰੋਂ ਬੂਹਾ ਖੋਲ੍ਹਿਆ। ਅੰਦਰ ਜਾ ਕੇ ਵੇਖਿਆ ਨਾ ਖੂਹੀ ਨਾ ਬੈਠਕ, ਨਕਸ਼ਾ ਹੀ ਹੋਰ ਦਾ ਹੋਰ ਬਣਿਆ ਪਿਆ ਸੀ।

'ਤੇ ਅਮਰੀਕ ਸਿਹਾਂ ਤੂੰ ਤੇ ਇਹਦੀ ਲੜਕੀ ਮਹਿੰਦਰੋ ਨਾਲ ਮੰਗਿਆ ਹੋਇਆ ਸੈਂ। ਤੇਰਾ ਤੇ ਫਿਰ ਸਹੁਰਾ ਘਰ ਹੀ ਹੋਇਆ ਨਾ।' ਬੂਟੇ ਫੇਰ ਗੱਲ ਛੇੜ ਲਈ।'

'ਹਾਂ ਬੂਟਿਆਂ ਤੂੰ ਠੀਕ ਕਹਿ ਰਿਹਾ ਏਂ ਮੇਰਾ ਤੇ ਇਹ ਪਿੰਡ ਦੋ ਸਾਕਾ ਏ, ਨਾਨਕੇ ਵੀ ਤੇ ਸਹੁਰੇ ਵੀ। ਮੇਰੇ ਵਾਲਦ ਸਾਹਿਬ ਸੰਤ ਕਰਤਾਰ ਸਿੰਘ ਤੇ ਮੇਰੇ ਦੋਹਾਂ ਦੇ ਸਹੁਰੇ ਏਸੇ ਪਿੰਡ ਹੀ ਸਨ।

ਅਸੀਂ ਉਸ ਗਲੀਓਂ ਪਰਤ ਕੇ ਪਿੰਡ ਦੇ ਦੂਜੇ ਪਾਸਿਓਂ ਦੂਸਰੀ ਗਲੀ ਪੈ ਕੇ ਕਿਸਾਨ ਹੁਰਾਂ ਦੇ ਘਰ ਅੱਗੇ ਜਾ ਖੜ੍ਹੇ ਹੋਏ। ਪਿੰਡ ਦੇ ਕਾਫੀ ਬੰਦੇ ਤੇ ਬੱਚੇ ਸਾਡੇ ਨਾਲ ਇੱਕ ਜਲੂਸ ਦੇ ਰੂਪ ਵਿੱਚ ਕੱਠੇ ਹੋ ਗਏ ਸਨ।

ਅੰਦਰ ਵੜ ਕੇ ਦੇਖਿਆ ਸਾਹਮਣੀ ਡਿਓੜੀ ਤੋਂ ਬਗੈਰ ਕੁੱਝ ਵੀ ਤਾਂ ਪਛਾਣਨ ਜੋਗਾ ਨਹੀਂ ਸੀ। ਸਾਧੂ ਸਿੰਘ ਤੇ ਬਲੀ ਸਿੰਘ ਕੁੱਝ ਦੇਰ ਭਾਵੁਕ ਹੋ ਕੇ ਉਥੇ ਖੜ੍ਹੇ ਰਹੇ। ਕੁੱਝ ਨਾ ਕਹਿ ਕੇ ਵੀ ਉਹਨਾਂ ਦੇ ਚਿਹਰੇ ਬਹੁਤ ਕੁੱਝ ਕਹਿ ਰਹੇ ਸਨ।

ਆਹ ਅੱਗੇ ਬਾਵਿਆਂ ਦਾ ਘਰ ਸੀ। ਪਿਛਲੇ ਪਾਸੇ ਖੱਤਰੀਆਂ ਦਾ ਘਰ ਸੀ। ਹੋਰ ਪਿੱਛੇ ਰਾਜਿੰਦਰ ਸਿੰਘ ਪੁੱਤਰ ਭਾਗ ਸਿੰਘ ਤੇ ਤਾਏ ਅਰੂੜ ਸਿੰਘ ਦਾ ਘਰ ਸੀ।

ਮੈਨੂੰ ਯਾਦ ਆਇਆ ਇੱਕ ਵੇਰਾਂ ਮੈਂ ਨਾਨਕੇ ਆਇਆ ਹੋਇਆ ਸਾਂ। ਮੇ ਰਾ ਛੋਟਾ ਵੀਰ ਮਾਨ ਸਿੰਘ ਹਾਲੇ ਰਿੜ੍ਹਦਾ ਸੀ ਤੁਰ ਨਹੀਂ ਸੀ ਸਕਦਾ। ਮੈਂ ਪੌੜੀਆਂ ਤੇ ਚੜ੍ਹਕੇ ਉਹਨੂੰ ਖਡਾ ਰਿਹਾ ਸਾਂ ਕਿ ਕਾਕਾ ਮਾਨ ਸਿੰਘ ਪੌੜੀਆਂ ਤੋਂ ਐਸਾ ਡਿੱਗਿਆ ਕਿ ਰੋਂਦਾ ਰੋਂਦਾ ਥੱਲੇ ਜਾ ਪਿਆ। ਮੈਂ ਮਾਤਾ ਦੀ ਕੁੱਟ ਤੋਂ ਡਰਦਾ ਰਾਜਿੰਦਰ ਸਿੰਘ ਹੁਰਾਂ ਦੇ ਘਰ ਨੂੰ ਉਤਰਦੀ ਪੌੜੀ ਰਾਹੀਂ ਉਹਨਾ ਦੇ ਘਰ ਉਤਰ ਗਿਆ ਤੇ ਉਹਨਾਂ ਦੇ ਇੱਕ ਹਨ੍ਹੇਰੇ ਕਮਰੇ ਵਿੱਚ ਲੁਕ ਗਿਆ।

ਕੁੱਝ ਦੇਰ ਨਾ ਘਰ ਪੁੱਜਣ ਤੇ ਮੇਰੀ ਭਾਲ ਸ਼ੁਰੂ ਹੋਈ। ਸਾਰੇ ਪਿੰਡ ਵਿੱਚ ਹਰ ਥਾਂ ਛਾਣ ਮਾਰੀ। ਰਾਜਿੰਦਰ ਸਿੰਘ ਦੀ ਦਾਦੀ ਉਸੇ ਹਨ੍ਹੇਰੇ ਕਮਰੇ ਵਿਚੋਂ ਕੁੱਝ ਲੈਣ ਆਈ ਤਾਂ

ਮੈਂ ਅੱਗੋਂ ਲੁਕਿਆ ਬੈਠਾ ਸਾਂ। ਉਹ ਮੈਨੂੰ ਬਾਹੋਂ ਖਿੱਚ ਕੇ ਲਿਆਈ ਤੇ ਆਪਣੀ ਨੂੰਹ ਰਾਜਿੰਦਰ ਸਿੰਘ ਦੀ ਮਾਤਾ ਨੂੰ ਮੇਰੇ ਬਾਰੇ ਦੱਸਿਆ, ਉਹ ਮੈਨੂੰ ਉਸੇ ਤਰ੍ਹਾਂ ਧਰੂੰਦੀ ਹੋਈ ਪੌੜੀ ਚੜ੍ਹ ਗਈ ਤੇ ਮੇਰੀ ਮਾਤਾ ਨੂੰ ਵਾਜ਼ ਮਾਰੀ। 'ਨੀ ਲਾਭਾਂ ! ਲੱਭ ਪਿਆ ਈ ਤੇਰਾ ਲਾਲ, ਸੰਭਾਲ ਏਹਨੂੰ।' ਮੈਨੂੰ ਉਥੇ ਹੀ ਛੱਡ ਕੇ ਆਪ ਪੌੜੀਆਂ ਉਤਰ ਗਈ। ਮੇਰੀ ਮਾਤਾ ਨੂੰ ਪੇਕੇ ਪਿੰਡ ਸਾਰੇ ਲਾਭਾਂ ਹੀ ਆਖਦੇ ਸਨ, ਲਾਭ ਕੌਰ ਤੇ ਸਹੁਰੇ ਘਰ ਹੀ ਅਖਵਾਂਦੀ ਸੀ।

ਮੇਰੀ ਕਿਸਮਤ ਨੂੰ ਮਾਮਾ ਜੀ ਤਰਨ ਸਿੰਘ ਘਰ ਆ ਗਏ ਸਨ, ਨਹੀਂ ਤੇ ਮੇਰੀ ਚੰਗੀ ਸੇਵਾ ਹੋਣੀ ਸੀ। ਮਾਮੀ ਕਰਤਾਰ ਕੌਰ ਕਿਸਾਨ ਹੁਰਾਂ ਦੀ ਸੱਕੀ ਮਾਤਾ ਨੇ ਵੀ ਮੇ ਰੀ ਰਿਹਾਈ ਦੀ ਚੰਗੀ ਸਿਫ਼ਾਰਸ਼ ਕੀਤੀ।

ਕੁੱਝ ਦੇਰ ਬਾਅਦ ਕਿਸਾਨ ਹੁਰਾਂ ਬੂਟੇ ਨੂੰ ਪੁੱਛਿਆ, 'ਮੇਰੇ ਯਾਰ ਬਸ਼ੀਰ ਤੇ ਨਜੀਰ ਮਿਲਣਗੇ।'

'ਬੂਟੇ ਦੱਸਿਆ ਕਿ ਬਸ਼ੀਰ ਤਾਂ ਸ਼ਹਿਰ ਚਲਿਆ ਗਿਆ ਸੀ ਤੇ ਨਜੀਰ ਫੌਤ ਹੋ ਚੁੱਕਾ ਸੀ।' ਕਿਸਾਨ ਅੱਖਾਂ ਤੋਂ ਅੱਥਰੂ ਪੂੰਝ ਰਿਹਾ ਸੀ, ਜਿਵੇਂ ਨਜੀਰ ਹੁਣੇ ਹੀ ਫੌਤ ਹੋਇਆ ਹੋਵੇ।

ਪਿੰਡੋਂ ਬਾਹਰ ਨਿਕਲੇ ਤਾਂ ਸਾਡੇ ਨਾਲ ਕਾਫ਼ੀ ਲੋਕ ਆ ਰਹੇ ਸਨ। ਸਾਧੂ ਸਿੰਘ ਹੁਰਾਂ ਖਾਹਿਸ਼ ਜ਼ਾਹਿਰ ਕੀਤੀ ਕਿ 'ਚਰਾਗ ਮਹਿਰ ਹੁਰਾਂ ਵਿਚੋਂ ਕੋਈ ਹੋਵੇ ਤਾਂ ਉਨ੍ਹਾਂ ਨੂੰ ਜ਼ਰੂਰ ਮਿਲ ਕੇ ਜਾਣਾ ਏ।'

ਬੂਟੇ ਇਸਾਈ ਨੇ ਦੱਸਿਆ ਕਿ 'ਹੋਰ ਤਾਂ ਸਾਰੇ ਏਥੋਂ ਚਲੇ ਗਏ ਨੇ, ਉਹਦਾ ਵੱਡਾ ਪੁੱਤਰ ਨਾਲ ਹੀ ਲੱਗਦੇ ਪਿੰਡ ਕਿਲ੍ਹੇ ਮੱਲਾ ਸਿੰਘ ਵਿੱਚ ਰਹਿੰਦਾ ਏ ਫ਼ਜ਼ਲ ਮਹਿਰ। ਅੱਧੇ ਕਿਲੋਮੀਟਰ ਤੇ ਕਿਲ੍ਹਾ ਸੀ। ਅਸੀਂ ਪੈਦਲ ਚੱਲ ਪਏ, ਕਾਰ ਵਾਲੇ ਵੀ ਸਾਡੇ ਤੋਂ ਪਹਿਲਾਂ ਉਥੇ ਪਹੁੰਚ ਗਏ। ਦੁਆਲੇ ਝਾਤ ਮਾਰੀ ਕਾਫੀ ਚੰਗੀ ਕਣਕ ਦੀ ਫਸਲ ਪੱਕ ਕੇ ਤਿਆਰ ਖੜ੍ਹੀ ਸੀ। ਕਿਲ੍ਹੇ ਤੋਂ ਉਰਾਂ ਹੀ ਚਾਰ ਮੱਝਾਂ ਬੱਝੀਆਂ ਸਨ ਹਵੇਲੀਓਂ ਬਾਹਰ। ਮੱਝਾਂ ਕੀ ਸਨ ਪਰੀਆਂ ਹੀ ਲੱਗ ਰਹੀਆਂ ਸਨ। ਸ਼ਾਹ ਕਾਲੇ ਰੰਗ ਦੀਆਂ ਇਹ ਮੱਝਾਂ। ਕਿਸੇ ਦੱਸਿਆ ਚਰਾਗ ਮਹਿਰ ਦੇ ਪੁੱਤਰ ਫਜ਼ਲ ਮਹਿਰ ਦੀਆਂ ਹੀ ਹਨ। ਭੀੜ ਪਿੰਡ ਵੱਲ ਆਉਂਦੀ ਵੇਖ ਪਤਲਾ ਜਿਹਾ ਬੰਦਾ ਲੱਕ ਚਾਦਰ ਤੇ ਸਿਰ 'ਤੇ ਪਰਨਾ ਬੰਨ੍ਹੀ ਆਪਣੇ ਘਰੋਂ ਬਾਹਰ ਆਇਆ।

ਸਾਨੂੰ ਵੇਖ ਕੇ ਉਹ ਕੁੱਝ ਸਮਝ ਗਿਆ ਸਾਡੇ ਵੱਲ ਨੂੰ ਲਪਕਿਆ। ਕਿਸਾਨ ਹੁਰਾਂ ਦੀ ਅੰਤਰ ਆਤਮਾ ਨੇ ਜਾਣ ਲਿਆ ਕਿ ਇਹ ਹੀ ਚਰਾਗ ਮਹਿਰ ਦਾ ਪੁੱਤਰ ਫ਼ਜ਼ਲ ਏ। ਕਿਸਾਨ ਨੇ ਅਗਲਵਾਂਢੀ ਹੋ ਜੱਫੀ ਪਾ ਲਈ ਤੇ ਉਚੀ ਸਾਰੀ ਆਖਿਆ–

'ਤੂੰ ਹੀ ਬਾਬੇ ਚਰਾਗ ਮਹਿਰ ਦਾ ਵੱਡਾ ਪੁੱਤਰ ਫ਼ਜ਼ਲ ਏਂ ?'

'ਹਾਂ ਜੇ ਮੈਂ ਭੁਲਦਾ ਨਹੀਂ ਤਾਂ ਤੂੰ ਤਰਨ ਸਿੰਘ ਦਾ ਵੱਡਾ ਪੁੱਤਰ ਸਾਧੂ ਸਿੰਘ ਹੀ ਏਂ।' ਘੁਟ ਕੇ ਮਿਲਣ ਵਾਲੇ ਆਦਮੀ ਨੇ ਆਖਿਆ।

ਸੱਠ ਸਾਲ ਬਾਅਦ ਦੋ ਵਿਛੜੇ ਯਾਰ ਮਿਲ ਰਹੇ ਸਨ। ਚਰਾਗ ਹੁਰੀਂ ਬਹੁਤ

ਸਾਲਾਂ ਤੋਂ ਵਹਿਮੀ ਹੁਰਾਂ ਦੀ ਜ਼ਮੀਨ ਦਾ ਇਤਬਾਰ ਯੋਗ ਮੁਜ਼ਾਰਾ ਸੀ ਤੇ ਕਈ ਸਾਲਾਂ ਤੋਂ ਪੈਲੀ ਕਾਸ਼ਤ ਕਰ ਰਿਹਾ ਸੀ, ਨਿਰਾ ਮੁਜ਼ਾਰਾ ਹੀ ਨਹੀਂ ਸੀ ਸੱਤ ਮੁਰੱਬਿਆਂ ਦਾ ਪ੍ਰਬੰਧਕ ਵੀ ਸੀ। ਜ਼ਮੀਨ ਕਿਹੜੀ ਕਿਸਨੂੰ ਵਾਹੁਣ ਲਈ ਦੇਣੀ ਏ, ਹਿੱਸਾ ਵੀ ਸਾਰੇ ਬੋਹਲਾਂ ਦਾ ਮਹਿਰ ਹੀ ਵੰਡਾਂਦਾ ਸੀ, ਮਹਿਰ ਅਰਾਈਂ ਕੌਮ ਨੂੰ ਵੱਡਿਆ ਕੇ ਆਖਿਆ ਜਾਂਦਾ ਹੈ।

ਫ਼ਜ਼ਲ ਮਹਿਰ ਨੇ ਦੱਸਿਆ ਕਿ 'ਓਧਰ ਬੋਹਲ ਬਹਿਣੇ ਸ਼ੁਰੂ ਹੁੰਦੇ ਤੇ ਓਧਰ 'ਸਿੰਘ' ਹੁਰਾਂ ਨੂੰ ਉਹਨਾਂ ਦੇ ਪੀਰ ਦਾ ਸੁਨੇਹਾ ਆ ਜਾਣਾ (ਮਾਮਾ ਤਰਨ ਸਿੰਘ ਵਹਿਮੀ ਹੁਰਾਂ ਨੂੰ) ਸਾਰੇ ਲੋਕ ਸਿੰਘ ਜੀ ਕਰਕੇ ਹੀ ਬੁਲਾਉਂਦੇ ਸਨ, ਮੇਰੇ ਬਾਪ ਨੇ ਆਖਣਾ, 'ਬੋਹਲ ਤਾਂ ਵੰਡਾ ਕੇ ਜਾਣਾ ਸੀ।'

'ਮੀਆਂ ਚਰਾਗ ਤੂੰ ਜੂ ਹੈਂ। ਮੈਂ ਤੇ ਸ੍ਰੀ ਭੈਣੀ ਸਾਹਿਬ ਜਾਣਾ ਹੀ ਜਾਣਾ ਹੈ। ਸਾਰੇ ਬੋਹਲ ਵੰਡਾ ਲੈਣੇ। ਕਿਸੇ ਨਾਲ ਕੋਈ ਬੇਇਨਸਾਫ਼ੀ ਨਾ ਹੋਵੇ, ਚਾਰ ਦਾਣੇ ਸਾਡੇ ਵੱਲ ਘੱਟ ਆ ਜਾਣ ਕੋਈ ਗੱਲ ਨਹੀਂ। ਕਿਸੇ ਦੇ ਸਾਡੇ ਵੱਲ ਨਹੀਂ ਆਉਣੇ ਚਾਹੀਦੇ। ਰਿੜੀ ਸਾਰਿਆਂ ਬੱਚਿਆਂ ਗਰੀਬਾਂ ਨੂੰ ਦੇਣੀ। ਜਿਨ੍ਹਾਂ ਬੇਸਹਾਰਾ ਔਰਤਾਂ ਨੂੰ ਮੈਂ ਛਿਮਾਹੀ ਦਾਣੇ ਦਿੰਦਾ ਹਾਂ, ਉਹਨਾਂ ਨੂੰ ਸੱਦ ਕੇ ਬੋਹਲਾਂ ਤੋਂ ਹੀ ਚੁਕਾ ਦਵੀਂ। ਧੜਵਾਈ ਤਾਰਾ ਸਿੰਘ ਤੇਰੇ ਨਾਲ ਹੀ ਹੋਵੇਗਾ। ਧੜਵਾਈ ਪਿੰਡ ਵਿੱਚ ਸਾਰੇ ਬੋਹਲ ਤੋਲਣ ਵਾਲੇ ਨੂੰ ਕਹਿੰਦੇ ਸਨ, ਜਿਨਸ ਓਦੋਂ ਲੋਹੇ ਦੇ ਬਣੇ ਟੋਪਿਆਂ ਨਾਲ ਹੀ ਗਿਣੀ ਜਾਂਦੀ ਸੀ। (ਤਕੜੀ ਨਾਲ ਤਾਂ ਸ਼ਾਇਦ ਮੰਡੀ ਵਿੱਚ ਹੀ ਤੁਲਾਈ ਹੁੰਦੀ ਸੀ)

ਫ਼ਜ਼ਲ ਕਹੀ ਜਾ ਰਿਹਾ ਸੀ ਤੇ ਅਸੀਂ, ਬਲੀ ਸਿੰਘ ਤੇ ਮੈਂ ਕਾਰ ਵਾਲੇ ਮਲਿਕ ਸਾਹਿਬ ਤੇ ਹੋਰ ਸਾਰੇ ਹੈਰਾਨ ਹੋਏ ਸੁਣ ਰਹੇ ਸਾਂ। ਕਿਸਾਨ ਤੇ ਫ਼ਜ਼ਲ ਨੇ ਘੁਟ ਕੇ ਜੱਫ਼ੀ ਪਾਈ ਹੋਈ ਸੀ। ਕਿਸਾਨ ਹੁਰਾਂ ਦੱਸਿਆ, 'ਇਹ ਮੇਰਾ ਨਿੱਕਾ ਵੀਰ ਬਲੀ ਸਿੰਘ ਏ, ਦੋ ਵੀਰ ਸਾਡੇ ਹੋਰ ਨੇ ਗੁਰਦੇਵ ਸਿੰਘ ਤੇ ਗੁਰਮੁਖ ਸਿੰਘ ਸਾਡੀ ਮਾਸੀ ਲਖਬੀਰ ਕੌਰ ਵਿਚੋਂ। ਉਹ ਤਾਂ ਏਥੋਂ ਜਾਣ ਤੋਂ ਬਾਅਦ ਹੀ ਪੈਦਾ ਹੋਏ ਸਨ, ਤੂੰ ਸੁਣਾ ਤੇਰਾ ਕੀ ਬਾਲ ਬੱਚਾ ਏ ?'

'ਅੱਲ੍ਹਾ ਦਾ ਫ਼ਜ਼ਲ ਏ ਦੋ ਪੁੱਤਰ ਨੇ ਅਸਲਮ ਤੇ ਖੁਰਸ਼ੈਦ।'

ਏਨੇ ਨੂੰ ਅਸਲਮ ਵੀ ਆ ਗਿਆ, ਦਰਮਿਆਨੇ ਕੱਦ ਦਾ ਚਾਲੀ ਕੁ ਵਰ੍ਹੇ ਦਾ ਨੌਜਵਾਨ ਹੋਵੇਗਾ। ਸਲਵਾਰ ਕਮੀਜ ਵਿੱਚ ਬਹੁਤ ਫੱਬ ਰਿਹਾ ਸੀ। ਅਸਲਮ ਸਾਨੂੰ ਖਿੱਚ ਕੇ ਅੰਦਰ ਲੈ ਗਿਆ, ਨਾਲ ਹੀ ਪਿੰਡ ਦੇ ਹੋਰ ਲੋਕੀਂ ਵੀ ਅੰਦਰ ਬੈਠਕ ਵਿੱਚ ਬਹਿ ਗਏ।

ਬੈਠਕ ਭਾਵੇਂ ਸੌੜੀ ਹੀ ਸੀ ਪਰ ਅਸਲਮ ਦਾ ਦਿਲ ਬਹੁਤ ਚੌੜਾ ਜਾਪਦਾ ਸੀ। ਪੈਪਸੀ ਦੀਆਂ ਪੰਜ ਛੇ ਠੰਡੀਆਂ ਬੋਤਲਾਂ ਮੰਗਵਾ ਲਈਆਂ ਤੇ ਸਭ ਨੂੰ ਰੱਜ ਰੱਜ ਕੇ ਪਿਆਈਆਂ। ਮੈਂ ਸੋਚ ਰਿਹਾ ਸਾਂ ਕਿ ਪੈਪਸੀ ਨੂੰ ਭਾਰਤ ਪਾਕਿਸਤਾਨ ਦਾ ਕੋਈ ਅੰਤਰ ਨਹੀਂ ਲੱਗਦਾ। ਪੈਪਸੀ ਵਾਲਿਆਂ ਨੂੰ ਤਾਂ ਮੁਨਾਫ਼ਾ ਚਾਹੀਦੈ, ਭਾਰਤ ਹੋਵੇ, ਪਾਕਿਸਤਾਨ ਹੋਵੇ ਜਾ ਕੋਈ ਹੋਰ ਦੇਸ਼।

ਅਸਲਮ ਦਾ ਪਿਆਰ ਉਹਦੀਆਂ ਗੱਲਾਂ ਵਿਚੋਂ ਡੁਲ੍ਹ ਡੁਲ੍ਹ ਪੈ ਰਿਹਾ ਸੀ। 'ਚਾਚਾ

ਜੀ ਅੱਜ ਨਹੀਂ ਜਾਣ ਦੇਣਾ, ਸੱਠ ਸਾਲ ਬਾਅਦ ਆਏ ਹੋ ਹਿੰਦੂ ਚੱਕ ਵਿੱਚ ਇੱਕ ਦਿਨ ਤਾਂ ਕੋਈ ਬਹੁਤ ਨਹੀਂ। ਮੇਰੇ ਅੱਬਾ ਤਾਂ ਉਠਦੇ ਬਹਿੰਦੇ ਸੌਂਦੇ ਜਾਗਦੇ ਤੁਹਾਡੀਆਂ ਹੀ ਗੱਲਾਂ ਕਰਦੇ ਰਹਿੰਦੇ ਨੇ।'

'ਕਾਸ਼ ! ਇਹ ਵੰਡ ਨਾ ਹੁੰਦੀ ਤੇ ਅਸੀਂ ਤੁਸੀਂ ਸਾਡੇ ਦਾਦੇ ਸਮਾਨ 'ਸਿੰਘ' ਹੁਰਾਂ ਦੇ ਪਿਆਰ ਦੇ ਹੁਲਾਰੇ ਲੈ ਸਕਦੇ।'

ਅਸਲਮ ਬੋਲੀ ਜਾ ਰਿਹਾ ਸੀ ਬਿਨਾ ਰੁਕਿਆਂ।

ਕਿਸਾਨ ਹੁਰਾਂ ਵਿੱਚੋਂ ਹੀ ਬੋਲਦਿਆਂ ਆਖਿਆ, 'ਮੀਆਂ ਫ਼ਜ਼ਲ, ਅੱਜ ਕਲ੍ਹ ਕੀ ਕਰਦੇ ਹੋ ਵਾਹੀ ਕਿ ਕੁੱਝ ਹੋਰ ?'

'ਕਿੱਥੇ ਭਰਾਵਾ ! ਤੁਹਾਡੀ ਜ਼ਮੀਨ ਤਾਂ ਸਾਰੀ ਓਧਰੋਂ ਆਉਣ ਵਾਲਿਆਂ ਵਿੱਚ ਵੰਡੀ ਗਈ। ਦੋ-ਦੋ ਚਾਰ-ਚਾਰ ਕਿੱਲੇ ਹੀ ਆਈ ਉਹਨਾਂ ਨੂੰ। ਸਾਨੂੰ ਵਾਹੁਣ ਲਈ ਕਿਸ ਨੇ ਦੇਣੀ ਸੀ। ਨਾਲੇ ਜਿਸਨੇ ਤੁਹਾਡੀ ਰਾਹਕੀ ਕਰ ਲਈ ਹੋਵੇ ਉਹ ਹੋਰ ਕਿਸੇ ਦਾ ਰਾਹਕ ਨਹੀਂ ਬਣ ਸਕਦਾ। ਏਨੀ ਖੁਲ੍ਹੀ ਮੁਹੱਬਤ 'ਸਿੰਘ' ਹੁਰਾਂ ਜਿੰਨੀ ਸਾਨੂੰ ਕੌਣ ਦੇ ਸਕਦਾ ਸੀ ਭਲਾ ? ਅਸਾਂ ਤਾਂ ਆਹ ਮੱਝਾਂ ਰੱਖ ਲਈਆਂ ਤੇ ਗੁਜ਼ਾਰਾ ਕਰਦੇ ਰਹੇ, ਮੁੰਡੇ ਜਵਾਨ ਹੋਏ ਤਾਂ ਅਸਲਮ ਨੇ ਪਿੰਡ ਵਿੱਚ ਹੀ ਦੁਕਾਨ ਕਰ ਲਈ ਤੇ ਛੋਟਾ ਸ਼ਹਿਰ ਵਿੱਚ ਨੌਕਰੀ ਕਰਦਾ ਏ। ਅੱਲ੍ਹਾ ਦਾ ਫ਼ਜ਼ਲ ਏ ਗੁਜ਼ਾਰਾ ਚੰਗਾ ਹੋਈ ਜਾਂਦਾ ਏ।'

'ਮਹਿਰ ਚਰਾਗ ਦੀ ਮੈਨੂੰ ਇੱਕ ਗੱਲ ਬੜੀ ਯਾਦ ਏ' ਫ਼ਜ਼ਲ ਦੀ ਹਾਲੇ ਗੱਲ ਮੁੱਕੀ ਨਹੀਂ ਸੀ ਕਿ ਮੈਂ ਵਿਚੇ ਹੀ ਬੋਲ ਪਿਆ। ਜਜ਼ਬਾਤ ਦਾ ਤੂਫ਼ਾਨ ਝੁਲਿਆ ਪਿਆ ਜਾਪਦਾ ਸੀ।

'ਸਾਡੇ ਪਿੰਡ ਲਾਲੇਪੁਰ ਹਾਲੇ ਨਹਿਰ ਨਹੀਂ ਸੀ ਆਈ। ਸੋ ਮੁੰਜੀ (ਧਾਨ) ਨਹੀਂ ਸੀ ਹੁੰਦੀ ਤਾਂ ਮਾਮਾ ਜੀ ਸਾਲ ਪਿਛੋਂ ਚਾਰ ਘੁਮਾਰਾਂ ਦੇ ਗਧਿਆਂ ਤੇ ਸਾਡੇ ਪਿੰਡ ਧਾਨ ਭੇਜਿਆ ਕਰਦੇ ਸਨ। ਇੱਕ ਵਾਰੀ ਮੈਂ ਸਕੂਲੋਂ ਆਇਆ ਤਾਂ ਝੋਨੇ ਦੀਆਂ ਛੱਟਾਂ ਲਈ ਸਾਡੇ ਘਰ ਨੂੰ ਗਧੇ ਜਾ ਰਹੇ ਸਨ। ਪਿਛਲੇ ਗਧੇ ਤੇ ਪੰਦਰਾਂ ਕੁ ਸੇਰ ਝੋਨਾ ਵੱਖਰਾ ਕੱਪੜੇ ਵਿੱਚ ਬੰਨ੍ਹਿਆ ਹੋਇਆ ਪਿਆ ਸੀ - ਮਹਿਰ ਚਰਾਗ ਨੇ ਮੈਨੂੰ ਪਛਾਣ ਲਿਆ।

ਮੈਂ ਇਹ ਝੋਨੇ ਦੀ ਗੰਢ ਵੇਖ ਕੇ ਪੁੱਛਿਆ, 'ਬਾਬਾ ਇਹਦੇ ਵਿੱਚ ਕੀ ਏ ?'

'ਇਹ ਪੁੱਤਰਾ ਮੈਂ ਆਪਣੇ ਵਾਸਤੇ ਆਪਣੀ ਭੈਣ ਲਈ ਵਧੀਆ ਬਾਸਮਤੀ ਲੈ ਕੇ ਆਇਆ ਹਾਂ।' ਚਰਾਗ ਨੇ ਮੈਨੂੰ ਆਪਣੀਆਂ ਬਾਹਾਂ ਵਿੱਚ ਘੁਟਦਿਆਂ ਦੱਸਿਆ।

'ਦੂਜੀ ਵੀ ਤੇ ਸਾਰੀ ਬਾਸਮਤੀ ਹੀ ਏ ਫਿਰ ਵੱਖਰੀ ਬਾਸਮਤੀ ਕਿਉਂ ਲਿਆਏ ਹੋ ?' ਮੈਂ ਘਰ ਨੂੰ ਜਾਂਦੇ ਖੋਤਿਆਂ ਵੱਲ ਇਸ਼ਾਰਾ ਕਰਕੇ ਪੁੱਛਿਆ।

'ਓਏ ਬੱਲਿਆ ਬਹੁਤਾ ਨਿੰਨੋ ਨਹੀਂ ਲਈਦਾ ?' ਚਿਰਾਗ ਨੇ ਹੱਸ ਕੇ ਆਖਿਆ। ਇਹ ਬਾਸਮਤੀ ਇੱਕ ਤੇ ਬਹੁਤ ਵਧੀਆ ਬੀਜ ਮੈਂ ਕਾਲਰ ਵਿੱਚੋਂ ਲਿਆਇਆ ਸਾਂ, ਦੂਜੇ ਮੈਂ ਆਪਣੀ ਭੈਣ ਲਾਭਾਂ ਲਈ ਆਪਣੇ ਵਲੋਂ ਜ਼ਰੂਰ ਦੇ ਕੇ ਆਉਣੀ ਏ।

ਸਾਡੇ ਨਾਲ ਆਏ ਜ਼ਾਹਿਦ ਮਲਿਕ ਸਾਹਿਬ ਸਾਡੀਆਂ ਗੱਲਾਂ ਸੁਣਕੇ ਕਿਸੇ ਡੂੰਘੀ ਸੋਚ ਵਿੱਚ ਪੈ ਗਏ ਜਾਪਦੇ ਸਨ।

ਮੈਂ ਪੁੱਛਿਆ 'ਮਲਿਕ ਸਾਹਿਬ ਕੀ ਗੱਲ ਏ ਉਦਾਸ ਹੋ ਗਏ ਲੱਗਦੇ ਹੋ, ਕੁੱਝ ਸਾਡੀਆਂ ਗੱਲਾਂ ਸੁਣ ਕੇ ਅੱਕ ਤਾਂ ਨਹੀਂ ਗਏ।'

'ਨਹੀਂ ਮਾਸਟਰ ਜੀ, ਇਹ ਪਿਆਰ ਦੀਆਂ ਗੱਲਾਂ ਭਲਾ ਅਕਾਣ ਵਾਲੀਆਂ ਨੇ। ਮੈਂ ਤਾਂ ਤੁਹਾਡੀਆਂ ਗਲੋੜੀਆਂ ਸੁਣ ਕੇ ਆਪ ਆਪਣੇ ਪਿਛਲੇ ਪਿੰਡ, ਜੋ ਭਾਰਤ ਵਿੱਚ ਹੈ ਪਹੁੰਚਿਆ ਹੋਇਆ ਸਾਂ। ਅਸੀਂ ਵੀ ਜਦੋਂ ਪਿਛਲੇ ਸਾਲ ਆਪਣੇ ਪਿੰਡ ਮੁਕੇਰੀਆਂ ਜਿਲਾ ਹੁਸ਼ਿਆਪੁਰ ਗਏ ਸਾਂ ਤਾਂ ਸਾਡੀਆਂ ਗੱਲਾਂ ਨਹੀਂ ਸਨ ਮੁਕਦੀਆਂ ਏਸੇ ਤਰ੍ਹਾਂ।' ਮਲਿਕ ਸਾਹਿਬ ਵੀ ਜਜ਼ਬਾਤੀ ਹੋ ਗਏ ਲੱਗਦੇ ਸਨ।

'ਆਪਾਂ ਦੋਵੇਂ ਧਿਰਾਂ ਹੀ ਏਸ ਵੰਡ ਦੇ ਇੱਕੋ ਜਿਹੇ ਹੀ ਸ਼ਿਕਾਰ ਹੋਏ ਸਾਂ ਮਲਿਕ ਸਾਹਿਬ।' ਬਲੀ ਸਿੰਘ ਨੇ ਜ਼ਾਹਿਦ ਨੂੰ ਬੜੇ ਪਿਆਰ ਨਾਲ ਆਖਿਆ ਜੋ ਚੁਪ ਚੁਪੀਤੇ ਸਾਰੀ ਬਾਤਚੀਤ ਸੁਣ ਰਹੇ ਸਨ।

ਇਹ ਨਾ ਮੁੱਕ ਸਕਣ ਵਾਲੀ ਮੁਹੱਬਤ ਭਰੀ ਗੁਫ਼ਤਗੂ ਬਹੁਤ ਲੰਮੀ ਏ, ਪਰ ਅਸਾਂ ਵਾਪਸ ਵੀ ਮੁੜਨਾ ਏ। ਗੁਜਰਾਂ ਵਾਲੇ ਆਪਣੀ ਇੰਤਜਾਰ ਹੋ ਰਹੀ ਹੋਵੇਗੀ। ਮੈਂ ਤੁਹਾਨੂੰ ਦੱਸਿਆ ਨਹੀਂ ਮੁਮਤਾਜ਼ ਸਾਹਿਬ ਦੀਆਂ ਦੋ ਮਿਸ ਕਾਲਾਂ ਆ ਚੁੱਕੀਆਂ ਨੇ। ਮਲਿਕ ਸਾਹਿਬ ਨੇ ਸਾਨੂੰ ਚੇਤੇ ਕਰਾਇਆ। ਘੜੀਆਂ ਵੇਖੀਆਂ ਤਾਂ ਸਾਢੇ ਪੰਜ ਵਜ ਚੁੱਕੇ ਸਨ।

ਨਾ ਚਾਹੁੰਦੇ ਹੋਏ ਵੀ ਅਸੀਂ ਉਠ ਬੈਠੇ। ਅਸਲਮ ਦਾ ਮਨ ਭਰ ਆਇਆ, ਕਹਿਣ ਲੱਗਾ, 'ਚਾਚਾ ਜੀ, ਅੱਜ ਤੁਹਾਨੂੰ ਰਹਿਣਾ ਚਾਹੀਦਾ ਸੀ, ਉਹਦੀਆਂ ਅੱਖਾਂ ਵਿੱਚ ਗਲੇਡੂ ਸਨ।'

ਅਸੀਂ ਬੈਠਕ ਤੋਂ ਬਾਹਰ ਆ ਗਏ, ਸਲਾਮ ਦੁਆ ਕੀਤੀ ਤੇ ਘੁਟ ਘੁਟ ਮਿਲ ਕੇ ਅਸੀਂ ਕਾਰ ਵਿੱਚ ਬੈਠੇ ਤੇ ਹਿੰਦੂ ਚੱਕ ਨੂੰ ਤੁਰ ਪਏ।

ਹਿੰਦੂ ਚੱਕ ਦੇ ਸਾਹਮਣੇ ਆਏ ਤਾਂ ਇੱਕ ਆਦਮੀ ਚਾਦਰ ਬੰਨ੍ਹੀ ਸਾਡੀ ਕਾਰ ਅੱਗੇ ਆ ਖੜ੍ਹਾ ਹੋਇਆ।

'ਭਰਾਵੋ ਭਾਵੇਂ ਦੋ ਮਿੰਟ ਹੀ ਸਹੀ ਪਰ ਇੱਕ ਵੇਰਾਂ ਮੇਰੇ ਘਰ ਜ਼ਰੂਰ ਚੱਲੋ।' ਉਸ ਬੰਦੇ ਨੇ ਹੱਥ ਜੋੜ ਕੇ ਤਰਲਾ ਲਿਆ।

ਜ਼ਾਹਿਦ ਮਲਿਕ ਹੁਰਾਂ ਅਕੇਵੇਂ ਜਿਹੇ ਵਿੱਚ ਆਖਿਆ, 'ਨਹੀਂ ਯਾਰ ਸਾਨੂੰ ਬਹੁਤ ਦੇਰ ਹੋ ਗਈ ਏ।'

'ਨਹੀਂ ਜਨਾਬ ! ਜ਼ਰੂਰ ਚੱਲੋ ਇੱਕ ਵੇਰਾਂ ਮੇਰੇ ਘਰ। ਰੱਬ ਤੁਹਾਡਾ ਭਲਾ ਕਰੇ। ਮੈਂ ਸ਼ਰੀਫ ਇਸਾਈ ਹਾਂ ਤੇ 'ਸਿੰਘ' ਹੁਰਾਂ ਦਾ ਬਹੁਤ ਵਰ੍ਹੇ ਮਾਲ ਡੰਗਰ ਸਾਂਭਦਾ ਰਿਹਾ ਹਾਂ।' ਉਸ ਬੰਦੇ ਨੇ ਆਪਣਾ ਨਾਮ ਤੇ ਕੰਮ ਵੀ ਦੱਸ ਦਿੱਤਾ।

ਮਲਿਕ ਸਾਹਿਬ ਪਸੀਜ ਪਏ, 'ਚਲੋ ਫੇਰ ਸਰਦਾਰ ਜੀ, ਏਸ ਨਹੀਂ ਖਹਿੜਾ ਛੱਡਣਾ ਜਾਪਦਾ।'

ਅਸੀਂ ਤੇ ਬਿਲਟੀਆਂ ਹਾਂ, ਮੈਨੂੰ ਇੱਕ ਬਹੁਤ ਪਿਆਰਾ ਲਤੀਫਾ ਯਾਦ ਆ ਗਿਆ। ਇੱਕ ਮੀਰਾਸੀ ਨੇ ਆਪਣੇ ਗਲ ਵਿੱਚ ਇੱਕ ਗੱਤੇ ਦਾ ਟੁਕੜਾ ਰੱਸੀ 'ਚ ਪਰੋ ਕੇ

ਪਾ ਲਿਆ ਤੇ ਬਿਨਾ ਟਿਕਟ ਰੇਲ ਗੱਡੀ ਵਿੱਚ ਜਾ ਬੈਠਾ। ਟਿਕਟ ਚੈਕਰ ਆਇਆ ਤੇ ਮੀਰਾਸੀ ਨੂੰ ਟਿਕਟ ਪੁੱਛੀ। ਉਹ ਚੁੱਪ, ਇੱਕ ਵਾਰ, ਦੋ ਵਾਰ, ਤਿੰਨ ਵਾਰ, ਹਾਰ ਕੇ ਟਿਕਟ ਚੈਕਰ ਨੇ ਕੜਕ ਕੇ ਕਿਹਾ, 'ਓਏ ਤੂੰ ਬੋਲਦਾ ਨਹੀਂ, ਟਿਕਟ ਦਿਖਾ।'

ਮੀਰਾਸੀ ਹੱਥ ਜੋੜ ਕੇ ਆਖਣ ਲੱਗਾ, 'ਜਜ਼ਮਾਨ ਬਾਬੂ ਜੀ, ਕਦੀ ਬਿਲਟੀਆਂ ਵੀ ਬੋਲੀਆਂ ਨੇ। ਗੱਤੇ ਦਾ ਟੁਕੜਾ ਵਖਾਉਂਦਿਆਂ ਬਾਬੂ ਵੱਲ ਵੇਖਣ ਲੱਗ ਪਿਆ। ਕੋਲ ਬੈਠੀਆਂ ਸਾਰੀਆਂ ਸਵਾਰੀਆਂ ਵੀ ਹੱਸਣ ਲੱਗ ਪਈਆਂ ਤੇ ਬਾਬੂ ਵਿਚਾਰਾ ਵੀ ਹੱਸਦਾ ਹੋਇਆ ਅਗਲੇ ਡੱਬੇ ਵਿੱਚ ਚਲਾ ਗਿਆ।

ਕਾਰ ਤੋਂ ਉਤਰੇ ਤੇ ਉਹਦੇ ਘਰ ਨੂੰ ਅਸੀਂ ਤੇ ਪਿੰਡ ਦੇ ਹੋਰ ਲੋਕ ਸ਼ਰੀਫ਼ ਦੇ ਮਗਰ ਤੁਰ ਪਏ।

ਵਾਹਵਾ ਪੱਕਾ ਘਰ ਪਰ ਸਫ਼ਾਈ ਬਹੁਤ ਸੀ। ਘਰ ਦੀਆਂ ਵਹੁਟੀਆਂ ਨੇ ਸਾਰਿਆਂ ਦੇ ਪੈਰੀਂ ਹੱਥ ਲਾਏ ਤੇ ਕੁੜੀਆਂ ਸਾਡੇ ਤੋਂ ਪਿਆਰ ਲਿਆ। ਸ਼ਰੀਫ਼ ਨੇ ਉੱਚੀ ਸਾਰੀ ਆਖਿਆ, 'ਹਿੰਦੂ ਚੱਕ ਦੇ ਵਾਸੀਓ, ਇਹ ਬੰਦੇ ਉਸ ਖਾਨਦਾਨ ਵਿਚੋਂ ਨੇ ਜੋ ਪੀੜ੍ਹੀਆਂ ਤੋਂ ਏਸ ਪਿੰਡ ਦੇ ਦੂਜੇ ਰੱਬ ਸਨ। ਸਾਡੇ ਸਿਰਾਂ ਤੇ ਇਹਨਾਂ ਦੇ ਵਡਿਆਂ ਦੀ ਬੋਹੜ ਵਰਗੀ ਛਾਂ ਹੁੰਦੀ ਸੀ।'

ਕਿਸਾਨ ਹੁਰਾਂ ਉਠਕੇ ਉਹਦੇ ਮੂੰਹ ਅੱਗੇ ਹੱਥ ਦੇ ਕੇ ਆਖਿਆ, 'ਸ਼ਰੀਫ਼ ਬੱਸ ਬਈ, ਉਹ ਨੇਕ ਕਮਾਈਆਂ ਕਰ ਗਏ ਨੇ ਤੇ ਅਸੀਂ ਖਾ ਰਹੇ ਹਾਂ। ਆਓ ਆਪਾਂ ਸਾਰੇ ਉਹਨਾਂ ਵਰਗੇ ਬਣਨ ਦਾ ਜਤਨ ਕਰੀਏ।'

ਅਸੀਂ ਸਾਰੇ ਮੰਜੀਆਂ ਤੋਂ ਉਠ ਬੈਠੇ। ਬਾਹਰ ਆਉਣ ਲੱਗੇ ਤਾਂ ਸ਼ਰੀਫ਼ ਕਹਿਣ ਲੱਗਾ ਇੱਕ ਬਾਬਾ ਤਖਤ ਸਿੰਘ ਤੁਹਾਡੇ ਸਾਕਾਂ ਵਿਚੋਂ ਏਥੇ ਆ ਕੇ ਰਹਿੰਦਾ ਹੁੰਦਾ ਸੀ, ਜਦੋਂ ਸਿੰਘ ਹੁਰੀਂ ਸਣ-ਟੱਬਰੀ ਆਪਣੇ ਗੁਰੂ ਕੋਲ ਚਲੇ ਜਾਂਦੇ ਹੁੰਦੇ ਸਨ ਉਹ ਵੀ ਬੜੇ ਵਧੀਆ ਬੰਦੇ ਸਨ, ਮੇਰਾ ਉਹਨਾਂ ਨਾਲ ਬਹੁਤ ਵਾਹ ਰਹਿੰਦਾ ਸੀ।

'ਉਹ ਮੇਰੇ ਦਾਦਾ ਜੀ ਸਨ।' ਮੈਂ ਉਹਨਾਂ ਨੂੰ ਦੱਸਿਆ।

'ਤਾਂ ਤੂੰ ਲਾਲੇਪੁਰੋਂ ਹੈਂ, ਭਾਈ ਕਰਤਾਰ ਸਿੰਘ ਦਾ ਪੁੱਤਰ ਮਰੀਕ। ਆਪਾਂ ਤਾਂ ਬਹੁਤ ਜਾਣੂ ਸਾਂ ਆਪੋ ਵਿੱਚ।' ਬੂਹੇ ਅੱਗੇ ਖੜ੍ਹਾ ਵੀ ਗੱਲਾਂ ਕਰਕੇ ਸਾਨੂੰ ਰੋਕ ਰਿਹਾ ਸੀ।

'ਬਾਪੂ ਤਖਤ ਸਿੰਘ ਗੁੜ ਬਹੁਤ ਵਧੀਆ ਬਣਾਂਦਾ ਸੀ, ਸ਼ੱਕਰ ਬਣਾਉਣ ਲਈ ਤਾਂ ਲੋਕ ਉਹਨੂੰ ਸਾਰੇ ਪਿੰਡ ਵਿੱਚ ਸੱਦ ਕੇ ਲੈ ਜਾਂਦੇ।' ਸ਼ਰੀਫ਼ ਨਾਲ ਹੀ ਕਾਹਲੀ ਕਾਹਲੀ ਕਹੀ ਜਾ ਰਿਹਾ ਸੀ। 'ਤੁਸੀਂ ਕਿੰਨੇ ਭਰਾ ਹੋ, ਕੀ ਹਾਲ ਏ ਤੁਹਾਡਾ ਸਾਰਿਆਂ ਦਾ।'

'ਅਸੀਂ ਚਾਰ ਭਰਾ ਹਾਂ। ਮੈਥੋਂ ਛੋਟਾ ਮਾਨ ਸਿੰਘ, ਸੁਦਰਸ਼ਨ ਸਿੰਘ ਤੇ ਸੁਰਜੀਤ ਸਿੰਘ। ਸਾਡੀ ਇੱਕੋ ਭੈਣ ਹੈ ਸਿਮਰਜੀਤ ਕੌਰ। ਸਾਰੇ ਬੜੇ ਸੁੱਖੀ ਵੱਸ ਰਹੇ ਨੇ। ਮੈਂ ਹਾਲੇ ਕੁੱਝ ਹੋਰ ਦੱਸਣਾ ਸੀ, ਪਰ ਕਿਸਾਨ ਹੁਰਾਂ ਬਾਹੋਂ ਫੜਦਿਆਂ ਬੂਹੇ ਤੋਂ ਬਾਹਰ ਕਰਦਿਆਂ ਆਖਿਆ –

'ਚੱਲ ਮਾਸਟਰ ਚੱਲੀਏ, ਮਲਿਕ ਸਾਹਿਬ ਤਾਂ ਕਾਰ ਵਿੱਚ ਵੀ ਜਾ ਬੈਠੇ ਨੇ।'

ਤੇ ਮੈਂ ਜਿਵੇਂ ਆਪਣੇ ਬਾਪੂ ਤਖ਼ਤ ਸਿੰਘ ਦੇ ਮੋਢਿਆਂ ਤੋਂ ਉਤਰ ਪਿਆ ਸੀ। ਉਹ ਮੈਨੂੰ ਧੰਗਾੜੇ ਚੜ੍ਹਾ ਕੇ ਆਪਣੇ 'ਬੋੜੇ ਖੂਹ' ਤੱਕ ਭੱਜੇ ਤੁਰੇ ਜਾਇਆ ਕਰਦੇ ਸਨ।

ਅਸਾਂ ਸਾਰਿਆਂ ਨੂੰ ਦੂਆ ਸਲਾਮ ਕੀਤੀ, ਉਹਨਾਂ ਸਾਨੂੰ ਸਤਿ ਸ੍ਰੀ ਅਕਾਲ ਆਖੀ ਤੇ ਅਸੀਂ ਕਾਰ ਵਿੱਚ ਬੈਠ ਕੇ ਗੁਜਰਾਂ ਵਾਲੇ ਨੂੰ ਤੁਰ ਪਏ।

ਕਿਸਾਨ ਹੁਰੀਂ ਪਿਛਲੀ ਸੀਟ ਦੇ ਸ਼ੀਸ਼ੇ ਵਿਚੋਂ ਹਿੰਦੂ ਚੱਕ ਨੂੰ ਵੇਖ ਰਹੇ ਸਨ ਤੇ ਸ਼ਾਇਦ ਆਪਣੇ ਯਾਰਾਂ ਨੂੰ ਦਿਸਹੱਦੇ ਵਿੱਚੋਂ ਭਾਲ ਰਹੇ ਸਨ। ਪਿੱਪਲੀ ਵਾਲੇ ਪਿੰਡ ਦੇ ਅੱਗੋਂ ਦੀ ਲੰਘੇ। ਨਹਿਰ ਦਾ ਪੁਲ ਪਾਰ ਕੀਤਾ ਅਤੇ ਹੁਣ ਗੁਜਰਾਂ ਵਾਲੇ ਦੇ ਬਾਜ਼ਾਰਾਂ ਵਿੱਚੋਂ ਦੀ ਲੰਘ ਰਹੇ ਸਾਂ।

ਭੀੜ ਭੜੱਕਾ, ਉਬੜ ਖਾਬੜ ਸੜਕ ਤੋਂ ਜਾਪਾਨੀ ਕਾਰ ਸਾਨੂੰ ਹੁਜਕਿਆਂ ਤੋਂ ਬਚਾਣ ਦਾ ਪੂਰਾ ਜਤਨ ਕਰ ਰਹੀ ਸੀ, ਫੇਰ ਵੀ ਹੁਜਕੇ ਤਾਂ ਹੁਜਕੇ ਹੀ ਨੇ ਘੱਟ ਤਾਂ ਸਕਦੇ ਨੇ ਖਤਮ ਨਹੀਂ ਹੋ ਸਕਦੇ।

ਮਲਿਕ ਸਾਹਿਬ ਕਹਿ ਰਹੇ ਸਨ, 'ਸਰਦਾਰ ਸਾਹਿਬ ਕਿੰਨਾ ਪਿਆਰ ਸੀ ਲੋਕਾਂ ਦਾ ਆਪੋ ਵਿੱਚ ਪੀੜ੍ਹੀਆਂ ਤੋਂ ਕੱਠੇ ਰਹਿ ਰਹੇ ਸਨ, ਪਰ ਇਹਨਾਂ ਲੀਡਰਾਂ ਨੇ ਪਿਆਰ ਦੀ ਇਸ ਇਮਾਰਤ ਨੂੰ ਐਸਾ ਮਿਸਮਾਰ ਕਰ ਦਿੱਤਾ ਏ ਕਿ ਮੁਹੱਬਤ ਦਾ ਇਹ ਮਹੱਲ ਤਹਿਸ ਨਹਿਸ ਹੋ ਕੇ ਰਹਿ ਗਿਆ ਏ।' ਮਲਿਕ ਸਾਹਿਬ ਸਾਡੀ ਯਾਤਰਾ ਤੋਂ ਕਾਫੀ ਪ੍ਰਭਾਵਤ ਹੋ ਗਏ ਲੱਗਦੇ ਸਨ।

'ਹਾਂ ਮਲਿਕ ਸਾਹਿਬ, ਮੈਂ ਕਿਸਾਨ ਹੁਰਾਂ ਦੇ ਬੋਲਣ ਤੋਂ ਪਹਿਲਾਂ ਹੀ ਆਪਣੀ ਗੱਲ ਸ਼ੁਰੂ ਕੀਤੀ, 'ਛੋਟੇ ਹੁੰਦਿਆਂ ਇੱਕ ਗਾਣਾ ਸੁਣਿਆ ਕਰਦੇ ਸਾਂ।'

'ਆਂਧੀਆਂ ਗ਼ਮ ਕੀ ਯੂੰ ਚਲੀਂ ਬਾਗ ਉਜੜ ਕੇ ਰਹਿ ਗਯਾ।'

ਵਾਕੇਈ ਪਿਆਰ ਮੁਹੱਬਤ ਦਾ ਬਾਗ ਏਸ ਵੰਡ ਦੀ ਹਨ੍ਹੇਰੀ ਨੇ ਉਜਾੜ ਕੇ ਰੱਖ ਦਿੱਤਾ।

ਕਿਸਾਨ ਹੁਰੀਂ ਮੂੰਹ ਵਿੱਚ ਹੀ ਕੁੱਝ ਕਹਿ ਰਹੇ ਸਨ। ਮੈਂ ਪੁੱਛਿਆ, 'ਕੀ ਕਹਿ ਰਹੇ ਓ ਕਿਸਾਨ ਜੀ ?'

'ਕੁੱਝ ਨਹੀਂ ਮਾਸਟਰ ਜੀ, ਅੱਜ ਨਜ਼ੀਰ, ਬਸ਼ੀਰ ਤੇ ਚਾਚਾ ਅਬਦੁੱਲਾ ਮਿਲ ਪੈਂਦੇ ਤਾਂ ਪੂਰਾ ਹੱਜ ਹੋ ਜਾਣਾ ਸੀ। ਪਰ ਖ਼ੈਰ ! ਹਿੰਦੂ ਚੱਕ ਵੇਖ ਆਏ ਹਾਂ, ਇਹ ਵੀ ਕਿਹੜਾ ਘੱਟ ਏ।' ਕਿਸਾਨ ਹੁਰਾਂ ਦਾ ਹਾਲੇ ਵੀ ਧਿਆਨ ਆਪਣੇ ਮਿੱਤਰਾਂ ਵੱਲ ਹੀ ਸੀ।

ਮਲਿਕ ਸਾਹਿਬ ਨੇ ਸਾਨੂੰ ਕਾਫੀ ਕਿਹਾ ਕਿ ਕੁੱਝ ਖਾ ਪੀ ਲਈਏ, ਪਰ ਅਸੀਂ ਤਾਂ ਹਿੰਦੂ ਚੱਕ ਦੀ ਯਾਤਰਾ ਕਰਕੇ ਤੇ ਮਾਮੇ (ਤਰਨ ਸਿੰਘ ਵਹਿਮੀ) ਹੁਰਾਂ ਦੀਆਂ ਸਿਫਤਾਂ ਸੁਣ ਸੁਣ ਕੇ ਹੀ ਲਬਾਲਬ ਹੋਏ ਪਏ ਸਾਂ।

ਬੱਤੀਆਂ ਜਗ ਚੁੱਕੀਆਂ ਸਨ। ਸਾਡੀ ਕਾਰ ਮੁਮਤਾਜ਼ ਸਾਹਿਬ ਦੇ ਘਰ ਅੱਗੇ ਜਾ ਖੜ੍ਹੀ ਹੋਈ। ਘਰ ਕਾਹਦਾ ਸੀ, ਇੱਕ ਪਿੰਡ ਵਸਿਆ ਪਿਆ ਸੀ ਸ਼ਹਿਰ ਗੁਜਰਾਂ ਵਾਲੇ ਵਿੱਚ। ਮੁਮਤਾਜ਼ ਭਰਾਵਾਂ ਦੇ ਇੱਕੋ ਲਾਈਨ ਵਿੱਚ ਪੰਜ ਵੱਡੇ ਖੁਲ੍ਹੇ ਮਕਾਨ, ਅੱਗੇ ਸੰਘਣੇ ਰੁੱਖਾਂ ਵਿੱਚ ਫੁੱਲ ਬੂਟੇ, ਖੱਬੇ ਪਾਸੇ ਵੱਡਾ ਲਾਅਨ ਘਾਹ ਵਾਲਾ, ਦੁਆਲੇ ਛਾਂ ਦਾਰ ਵੰਨ

ਸੁਵੰਨੇ ਹਰੇ ਭਰੇ ਦਰਖ਼ਤ। ਬੈਠਣ ਵਾਲਿਆਂ ਉਤੇ ਮਾਪਿਆਂ ਵਾਂਗ ਹੱਥੀਂ ਛਾਵਾਂ ਕਰਦੇ ਜਾਪਦੇ ਸਨ।

ਸਾਡੇ ਮੁਹਤਰਮ ਮੇਜ਼ਬਾਨ ਜ਼ਾਹਿਦ ਮੁਮਤਾਜ ਅੱਗੇ ਹੀ ਖੜ੍ਹੇ ਸਨ। ਮੈਂ ਸਾਈਡ ਤੇ ਲੱਗੇ ਬੋਹੜ ਵੱਲ ਤੱਕਿਆ, ਉਰਦੂ ਵਿੱਚ 'ਜ਼ਾਹਿਦ ਹਾਊਸ' ਵੱਡੇ ਅੱਖਰਾਂ ਵਿੱਚ ਲਿਖਿਆ ਸੀ, ਜ਼ਾਹਿਦ ਮਲਿਕ ਪੰਜਾਂ ਭਰਾਵਾਂ ਦੇ ਵਾਲਿਦ ਸਾਹਿਬ ਸਨ। ਸੋ ਵੰਡ ਵੇਲੇ ਭਾਰਤੀ ਪੰਜਾਬ ਦੇ ਹੁਸ਼ਿਆਰਪੁਰ ਜਿਲ੍ਹੇ ਦੇ ਮੁਕੇਰੀਆਂ ਕਸਬੇ ਕੋਲ ਝੁੱਗੀਆਂ ਨਾਂ ਦੇ ਪਿੰਡ ਵਿੱਚੋਂ ਏਥੇ ਆ ਕੇ ਵੱਸੇ ਸਨ। ਸ਼ਹਿਰੋਂ ਬਾਹਰ ਕਿਸੇ ਪਿੰਡ, ਖੁਲ੍ਹੀ ਜ਼ਮੀਨ ਹੈ, ਜਿਸ ਤੇ ਕੰਟਰੋਲ ਸਭ ਤੋਂ ਛੋਟੇ ਭਾਈ ਸਾਹਿਬ ਹੀ ਕਰਦੇ ਸਨ। ਵੈਸੇ ਉਹਨਾਂ ਨੂੰ ਗਿਲਾ ਹੈ ਕਿ ਸਾਨੂੰ ਪੂਰੀ ਜ਼ਮੀਨ ਨਹੀਂ ਮਿਲੀ ਬਹੁਤ ਕਟੌਤੀ ਹੋਈ ਸੀ।

ਦੂਜੇ ਭਰਾਵਾਂ ਦੇ ਬੇਟੇ ਬੇਟੀਆਂ ਹਨ, ਪਰ ਮੁਮਤਾਜ਼ ਸਾਹਿਬ ਦੀ ਇੱਕੋ ਇੱਕ ਬੇਟੀ ਹੈ ਜੋ ਲਾਹੌਰ ਕਿਸੇ ਰੱਜਦੇ-ਪੁਜਦੇ ਘਰ ਵਿੱਚ ਵਿਆਹੀ ਹੋਈ ਏ ਤੇ ਬਾਲ ਬੱਚੇਦਾਰ ਏ, ਹੋਰ ਕੋਈ ਬੱਚਾ ਇਹਨਾਂ ਦੇ ਘਰ ਨਹੀਂ ਹੋਇਆ। ਪਰ ਉਹਨਾਂ ਨੂੰ ਕੋਈ ਫਿਕਰ ਨਹੀਂ, ਕੋਈ ਘਾਟ ਮਹਿਸੂਸ ਨਹੀਂ ਕਰਦੇ। ਆਮ ਲੋਕਾਂ ਨਾਲ ਮੇਲ ਮਿਲਾਪ, ਸਮਾਜ ਸੇਵਾ ਹੀ ਉਹਨਾਂ ਦੀ ਜ਼ਿੰਦਗੀ ਦਾ ਨਿਸ਼ਾਨਾ ਹੈ।

ਮੁਮਤਾਜ਼ ਸਾਹਿਬ ਦੇ ਹਿੱਸੇ ਵਾਲੇ ਮਕਾਨ ਵਿੱਚ ਇੱਕ ਵੱਡਾ ਹਾਲ ਸਾਰਿਆਂ ਦੇ ਮਿਲ ਬੈਠਣ ਲਈ ਮਖ਼ਸੂਸ ਹੈ। ਜਿੱਥੇ ਰਾਤ ਨੂੰ ਸਾਰੇ ਭਰਾ ਤੇ ਹੋਰ ਸੱਜਣ ਮਿੱਤਰ ਬੈਠਦੇ ਹਨ ਤੇ ਰਾਤ ਬਾਰਾਂ ਵਜੇ ਤੱਕ ਗੱਪਬਾਜੀ, ਹੱਸੀ ਠੱਠੇ, ਬਹਿਸ ਮੁਬਾਹਿਸਾ ਹੁੰਦਾ ਏ। ਕਮਾਲ ਦਾ ਸਲੂਕ ਏ ਪੰਜਾਂ ਭਰਾਵਾਂ ਦਾ। ਵਾਲਿਦ ਸਾਹਿਬ ਤਾਂ ਕੁੱਝ ਸਾਲ ਪਹਿਲਾਂ ਅੱਲ੍ਹਾ ਨੂੰ ਪਿਆਰੇ ਹੋ ਗਏ ਸਨ। ਵਾਲਿਦਾ ਮੋਹਤਰਿਮਾ ਹਾਲੇ ਉਹਨਾਂ ਨੂੰ ਪਿਆਰ ਵੰਡ ਰਹੇ ਨੇ।

ਏਸ ਕਾਨਫਰੰਸ ਹਾਲ ਵਿੱਚ ਮਹਿਫਲਾਂ ਵੀ ਜੰਮਦੀਆਂ ਨੇ। ਗਾਉਣ ਵਾਲੇ, ਤਕਰੀਰਾਂ ਕਰਨ ਵਾਲੇ ਬੁਲਾਏ ਜਾਂਦੇ ਹਨ, ਖੁਲ੍ਹੀਆਂ ਬਹਿਸਾਂ ਹੁੰਦੀਆਂ ਹਨ, ਹਰ ਵਿਸ਼ੇ ਤੇ ਚਰਚਾਵਾਂ ਹੁੰਦੀਆਂ ਹਨ।

ਅਸੀਂ ਕਾਰ ਤੋਂ ਉਤਰੇ ਤੇ ਆਪਣੀ ਰਿਹਾਇਸ਼-ਗਾਹ ਵਿੱਚ ਜਾ ਬੈਠੇ, ਕਾਫੀ ਥੱਕੇ ਜਹੇ ਪਏ ਸਾਂ। ਹਾਲੇ ਕੁੱਝ ਚਿਰ ਬੈਠੇ ਹੀ ਸਾਂ ਕਿ ਖਾਣੇ ਦਾ ਸੱਦਾ ਲੈ ਕੇ ਮੁਮਤਾਜ਼ ਸਾਹਿਬ ਆ ਪਹੁੰਚੇ।

'ਓ ਸੁਣਾਓ ਸਰਦਾਰੋ ਕਿਵੇਂ ਲੇਟੇ ਹੋਏ ਹੋ, ਜਾਪਦੈ ਕਾਫੀ ਥੱਕ ਗਏ ਹੋ, ਆਓ ਫਿਰ ਖਾਣਾ ਖਾਓ ਸਭ ਥਕੇਵੇਂ ਦੂਰ ਹੋ ਜਾਣਗੇ, ਨਾਲੇ ਹਾਲੇ ਤਾਂ ਸਾਡੀ ਘਰ ਦੀ ਮਹਿਫ਼ਲ ਅਟੈਂਡ ਕਰਨੀ ਏ ਬਾਦਸ਼ਾਹੋ ! ਉਠੋ ਉਠੋ, ਜਲਦੀ ਕਰੋ, ਤੁਹਾਨੂੰ ਭੁੱਖ ਲੱਗੀ ਹੋਣੀ ਏ, ਬੜੀ ਮੁਸ਼ਕਲ ਏ, ਯਾਰ ਤੁਸਾਂ ਹੋਰ ਕੁੱਝ ਖਾਣਾ ਵੀ ਤੇ ਨਾ ਹੋਇਆ।' ਉਹ ਆਪੇ ਹੀ ਜਵਾਬ ਦੇ ਰਹੇ ਸਨ, ਸਾਡੇ ਬਿਨਾ ਸਵਾਲ ਕੀਤਿਆਂ।

ਅਸੀਂ ਉਠੇ ਤੇ ਖਾਣੇ ਦੀ ਮੇਜ਼ ਤੇ ਜਾ ਬੈਠੇ, ਇੱਕੋ ਮੇਜ਼ ਤੇ ਹੀ ਅਸੀਂ ਕੁਰਸੀਆਂ ਤੇ ਬੈਠ ਗਏ।

'ਕੀ ਦੱਸੀਏ ਬਾਬਿਓ ! ਤੁਸਾਂ ਨੇ ਸਾਨੂੰ ਵੀ ਘਾਹ ਖਾਣੇ ਬਣਾ ਦਿੱਤਾ ਏ। ਮੁਮਤਾਜ਼ ਸਾਹਿਬ ਆਪਣੇ ਅੰਦਾਜ਼ ਵਿੱਚ ਸਾਨੂੰ ਮਜ਼ਾਕਨ ਕਹਿ ਰਹੇ ਸਨ। ਸਾਡੇ ਨਾਲ ਗੁਰਤੇਜ ਕੁਹਾਰ ਤੇ ਰਮਨਦੀਪ ਵੀ ਖਾਣੇ ਵਿੱਚ ਸ਼ਾਮਲ ਸਨ।

ਮੈਂ ਆਖਿਆ, 'ਮੀਆਂ ਜੀ ਇਹ ਤਾਂ ਅੱਲ੍ਹਾ ਤਾਲਾ ਦੀ ਮਰਜ਼ੀ ਏ, ਘਾਹ ਖਾਣ ਵਾਲਿਆਂ ਨੂੰ ਮਾਸ ਖੁਆ ਦੇਵੇ ਤੇ ਮਾਸ ਖਾਣ ਵਾਲਿਆਂ ਨੂੰ ਘਾਹ ਖੁਆ ਦੇਵੇ।' ਜਿਵੇਂ ਗੁਰਬਾਣੀ ਦਾ ਵਾਕ ਏ –

ਸੀਹਾਂ ਬਾਜਾਂ ਚਰਗਾਂਹ ਕੁਹੀਆਂ ਤਿੰਨਾ ਖੁਆਲੇ ਘਾਹ,<br>
ਘਾਹ ਖਾਣ ਤਿਨਾਂ ਮਾਸ ਖੁਆਲੇ ਇਉਂ ਚਲਾਵੈ ਰਾਹ,<br>
ਤੂੰ ਡਾਹਡਾ ਬੇ ਪਰਵਾਹ।

ਇਸਲਾਮ ਵਾਲੇ ਗੁਰੂ ਨਾਨਕ ਦਾ ਨਾਂ ਲੈਣ ਲੱਗਿਆਂ ਰਹਿਮਤੁਲਾ ਅਲਹਿ ਕਹਿੰਦੇ ਹਨ, ਜਿਸਦਾ ਅਰਥ ਹੈ, ਜਿੰਨਾਂ ਤੇ ਅੱਲ੍ਹਾ ਦੀ ਰਹਿਮਤ ਹੋਈ।

'ਬਾਬਾ ਨਾਨਕ ਰਹਿਮਤੁਲ ਅਲਹਿ ਵੀ ਤੁਹਾਡੇ ਵਾਂਗ ਕਿਤੇ ਕਾਬੂ ਆ ਗਏ ਹੋਣਗੇ।' ਮੁਮਤਾਜ਼ ਹੱਸਦੇ ਹੱਸਦੇ ਕਹਿਣ ਲੱਗੇ 'ਸਿੰਘ ਜੀ ਏਧਰ ਜ਼ਰਾ ਕਾਨਫਰੰਸ ਹਾਲ ਵਿੱਚ ਮੁਬਾਰਕ ਕਦਮ ਰੱਖੋ। ਸਾਰੇ ਭਾਈ, ਆਂਢੀ, ਗੁਆਂਢੀ ਆਪ ਜਨਾਬ ਦੀ ਇੰਤਜ਼ਾਰ ਕਰ ਰਹੇ ਨੇ।'

ਕਾਨਫਰੰਸ ਹਾਲ ਵਿੱਚ ਗਏ, ਚਾਰ ਚੁਫੇਰੇ ਸੋਫ਼ੇ ਲੱਗੇ ਹੋਏ ਸਨ ਤੇ ਮਲਿਕ ਭਰਾਵਾਂ ਤੋਂ ਬਿਨਾ ਕਈ ਹੋਰ ਸੱਜਣ ਵੀ ਬੈਠੇ ਸਨ। ਅਸੀਂ ਵੀ ਜਾ ਕੇ ਖਾਲੀ ਸੋਫ਼ਿਆਂ ਤੇ ਬੈਠ ਗਏ।

ਮੁਮਤਾਜ਼ ਸਾਹਿਬ ਤੋਂ ਛੋਟੇ ਡੀ.ਐਸ.ਪੀ. ਸਾਹਿਬ ਨੇ ਪਹਿਲਾ ਸੁਆਲ ਸਾਡੇ ਤੇ ਦਾਗਿਆ, 'ਤੁਹਾਡੀ ਪੱਗੜੀ ਦੂਜੇ ਸਿੰਘਾਂ ਤੋਂ ਕਿਉਂ ਵੱਖਰੀ ਏ ਬਾਬਿਓ ?'

'ਸਵਾਲ ਤਾਂ ਤੁਹਾਡਾ ਬਹੁਤ ਛੋਟਾ ਏ ਪਰ ਇਸਦਾ ਉੱਤਰ ਬਹੁਤ ਲੰਮਾ ਏ ਆਪ ਸਭ ਨੂੰ ਸੁਣਨਾ ਪਏਗਾ।' ਕਿਸਾਨ ਹੁਰਾਂ ਪ੍ਰਸ਼ਨ ਦੀ ਮਹੱਤਤਾ ਵਧਾਉਂਦਿਆਂ ਆਖਿਆ।

'ਕੋਈ ਗੱਲ ਨਹੀਂ ਕਿਸਾਨ ਸਾਹਿਬ, ਕਲ੍ਹ ਦੇ ਹੀ ਤੁਹਾਨੂੰ ਪੁਛੱਣ ਪੁਛੱਣ ਕਰਦੇ ਸਾਂ, ਪਰ ਮੌਕਾ ਹੀ ਨਹੀਂ ਬਣਿਆ।' ਡੀ.ਐਸ.ਪੀ. ਸਾਹਿਬ ਨੇ ਠਰ੍ਹਮੇ ਨਾਲ ਆਖਿਆ।

ਕਿਸਾਨ ਹੁਰਾਂ ਗੱਲ ਸ਼ੁਰੂ ਕੀਤੀ, 'ਸਾਡੇ ਵਰਗੀ ਪਗੜੀ ਵਾਲੇ ਨਾਮਧਾਰੀ ਸਿੱਖ ਅਖਵਾਉਂਦੇ ਹਾਂ। ਜਿੱਥੋਂ ਤੱਕ ਪਗੜੀ ਦਾ ਸਵਾਲ ਏ, ਪਹਿਲਾਂ ਸਿੱਖਾਂ ਦੀ ਪਗੜੀ ਏਸੇ ਤਰ੍ਹਾਂ ਦੀ ਹੀ ਹੁੰਦੀ ਸੀ।'

'ਪਰ ਅੱਜ ਕਲ੍ਹ ਤਾਂ ਸਾਰੇ ਸਿੱਖ ਗੁਰਤੇਜ ਕੁਹਾਰ ਵਰਗੀਆਂ ਹੀ ਪੱਗਾਂ ਬੰਨ੍ਹ ਰਹੇ ਨੇ।'(ਗੁਰਤੇਜ ਕੋਲ ਹੀ ਬੈਠੇ ਸਨ)

ਮੁਮਤਾਜ਼ ਸਾਹਿਬ ਦੇ ਤੀਜੇ ਭਾਈ ਨੇ ਪੱਗ ਬਾਰੇ ਆਪਣਾ ਸ਼ੰਕਾ ਕੱਢਣਾ ਚਾਹਿਆ।

'ਇਹਦਾ ਵੀ ਇੱਕ ਵੱਡਾ ਕਾਰਨ ਸੀ। ਇਹ ਕਾਰਨ ਮਾਸਟਰ ਜੀ ਵਿਸਥਾਰ ਨਾਲ ਦੱਸਣਗੇ।' ਕਿਸਾਨ ਹੁਰਾਂ ਗੱਲ ਦੀ ਢਾਲ ਮੇਰੇ ਵੱਲ ਕਰ ਦਿੱਤੀ।

'ਡਾਕਟਰ ਸਾਹਿਬ, ਗੱਲ ਏਸ ਤਰ੍ਹਾਂ ਹੈ। ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਲਾਹੌਰ ਦਰਬਾਰ ਫੁੱਟ ਦਾ ਬੁਰੀ ਤਰਾਂ ਸ਼ਿਕਾਰ ਹੋਇਆ। ਅੰਗਰੇਜ਼ ਮਹਾਰਾਜਾ ਦੀ ਮੌਤ ਦਾ ਬੜੀ ਬੇਸਬਰੀ ਨਾਲ ਇੰਤਜਾਰ ਕਰ ਰਿਹਾ ਸੀ। ਸਿੱਖ ਰਾਜ ਨੂੰ ਆਪਣੇ ਰਾਜ ਵਿੱਚ ਮਿਲਾਉਣ ਲਈ ਵਧੀਆ ਮੌਕਾ ਜਾਣ ਕੇ ਰਣਜੀਤ ਸਿੰਘ ਦੇ ਵਾਰਸਾਂ ਵਿੱਚ ਫੁੱਟ ਹਰ ਤਰੀਕੇ ਨਾਲ ਪਾਉਣੀ ਆਰੰਭ ਕਰ ਦਿੱਤੀ। ਫੂਲਕੀਆਂ ਸਿੱਖ ਰਿਆਸਤਾਂ ਅੱਗੇ ਹੀ ਰੋਪੜ ਸੰਧੀ ਅਨੁਸਾਰ ਅੰਗਰੇਜ਼ ਸਰਕਾਰ ਨਾਲ ਰਲੀਆਂ ਬੈਠੀਆਂ ਸਨ। ਸੰਧੀ ਅਨੁਸਾਰ ਸਿੱਖ ਰਾਜ ਤੇ ਬਰਤਾਨੀਆ ਰਾਜ ਦੀ ਸਤਲੁਜ ਦਰਿਆ ਹੱਦ ਮਿੱਥੀ ਗਈ ਸੀ।'

'ਗੱਲ ਤਾਂ ਪਗੜੀ ਦੀ ਚੱਲ ਰਹੀ ਸੀ ਬਾਬਿਓ, ਤੁਸਾਂ ਇਤਿਹਾਸ ਦਾ ਪੋਥਾ ਖੋਲ੍ਹ ਦਿੱਤਾ ਏ।' ਡੀ.ਐਸ.ਪੀ. ਸਾਹਿਬ ਨੇ ਗੱਲ ਲੰਮੀ ਹੁੰਦੀ ਵੇਖ ਕੇ ਮੈਨੂੰ ਰੋਕ ਲਾਉਣ ਦਾ ਜਤਨ ਕੀਤਾ।

'ਮਲਿਕ ਸਾਹਿਬ ਪੱਗ ਦਾ ਬਦਲਣਾ ਇੱਕ ਬਹੁਤ ਵੱਡੀ ਘਟਨਾ ਸੀ, ਜਿਸਦਾ ਪਿਛੋਕੜ ਤਾਂ ਦੱਸਣਾ ਹੀ ਪਏਗਾ। ਮੈਂ ਆਪਣੀ ਗੱਲ ਜਾਰੀ ਰੱਖਦਿਆਂ ਫੇਰ ਕ਼ਹਿਣਾ ਸ਼ੁਰੂ ਕਰ ਦਿੱਤਾ।'

'ਫੁੱਟ ਦਾ ਸ਼ਿਕਾਰ ਹੋਈਆਂ ਫੌਜਾਂ ਦੇ ਸਿੱਖ ਜਰਨੈਲਾਂ ਨੇ ਸਤਲੁਜ ਪਾਰ ਕਰਕੇ ਅੰਗਰੇਜ਼ੀ ਇਲਾਕੇ 'ਤੇ ਹਮਲਾ ਕਰ ਦਿੱਤਾ। ਅੰਗਰੇਜ਼ ਹਮਾਇਤੀ ਸਿੱਖ ਫੌਜਾਂ ਤੇ ਲਾਹੌਰ ਦਰਬਾਰ ਦੀਆਂ ਸਿੱਖ ਫੌਜਾਂ ਆਹਮਣੇ-ਸਾਹਮਣੇ ਹੋਈਆਂ। ਦੋਹਾਂ ਪਾਸੇ ਸਿੱਖ ਫੌਜਾਂ ਆਪਸ ਵਿੱਚ ਲੜ ਰਹੀਆਂ ਸਨ। ਲਾਹੌਰ ਦਰਬਾਰ ਦੀਆਂ ਫੌਜਾਂ ਜਾਨ ਤੋੜ ਕੇ ਲੜੀਆਂ। ਇਹ ਇੱਕ ਵੱਖਰੀ ਗੱਲ ਏ ਕਿ ਕੀ ਬਣਿਆ ਇਹਦੇ ਬਾਰੇ, ਸ਼ਾਹ ਮੁਹੰਮਦ ਨੇ ਫੌਜਾਂ ਦੀ ਬਹਾਦਰੀ ਨੂੰ ਇੱਕੋ ਲਾਈਨ ਵਿੱਚ ਬਿਆਨ ਕੀਤਾ ਹੈ, 'ਸ਼ਾਹ ਮੁਹੰਮਦਾ ਸਿੰਘਾਂ ਨੇ ਗੋਰਿਆਂ ਦੇ, ਵਾਂਗ ਨਿੰਬੂਆਂ ਲਹੂ ਨਚੋੜ ਸੁੱਟੇ' ਤੇ ਜਦੋਂ ਗੱਦਾਰਾਂ ਦੀ ਗੱਦਾਰੀ ਕਰਕੇ ਸਿੱਖ ਫੌਜਾਂ ਹਾਰ ਗਈਆਂ ਤਾਂ ਸ਼ਾਹ ਮੁਹੰਮਦ ਨੇ ਇੱਕੋ ਲਾਈਨ ਵਿੱਚ ਬਿਆਨ ਕੀਤਾ, 'ਸ਼ਾਹ ਮੁਹੰਮਦਾ ਇੱਕ ਸਰਕਾਰ ਬਾਝੋਂ ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੀ।'

'ਤੁਸੀਂ ਆਪਣੇ ਵਿਸ਼ੇ 'ਪੱਗ' ਤੋਂ ਕੁੱਝ ਅਗਾਂਹ ਨਿਕਲ ਗਏ ਓ ਭਾਈ ਸਾਹਿਬ।' ਸ੍ਰ. ਬਲੀ ਸਿੰਘ ਨੇ ਮੈਨੂੰ ਫੇਰ ਬਰੇਕ ਲਾਈ।

'ਹੁਣ ਮੈਂ ਸਿਰਫ਼ ਪੱਗ ਦੀ ਹੀ ਗੱਲ ਕਰਾਂਗਾ ਬਾਦਸ਼ਾਹੋ! ਮੈਂ ਆਪਣਾ ਬਿਆਨ ਜ਼ਾਰੀ ਰੱਖਿਆ। ਜਦੋਂ ਦੋਵੇਂ ਪਾਸੇ ਸਿੱਖ ਫੌਜਾਂ ਲੜ ਰਹੀਆਂ ਸਨ ਤਾਂ ਸਭ ਦੀਆਂ ਪੱਗਾਂ ਅਸਲੀ ਖਾਲਸਿਆਂ ਵਾਲੀਆਂ ਸਨ। ਆਹਮਣੇ ਸਾਹਮਣੇ ਲੜਾਈ ਵਿੱਚ ਪਤਾ ਹੀ ਨਹੀਂ ਸੀ ਲੱਗਦਾ ਕਿ ਅੰਗਰੇਜ਼ੀ ਸਿੱਖ ਕੌਣ ਨੇ ਤੇ ਲਾਹੌਰ ਦਰਬਾਰੀ ਸਿੱਖ ਕੌਣ ਨੇ। ਸੋ ਅੰਗਰੇਜ਼ ਸਰਕਾਰ ਨੇ ਆਪਣੇ ਸਿੱਖ ਫੌਜੀਆਂ ਦੀ ਪਛਾਣ ਲਈ ਸਿੱਖ ਪੱਗ ਦਾ ਅੱਜ ਵਾਲਾ ਡਿਜਾਈਨ ਕੀਤਾ। ਚੂੰਕਿ ਬਾਅਦ ਵਿੱਚ ਅੰਗਰੇਜ਼ ਦਾ ਸਾਰੇ ਪੰਜਾਬ ਵਿੱਚ ਰਾਜ ਹੋ ਗਿਆ। ਸੋ ਸਭ ਸਿੱਖਾਂ ਨੇ ਇਸੇ ਪੱਗ ਨੂੰ ਹੀ ਅਪਣਾ ਲਿਆ। ਸਾਡੇ ਵਰਗੀ ਪੱਗ

ਬੰਨ੍ਹਣ ਵਾਲਿਆਂ ਦਾ ਨਾ ਰਾਜ ਰਿਹਾ ਤੇ ਨਾ ਪੱਗ ਰਹੀ। ਏਸੇ ਕਰਕੇ ਅੱਜ ਸਾਰੇ ਸਿੱਖ ਏਸੇ ਪੱਗ ਦੇ ਬੰਨਣ ਵਾਲੇ ਬਣ ਗਏ। ਅਸੀਂ ਸਿੱਖਾਂ ਦੀ ਅਸਲੀ ਪੱਗ ਦੀ ਨਿਸ਼ਾਨੀ ਵਜੋਂ ਅਜੇ ਤੱਕ ਕਾਇਮ ਹਾਂ। ਮੇਰਾ ਬਿਆਨ ਖਤਮ ਹੈ ਐਡਵੋਕੇਟ ਸਾਹਿਬ ਆਪ ਇਹਦੇ ਤੇ ਜ਼ਿਰਾਹ ਕਰ ਸਕਦੇ ਹੋ ?'

'ਨਾ ਬਾਬਾ ਨਾ, ਮੇਰਾ ਏਸ ਬਿਆਨ ਤੇ ਉਕਾ ਕੋਈ ਇਤਰਾਜ਼ ਨਹੀਂ, ਜਿਊਰੀ ਆਪਣਾ ਜੋ ਮਰਜੀ ਚਾਹੇ ਫੈਸਲਾ ਦੇ ਸਕਦੀ ਹੈ।'

'ਆਰਡਰ ਆਰਡਰ ਜਿਊਰੀ ਇਸ ਬਿਆਨ ਕੋ ਹਰਫ ਬਹਰਫ ਤਸਲੀਮ ਕਰਤੀ ਹੈ, ਔਰ ਆਰਡਰ ਕਰਤੀ ਹੈ ਕਿ ਮੁਸੰਮੀ ਅਮਰੀਕ ਸਿੰਘ ਆਪਣਾ ਬਿਆਨ ਜਾਰੀ ਰੱਖਤੇ ਹੂਏ ਯੇ ਬਤਾਏ ਕਿ ਨਾਮਧਾਰੀ ਦੂਸਰੇ ਸਿੱਖੋਂ ਸੇ ਔਰ ਕਿਨ ਬਾਤੋਂ ਮੇਂ ਮੁਖਤਲਿਫ਼ ਹੈਂ ?' ਡੀ.ਐਸ.ਪੀ. ਸਾਹਿਬ ਨੇ ਜੱਜ ਦਾ ਰੋਲ ਅਦਾ ਕਰਦਿਆਂ ਆਰਡਰ ਫਰਮਾਇਆ।

'ਹਾਂਸਰ ਜੋ ਹੁਕਮ ਸਰਕਾਰ ਕਾ, ਮੁਝੇ ਫਿਰ ਤਾਰੀਖ ਕੇ ਵਰਕ ਉਲਟਣੇ ਕੀ ਇਜ਼ਾਜਤ ਦੀ ਜਾਏ।'

ਸਾਰੇ ਆਖਣ ਲੱਗ ਪਏ, 'ਜ਼ਰੂਰ ਜ਼ਰੂਰ।'

'1857 ਦੀ ਆਜ਼ਾਦੀ ਦੀ ਪਹਿਲੀ ਜੰਗ ਜਦੋਂ ਪਸਪਾ ਹੋ ਗਈ ਤੇ ਅੰਗਰੇਜ਼ ਰਾਜ ਕਾਲੀ ਘਟਾ ਬਣ ਕੇ ਸਾਰੇ ਭਾਰਤ 'ਤੇ ਛਾ ਗਿਆ ਤਾਂ ਪੰਜਾਬ ਦੇ ਇੱਕ ਬੇਨਾਮ ਜਿਹੇ ਪਿੰਡ ਭੈਣੀ ਸਾਹਿਬ ਜੋ ਉਦੋਂ ਭੈਣੀ ਭੂਦੜ ਅਖਵਾਂਦਾ ਸੀ, ਵਿਚੋਂ ਸਾਡੇ ਮਹਿਬੂਬ ਸਤਿਗੁਰੂ ਰਾਮ ਸਿੰਘ ਜੀ ਨੇ ਅੰਗਰੇਜ਼ ਦੇ ਖਿਲਾਫ਼ ਆਵਾਜ਼ ਉਠਾਈ। ਉਹਨਾਂ ਨੇ ਹੀ ਆਪਣੇ ਪੈਰੋਕਾਰਾਂ ਦਾ ਨਾਂ 'ਨਾਮਧਾਰੀ' ਰਖਿਆ। ਉਹਨਾਂ ਨੇ ਅੰਗਰੇਜ਼ ਦੇ ਖਿਲਾਫ਼ ਮੈਦਾਨੀ ਜੰਗ ਤੋਂ ਗੁਰੇਜ਼ ਕਰਕੇ ਨਾ-ਮਿਲਵਰਤਨ ਬਾਈਕਾਟ ਜਾਂ ਅਦਮ ਤੁਆਵਨ ਦੀ ਨਵੀਂ ਜੰਗ ਦਾ ਐਲਾਨ ਕੀਤਾ।'

ਕਿਸਾਨ ਹੁਰਾਂ ਮੈਨੂੰ ਸਾਹ ਦੁਆਣ ਲਈ ਮੇਰੀ ਗੱਲ ਨੂੰ ਮੋਰੇ ਤੋਂ ਲੈਂਦਿਆ ਕਿਹਾ, 'ਉਹਨਾਂ ਨੇ ਆਪਣੇ ਸਭ ਪੈਰੋਕਾਰਾਂ ਨੂੰ ਅੰਗਰੇਜ਼ ਦੀਆਂ ਸਭ ਚੀਜ਼ਾਂ ਵਰਤਨ ਤੋਂ ਮਨ੍ਹਾ ਕੀਤਾ, ਅੰਗਰੇਜ਼ ਦੀ ਰੇਲ ਤੇ ਨਹੀਂ ਚੜ੍ਹਨਾ, ਵਲੈਤੀ ਕੱਪੜੇ ਨਹੀਂ ਪਹਿਣਨੇ, ਉਹਦੇ ਸਕੂਲਾਂ ਵਿੱਚ ਬੱਚੇ ਨਹੀਂ ਪੜ੍ਹਾਉਣੇ, ਉਹਦੀ ਡਾਕ ਵਿੱਚ ਚਿੱਠੀਆਂ ਨਹੀਂ ਘੱਲਣੀਆਂ, ਗੱਲ ਕੀ ਮੁਕੰਮਲ ਬਾਈਕਾਟ ਕਰ ਦਿੱਤਾ ਅੰਗਰੇਜ਼ ਸਰਕਾਰ ਨਾਲ। ਏਥੋਂ ਤੱਕ ਕਿ ਅੰਗਰੇਜ਼ ਸਰਕਾਰ ਦੀਆਂ ਬਣਾਈਆਂ ਪੱਕੀਆਂ ਸੜਕਾਂ ਤੇ ਚੱਲਣਾ ਵੀ ਗੁਨਾਹ ਮੰਨਿਆ ਗਿਆ।'

'ਅੰਗਰੇਜ਼ ਸਰਕਾਰ ਨੇ ਹਿੰਦੂ ਮੁਸਲਮਾਨਾਂ ਵਿੱਚ ਫੁੱਟ ਪਾਉਣ ਲਈ ਥਾਂ ਥਾਂ ਗਊਆਂ ਕਤਲ ਕਰਨ ਲਈ ਬੁਚੜਖਾਨੇ ਖੋਲ੍ਹ ਦਿੱਤੇ। ਨਾਮਧਾਰੀਆਂ ਨੇ ਏਸ ਗੱਲ ਦਾ ਨਿਰਾ ਵਿਰੋਧ ਹੀ ਨਹੀਂ ਕੀਤਾ, ਥਾਂ ਥਾਂ ਤੇ ਖੁਲ੍ਹੇ ਬੁੱਚੜਖਾਨੇ ਚਲਾਉਣ ਵਾਲਿਆਂ ਨੂੰ ਮਾਰ ਦਿੱਤਾ।'

ਮੈਂ ਕਾਫ਼ੀ ਦਮ ਮਾਰ ਲਿਆ ਸੀ, ਸੋ ਮੈਂ ਜ਼ਿਊਰੀ ਤੋਂ ਇਜਾਜ਼ਤ ਲੈ ਕੇ ਆਪਣਾ

ਬਿਆਨ ਫੇਰ ਸ਼ੁਰੂ ਕੀਤਾ।

'ਅੰਗਰੇਜ਼ ਸਰਕਾਰ ਨੂੰ ਆਪਣੇ ਖਿਲਾਫ਼ ਉਠਦੀ ਲਹਿਰ ਨੂੰ ਦਬਾਣ ਦਾ ਬਹਾਨਾ ਲੱਭ ਗਿਆ। ਥਾਂ ਥਾਂ ਤੇ ਬਹਾਦਰ ਨਾਮਧਾਰੀਆਂ ਨੂੰ ਫੜਕੇ ਫਾਂਸੀ ਲਾਇਆ ਤੇ ਮਲੇਰ ਕੋਟਲੇ 66 ਨਾਮਧਾਰੀਆਂ ਨੂੰ ਤੋਪਾਂ ਅੱਗੇ ਉਡਾ ਦਿੱਤਾ।'

'ਏਸ ਉਭਰਦੀ ਬਗਾਵਤ ਨੂੰ ਦਬਾਉਣ ਲਈ ਸਤਿਗੁਰੂ ਰਾਮ ਸਿੰਘ ਜੀ ਨੂੰ ਜਲਾਵਤਨ ਕਰ ਦਿੱਤਾ। ਨਾਮਧਾਰੀਆਂ ਦੀਆਂ ਜਾਇਦਾਦਾਂ ਜ਼ਬਤ ਕੀਤੀਆਂ ਗਈਆਂ ਉਹਨਾਂ ਨੂੰ ਕਾਲੇ ਪਾਣੀ ਦੀ ਸਜ਼ਾ ਮਿਲੀ।

'ਨਾਮਧਾਰੀਆਂ ਵਿੱਚ ਸਿਰਫ਼ ਸਿੱਖ ਹੀ ਸਨ ਜਾਂ ਹੋਰ ਵੀ ਕੌਮ ਦੇ ਲੋਕ ਸਨ ?' ਮੁਮਤਾਜ਼ ਸਾਹਿਬ ਦੇ ਤੀਸਰੇ ਨੰਬਰ ਦੇ ਭਾਈ ਸਾਹਿਬ ਨੇ ਪੁੱਛਿਆ।

ਕਿਸਾਨ ਹੁਰਾਂ ਜਵਾਬ ਦਿੱਤਾ, 'ਨਹੀਂ ਲੁਧਿਆਣੇ ਦਾ ਮੁਹੰਮਦ ਲਤੀਫ਼ ਨਾਂ ਦਾ ਤਾਰੀਖ ਦਾਨ ਆਪਣੀ ਕਿਤਾਬ, 'ਤਾਰੀਖ਼ੇ ਪੰਜਾਬ' ਵਿੱਚ ਲਿਖਦਾ ਹੈ ਕਿ 'ਉਸ ਵੇਲੇ ਪੰਜਾਬ ਦੇ ਹਿੰਦੂ ਸਿੱਖ ਸਭ ਨਾਮਧਾਰੀ ਬਣ ਗਏ ਜਾਪਦੇ ਸਨ, ਸਤਿਗੁਰੂ ਰਾਮ ਸਿੰਘ ਦੀ ਜ਼ਬਾਨ ਵਿੱਚ ਐਸਾ ਜਾਦੂ ਸੀ ਕਿ ਕੋਲ ਆਉਣ ਵਾਲਾ ਕਿਸੇ ਵੀ ਕੌਮ ਦਾ ਆਦਮੀ ਉਹਦਾ ਪੈਰੋਕਾਰ ਬਣ ਜਾਂਦਾ ਸੀ।'

'ਤੁਹਾਡੇ ਹੋਰ ਕੀਹ ਅਸੂਲ ਹਨ ? ਜੋ ਤੁਹਾਨੂੰ ਦੂਸਰੇ ਸਿੱਖਾਂ ਨਾਲੋਂ ਅੱਡ ਕਰਦੇ ਹਨ ?' ਮੁਮਤਾਜ਼ ਸਾਹਿਬ ਪੁੱਛ ਰਹੇ ਸਨ।

'ਅਸੀਂ ਪੱਕੇ ਸਬਜ਼ੀ ਖੋਰ 'ਵੈਜ਼ੀਟੇਰੀਅਨ ਹਾਂ, ਮਾਸ ਸ਼ਰਾਬ ਤੋਂ ਸਾਡਾ ਪੱਕਾ ਪਰਹੇਜ਼ ਹੈ, ਸਾਦਾ ਖਾਣਾ, ਸਾਦਾ ਪਹਿਨਣਾ, ਸਾਦਾ ਰਹਿਣਾ, ਸਾਦਾ ਬੋਲਣਾ, ਸਾਡੇ ਨਾਮਧਾਰੀਆਂ ਲਈ ਅਤੀ ਜ਼ਰੂਰੀ ਹੈ।' ਮੈਂ ਉੱਤਰ ਦਿੱਤਾ, ਹੁਣ ਅਸੀਂ ਵਾਰੀ ਵਾਰੀ ਬਿਆਨ ਦੇ ਰਹੇ ਸਾਂ।

ਸ੍ਰ. ਬਲੀ ਸਿੰਘ ਨੇ ਵੀ ਇਸ ਬਹਿਸ ਵਿੱਚ ਹਿੱਸਾ ਲੈਂਦਿਆਂ ਆਖਿਆ ਕਿ 'ਅਸੀਂ ਨਾਮਧਾਰੀ ਅਸੂਲੀ ਤੌਰ ਤੇ ਅਮਨ ਪਸੰਦ ਹਾਂ, ਤਸੱਦਦ ਤੋਂ ਬਹੁਤ ਦੂਰ ਹਾਂ ਪਰ ਜੇ ਸਿਰ ਤੇ ਆ ਬਣੇ ਤਾਂ ਨਜਿਠਣਾ ਵੀ ਜਾਣਦੇ ਹਾਂ।'

ਮੈਂ ਬਲੀ ਸਿੰਘ ਦੀ ਚੱਲ ਰਹੀ ਗੱਲ ਵਿੱਚ ਆਪਣੀ ਗੱਲ ਰਲਾਈ,'ਮੁਲਕ ਦੀ ਵੰਡ ਵੇਲੇ ਅਸਾਂ ਨਾਮਧਾਰੀਆਂ ਨਾ ਕਿਸੇ ਤੇ ਤਸੱਦਦ ਕੀਤਾ ਹੈ ਅਤੇ ਨਾ ਹੀ ਸਾਡਾ ਇੱਕ ਵੀ ਬੰਦਾ ਰੌਲੇ ਵਿੱਚ ਮਾਰਿਆ ਗਿਆ ਏ।'

ਕਿਸਾਨ ਹੁਰਾਂ ਗੱਲ ਨੂੰ ਵਧਾਇਆ ਕਿ 'ਨਾਮਧਾਰੀਆਂ ਨੂੰ ਕੂਕੇ ਵੀ ਕਹਿੰਦੇ ਹਨ ਕਿਉਂਕਿ ਇਹ ਮਸਤੀ ਵਿੱਚ ਆ ਕੇ ਜਦੋਂ ਸ਼ਬਦ ਪੜ੍ਹਦੇ ਹਨ ਤਾਂ ਬਹੁਤ ਉਚੀਆਂ ਸੁਰਾਂ ਲੈ ਜਾਂਦੇ ਨੇ ਤੇ ਜਿਵੇਂ ਤੁਹਾਡੇ ਵਿੱਚ ਲੋਕ 'ਹਾਲ' ਪਾਂਦੇ ਨੇ ਕੱਵਾਲੀ ਗਾਉਣ ਵਾਲਿਆਂ ਨੂੰ ਸੁਣਨ ਵੇਲੇ, ਏਸੇ ਤਰ੍ਹਾਂ ਸਾਡੇ ਨਾਮਧਾਰੀ ਵੀ ਮਸਤੀ ਵਿੱਚ ਆ ਕੇ ਨੱਚਣ ਲੱਗ ਪੈਂਦੇ ਨੇ, ਜਿਹਨੂੰ ਸੁਤਰ ਕੱਢਣਾ ਆਖਦੇ ਹਨ।'

ਮੈਂ ਘੜੀ ਵੱਲ ਵੇਖਿਆ ਸਾਢੇ ਯਾਰ੍ਹਾਂ ਵੱਜ ਚੁੱਕੇ ਸਨ।

'ਮੁਮਤਾਜ਼ ਸਾਹਿਬ ! ਆਪਾਂ ਬੱਸ ਕਰੀਏ ਤੁਸਾਂ ਤਾਂ ਸਵੇਰੇ ਦਸ ਵਜੇ ਉਠਣਾ

ਏ, ਅਸੀਂ ਤਾਂ ਤਿੰਨ ਵਜੇ ਜਾਗ ਪੈਂਣਾ ਏ।' ਮੈਂ ਪ੍ਰਸਤਾਵ ਰੱਖਿਆ।

ਡੀ.ਐਸ.ਪੀ. ਸਾਹਿਬ ਨੇ ਫੇਰ ਆਪਣਾ ਦਬਦਬਾ ਇਸਤੇਮਾਲ ਕੀਤਾ ਤੇ ਆਖਿਆ, 'ਅੱਛਾ ਆਜ ਅਦਾਲਤ ਬਰਖਾਸਤ ਕੀ ਜਾਤੀ ਹੈ। ਬਿਆਨ ਹੋ ਚੁੱਕੇ ਹੈਂ ਫੈਸਲਾ ਜਿਊਰੀ ਕਲ ਦੇਗੀ।' ਸਾਰਿਆਂ ਨੇ ਖੁਸ਼ੀ ਨਾਲ ਤਾੜੀ ਮਾਰੀ ਤੇ ਆਪਣੇ ਸੌਣ ਕਮਰੇ ਵੱਲ ਨੂੰ ਚੱਲ ਪਏ। ਆਪਣੇ ਬਿਸਤਰਿਆਂ ਤੇ ਲੇਟੇ ਅਸੀਂ ਸਾਰੇ ਦਿਨ ਦਾ ਲੇਖਾ ਜੋਖਾ ਕਰ ਰਹੇ ਸਾਂ।

ਕਿਸਾਨ ਹੁਰੀਂ ਕਹਿ ਰਹੇ ਸਨ, 'ਹਾਂਸੀ ਵਿੱਚ ਸਾਡੀ ਅਚਾਨਕ ਮਿਲਣੀ ਨੇ ਕੀ ਕ੍ਰਿਸ਼ਮਾ ਕਰ ਵਿਖਾਇਆ ਏ, ਜ਼ਿੰਦਗੀ ਦੇ ਇਹ ਦਿਨ ਸਾਡੇ ਲਈ ਪੱਕੇ ਯਾਦਗਾਰੀ ਬਣ ਗਏ ਹਨ ਮਾਸਟਰ ਜੀ ! ਇਹਨਾਂ ਦਿਨਾਂ ਨੇ ਸਾਡੇ ਕਈ ਭੁਲੇਖੇ ਦੂਰ ਕਰ ਦਿੱਤੇ ਹਨ, ਸਾਡੇ ਮਨਾਂ ਵਿੱਚ ਇਹਨਾਂ ਲੋਕਾਂ ਪ੍ਰਤੀ ਕਈ ਤਰ੍ਹਾਂ ਦੀਆਂ ਸੋਚਾਂ ਸਨ ਤੇ ਏਸੇ ਤਰ੍ਹਾਂ ਸਾਡੇ ਬਾਰੇ ਇਹਨਾਂ ਪਾਕਿਸਤਾਨੀ ਲੋਕਾਂ ਦੇ ਕਈ ਭੁਲੇਖੇ ਦੂਰ ਹੋਏ ਹਨ।'

'ਹਾਂ ਕਿਸਾਨ ਜੀ ! ਆਮ ਲੋਕ ਤਾਂ ਅੰਦਰੋਂ ਚਸ਼ਮੇ ਦੇ ਪਾਣੀ ਵਰਗੇ ਸਾਫ਼ ਹੀ ਹੁੰਦੇ ਹਨ। ਇਹ ਗੜਬੜਾਂ ਇਹ ਨਫਰਤਾਂ ਤਾਂ ਕੁੱਝ ਖੁਦਗਰਜ ਤੇ ਚਾਲਾਕ ਲੋਕਾਂ ਨੇ ਹੀ ਪੈਦਾ ਕੀਤੀਆਂ ਹੋਈਆਂ ਹਨ। ਵੇਖੋ ਨਾ ਅਸੀਂ ਪਾਕਿਸਤਾਨ ਆਏ ਹੋਏ ਹਾਂ। ਕਿੰਨਾ ਪਿਆਰ ਦਿੱਤਾ ਏ ਇਹਨਾਂ ਲੋਕਾਂ ਨੇ। ਹਰ ਬੰਦਾ ਸਾਨੂੰ ਨਜ਼ਦੀਕੀ ਰਿਸ਼ਤੇਦਾਰਾਂ ਵਾਂਗ ਮਿਲਿਆ ਏ, ਸਾਰੇ ਹੀ ਪਿਛਲੇ ਦਿਨਾਂ ਦੀਆਂ ਮੁਲਾਕਾਤਾਂ ਨਾਲ ਸਰਸਾਰ ਹੋਏ ਪਏ ਸਾਂ।' ਸ੍ਰ. ਬਲੀ ਸਿੰਘ ਤਾਂ ਨੀਂਦਰ ਰਾਣੀ ਦੀ ਝੋਲੀ ਵਿੱਚ ਪੈ ਚੁੱਕੇ ਸਨ।

ਕਿਸਾਨ ਹੁਰੀਂ ਮੇਰੀ ਗੱਲ ਨਾਲ ਸਾਖਿਆਤ ਹੋ ਕੇ ਕਹਿ ਰਹੇ ਸਨ, 'ਸਾਨੂੰ ਸਾਡੀ ਏਸ ਵਿਲੱਖਣ ਪੁਸ਼ਾਕ ਨੇ ਵੀ ਕਾਫੀ ਮਾਨ ਦੁਆਇਆ ਏ, ਵਾਕੇਈ ਸਤਿਗੁਰੂ ਰਾਮ ਸਿੰਘ ਨੇ ਸਾਨੂੰ ਐਸਾ ਬਾਣਾ ਬਖਸ਼ਿਆ ਏ ਕਿ ਇਹ ਬਾਣਾ ਪਾ ਕੇ ਹਰ ਥਾਂ ਹੀ ਮਾਣ ਪਾਇਆ ਜਾ ਸਕਦਾ ਏ।'

ਕਿਸਾਨ ਜੀ ਨੂੰ ਏਸ ਨਾਮਧਾਰੀ ਬਾਣੇ ਦੀ ਬਰਕਤ ਦੱਸਦਿਆਂ ਇੱਕ ਕਹਾਣੀ ਚੇਤੇ ਕਰਾਈ, 'ਤੁਹਾਡੇ ਮਾਸੜ ਜੀ ਕੇਹਰ ਸਿੰਘ ਹੁਰੀਂ ਪੱਕੇ ਨਾਮਧਾਰੀ ਸਨ, ਪਰ ਉਹਨਾਂ ਦੇ ਵੱਡੇ ਭਾਈ ਸ਼ੇਰ ਸਿੰਘ ਦੂਜੇ ਪਾਸੇ ਸਿਰੇ ਦਾ ਸ਼ਰਾਬੀ, ਪੰਜੇ ਐਬ ਸ਼ਰਈ ਸੀ, ਚੋਰੀਆਂ ਕਰਨੀਆਂ ਤੇ ਥਾਣਿਆਂ ਵਿੱਚ ਫੜੇ ਜਾਣਾ ਉਹਦਾ ਰੋਜ਼ ਦਾ ਕਿੱਤਾ ਸੀ। ਇਕ ਵਾਰੀ ਚੋਰੀ ਕੀ ਡਾਕਾ ਮਾਰਦਿਆਂ ਪੰਜ ਛੇ ਆਦਮੀ ਮੌਕੇ ਤੇ ਹੀ ਫੜੇ ਗਏ, ਦੋਹੀਂ ਪਾਸੀਂ ਸੱਟਾਂ ਫੇਟਾਂ ਵੀ ਲੱਗੀਆਂ, ਕੇਸ ਚੱਲਿਆ, ਗਵਾਹੀਆਂ ਹੋ ਗਈਆਂ। ਜਿਸ ਦਿਨ ਸ਼ੇਰ ਸਿੰਘ ਦੀ ਸਫਾਈ ਦਾ ਬਿਆਨ ਹੋਣਾ ਸੀ, ਉਸ ਨੇ ਇੱਕ ਚਾਲ ਖੇਡੀ, ਆਪਣੇ ਭਰਾ ਕੇਹਰ ਸਿੰਘ ਦੇ ਨਾਮਧਾਰੀ ਕੱਪੜੇ ਪਹਿਨ ਕੇ ਜਾ ਜੱਜ ਦੇ ਪੇਸ਼ ਹੋਇਆ।'

'ਜੱਜ ਅੰਗਰੇਜ਼ ਸੀ, ਸ਼ੇਰ ਸਿੰਘ ਜਦੋਂ ਚੂੜੀਦਾਰ ਪਜਾਮਾ, ਤਰੀਜਾਂ ਵਾਲਾ ਕੁੜਤਾ, ਸਿਰ ਤੇ ਸਿੱਧੀ ਪੱਗ, ਗੜਵਾ, ਡੋਰੀ, ਆਸਣ, ਗੱਲ ਕੀ ਪੱਕਾ ਨਾਮਧਾਰੀ ਬਣਕੇ ਜਦੋਂ ਜੱਜ ਦੇ ਸਾਹਮਣੇ ਪੇਸ਼ ਹੋਇਆ ਤਾਂ ਅੰਗਰੇਜ਼ ਜੱਜ ਨੇ ਪੁੱਛਿਆ –'ਵੈਲ ਟੁਮ ਕੂਕਾ ਹੋ ਐਸੇ ਕਾਮ ਮੇਂ ਕੈਸੇ ਫੰਸ ਗਏ ਟੁਮ ਲੋਗ।'

ਸ਼ੇਰ ਸਿੰਘ ਨੇ ਆਖਿਆ – 'ਹਾਂ ਜਨਾਬ, ਮੈਂ ਤਾਂ ਨਾਮਧਾਰੀ ਹਾਂ। ਭਲਾ ਏਸ

ਲਿਬਾਸ ਵਿੱਚ ਕੋਈ ਬੰਦਾ ਬੁਰੇ ਕੰਮ ਕਰ ਸਕਦਾ ਏ ?'

'ਕੂਕਾ ਕੇ ਬਾਰੇ ਮੈਂ ਬਹੁਤ ਜਾਣਟਾ, ਕੂਕਾ ਕਭੀ ਝੂਠ ਨਹੀਂ ਬੋਲਟਾ, ਕੂਕਾ ਕਭੀ ਚੋਰੀ ਨਹੀਂ ਕਰਟਾ, ਯੇ ਝੂਠਾ ਕੇਸ ਬਣਾਇਆ ਗਿਆ ਸ਼ੇਰ ਸਿੰਘ ਪਰ।' ਜੱਜ ਨੇ ਸਰਕਾਰੀ ਵਕੀਲ ਵੱਲ ਗੁੱਸੇ ਨਾਲ ਵੇਖਦਿਆਂ ਕਿਹਾ।

'ਸਰ, ਯੇ ਸ਼ੇਰ ਸਿੰਘ ਤੋ ਇਸ ਇਲਾਕੇ ਕਾ ਨਾਮੀ ਚੋਰ ਵਾ ਬਦਮਾਸ਼ ਹੈ, ਇਸ ਨੇ ਭੇਸ਼ ਬਦਲ ਕਰ ਯਿਹ ਪਾਖੰਡ ਕੀਯਾ ਹੈ।' ਸਰਕਾਰੀ ਵਕੀਲ ਨੇ ਕਿਹਾ, ਤੇ ਕਈ ਫਾਈਲਾਂ ਜੱਜ ਦੇ ਸਾਹਮਣੇ ਰੱਖ ਦਿੱਤੀਆਂ।'

'ਯੇ ਸਭ ਫਾਈਲੇਂ ਝੁਠੀ ਹੈਂ ਟੁਮ ਲੋਗ ਸ਼ਰੀਫ ਲੋਗੋਂ ਕੋ ਫੰਸਾਤੇ ਹੋ ਔਰ ਬਦਮਾਸ਼ ਲੋਗੋਂ ਕੀ ਮਦਦ ਕਰਟੇ ਹੋ। ਦੂਸਰੇ ਕੇਸੋਂ ਕੀ ਤਰ੍ਹਾਂ ਯੇ ਭੀ ਸਾਰਾ ਕੇਸ ਝੂਠਾ ਹੈ ਜਾਓ ਮੈਂ ਸਬਕੋ ਬਰੀ ਕਰਟਾ ਔਰ ਟੁਮਕੋ ਵਾਰਨਿੰਗ ਡੇਟਾ ਫਿਰ ਕਭੀ ਸ਼ਰੀਫ ਲੋਗੋਂ ਪਰ ਕੇਸ ਮਤ ਬਣਾਨਾ।'

ਸਾਰੇ ਮੁਲਜ਼ਮ ਬਾਹਰ ਆ ਗਏ ਪਰ ਸ਼ੇਰ ਸਿੰਘ ਉਚੀ ਉਚੀ ਕਹਿ ਰਿਹਾ ਸੀ, 'ਧੰਨ ਸਤਿਗੁਰੂ ਰਾਮ ਸਿੰਘ, ਧੰਨ ਉਹਦਾ ਬਾਣਾ, ਫੇਰ ਆਪਣੇ ਸਾਥੀਆਂ ਨੂੰ ਕਹਿਣ ਲੱਗਾ, ਲੌ ਬਈ ਸੱਜਣੋਂ ਅੱਜ ਤੋਂ ਤੁਹਾਡੀ ਮੇਰੀ ਯਾਰੀ ਖਤਮ, ਮੈਂ ਹੁਣ ਇਸ ਬਾਣੇ ਦੀ ਲਾਜ ਪੱਕਾ ਨਾਮਧਾਰੀ ਬਣ ਕੇ ਰੱਖਾਂਗਾ।'

ਮੈਂ ਵੇਖਿਆ ਕਿ ਕਿਸਾਨ ਹੁਰੀਂ ਪਤਾ ਨਹੀਂ ਕਦੋਂ ਦੇ ਬਿਰਾਜ ਚੁੱਕੇ ਸਨ। ਮੇਰੀ ਕਹਾਣੀ ਛੱਤ 'ਤੇ ਚੱਲ ਰਿਹਾ ਪੱਖਾ ਹੀ ਸੁਣ ਰਿਹਾ ਜਾਪਦਾ ਸੀ। ਮੈਂ ਵੀ ਕੀਰਤਨ ਸੋਹਿਲੇ ਦਾ ਪਾਠ ਕਰਕੇ ਸੌਂ ਗਿਆ।

## 12.04.2007

ਸਵੇਰੇ ਇਸ਼ਨਾਨ ਪਾਣੀ ਕਰਕੇ ਹਾਲੇ ਅਸੀਂ ਬੈਠੇ ਹੀ ਸਾਂ ਕਿ ਆਸ ਦੇ ਉਲਟ ਬੂਹਾ ਖੜਕਿਆ ਕਿਉਂਕਿ ਮੁਮਤਾਜ਼ ਦਾ ਹਾਲੇ ਆਉਣ ਦਾ ਸਮਾਂ ਨਹੀਂ ਸੀ ਹੋਇਆ।

'ਗੱਲ ਇਹ ਹੈ ਬਜ਼ੁਰਗ ਯਾਰੋ ਕਿ ਅੱਜ ਸਾਡਾ ਦਿਨ ਬਹੁਤ ਰੁਝੇਵਿਆਂ ਭਰਿਆ ਹੈ' ਆਉਂਦਿਆਂ ਸਾਰ ਹੀ ਅਰਸ਼ਾਦ ਹੋਇਆ, ਮੈਂ ਤਾਂ ਸਵੇਰੇ ਆਇਆ ਸਾਂ ਕਿ ਰਾਤ ਆਪਾਂ ਬਹੁਤ ਕੁਵੇਲੇ ਵਿਹਲੇ ਹੋਏ ਸਾਂ, ਸੋ ਤੁਸੀਂ ਹਾਲੇ ਤਿਆਰ ਨਹੀਂ ਹੋਏ ਹੋਣੇ। ਪਰ ਯਾਰ ਪਤਾ ਨਹੀਂ ਸੌਂਦੇ ਕਿਹੜੇ ਵੇਲੇ ਹੋ ? ਰਾਤ ਦੋ ਵਜੇ ਸੁਤੇ ਤਾਂ ਵੀ ਪੰਜ ਵਜੇ ਤਿਆਰ ਮਿਲਦੇ ਹੋ ਇਹ ਸਵੇਰੇ ਉਠਕੇ ਤਿਆਰ ਹੋਣ ਦੀ ਸਿਖਲਾਈ ਤੁਸਾਂ ਕਿੱਥੋਂ ਲਈ ਏ ?'

'ਮੁਮਤਾਜ਼ ਸਾਹਿਬ ਇਹ ਸਿਖਲਾਈ ਸਾਨੂੰ ਸਾਡੇ ਗੁਰੂਆਂ ਤੋਂ ਮਿਲੀ ਹੈ, ਬਾਬਾ ਫਰੀਦ ਵੀ ਇਹ ਹੀ ਕਹਿੰਦਾ ਏ –

'ਪਿਛਲ ਰਾਤ ਨਾ ਜਾਗਿਓਂ ਜੀਵੰਦੜਾ ਮੋਇਓਂ।'

'ਓਹ ਤੇਰਾ ਭਲਾ ਹੋ ਜਾਏ, ਬਾਬਾ ਫਰੀਦ ਨੇ ਸਾਡੇ ਕੁਵੇਲੇ ਸੌਣ ਵਾਲਿਆਂ ਵਾਸਤੇ ਬੜੇ ਸਖਤ ਲਫ਼ਜ਼ ਆਖੇ ਨੇ।' ਮੁਮਤਾਜ਼ ਸਾਹਿਬ ਨੇ ਹੱਥ ਜੋੜਦਿਆਂ ਹੋਇਆਂ ਆਖਿਆ। ਅੱਛਾ ਫਿਰ ਇਹ ਗੱਲਾਂ ਤਾਂ ਮੁਕਣੀਆਂ ਹੀ ਨਹੀਂ, ਤੁਹਾਡਾ ਨਾਸ਼ਤਾ ਤਿਆਰ

ਹੈ, ਕਰੀਏ ਤੇ ਆਪਾਂ ਘਰੋਂ ਨਿਕਲੀਏ। ਪੰਜਾਬ ਯੂਨੀਵਰਸਿਟੀ ਗੁਜਰਾਂਵਾਲਾ ਦੇ ਕੈਂਪਸ ਵਿੱਚ ਇਨਾਮ ਵੰਡ ਦਾ ਪ੍ਰੋਗਰਾਮ ਏ। ਸਾਨੂੰ ਨਹੀਂ ਸ਼ਾਇਦ ਵਾਈਸ ਚਾਂਸਲਰ ਨੇ ਤੁਹਾਨੂੰ ਇਨਵਾਈਟ ਕੀਤਾ ਏ।'

ਨਾਸ਼ਤਾ ਕੀਤਾ ਤੇ ਅਸੀਂ ਤਿੰਨੇ ਗੁਰਤੇਜ ਸਿੰਘ ਤੇ ਰਮਨਦੀਪ ਮੁਮਤਾਜ਼ ਹੁਰਾਂ ਨਾਲ ਪੰਜਾਬ ਯੂਨੀਵਰਸਿਟੀ ਕੈਂਪਸ ਵਿੱਚ ਪੁੱਜੇ। ਬੜੀ ਭੀੜ ਵਿਚੋਂ ਦੀ ਲੰਘਦੇ ਹੋਏ ਅਸੀਂ ਇਨਾਮ ਵੰਡ ਵਾਲੇ ਵਿਸ਼ਾਲ ਪੰਡਾਲ ਵਿੱਚ ਜਾ ਪਹੁੰਚੇ।

ਕਰੀਬ ਤਿੰਨ ਚਾਰ ਹਜ਼ਾਰ ਵਿਦਿਆਰਥੀ ਪ੍ਰੋਫੈਸਰ ਤੇ ਹੋਰ ਜਾਣੇ ਮਾਣੇ ਲੋਕ ਬੈਠੇ ਸਨ, ਸਾਡੇ ਪਹੁੰਚਣ ਤੇ ਸਾਰੇ ਖੜ੍ਹੇ ਹੋ ਗਏ। ਵੀ.ਸੀ. ਸਾਹਿਬ ਨੇ ਅੱਗੇ ਆ ਕੇ ਗਲੀਂ ਹਾਰ ਤੇ ਹੱਥੀਂ ਗੁਲਦਸਤੇ ਫੜਾ ਕੇ ਸਾਡਾ ਸੁਆਗਤ ਕੀਤਾ। ਸਭ ਤੋਂ ਅੱਗੇ ਵਾਲੀਆਂ ਕੁਰਸੀਆਂ ਤੇ ਸਾਨੂੰ ਬਿਠਾਇਆ ਗਿਆ।

ਸਟੇਜ ਤੇ ਅਨਾਉਂਸਰ ਲੜਕੀ ਨੇ ਸਾਡੇ ਬਾਰੇ ਦੱਸਿਆ ਕਿ 'ਭਾਰਤ ਵਿਚੋਂ ਆਏ ਹੋਏ ਬਜ਼ੁਰਗ ਜੋ ਸਾਡੇ ਵਿੱਚ ਨੇ, ਅਸੀਂ ਉਨ੍ਹਾਂ ਨੂੰ ਖੁਸ਼ ਆਮਦੀਦ ਕਹਿੰਦੇ ਹਾਂ। ਅਸੀਂ ਮਸ਼ਕੂਰ ਹਾਂ ਕਿ ਉਹਨਾਂ ਇਸ ਫੰਕਸ਼ਨ ਵਿੱਚ ਸ਼ਮੂਲੀਅਤ ਕਰਕੇ ਸਾਡੀ ਰੌਣਕ ਵਿੱਚ ਇਜ਼ਾਫ਼ਾ ਕੀਤਾ ਏ।'

ਪ੍ਰੋਗਰਾਮ ਚੱਲਦਾ ਰਿਹਾ, ਨੌਜਵਾਨ ਲੜਕੇ ਲੜਕੀਆਂ ਵਾਰੀ ਵਾਰੀ ਆਪਣੀਆਂ ਨਜ਼ਮਾਂ, ਲਤੀਫ਼ੇ, ਲੇਖ ਸੁਣਾਉਂਦੇ ਰਹੇ। ਸਾਰੇ ਪੰਡਾਲ ਵਿੱਚ ਕਮਾਲ ਦੀ ਖਾਮੋਸ਼ੀ ਸੀ। ਬਾਅਦ ਵਿੱਚ ਕਾਲਜ ਦੀ ਡਰਾਮਾ ਟੀਮ ਨੇ ਇੱਕ ਡਰਾਮਾ ਪੇਸ਼ ਕੀਤਾ, ਜਿਸ ਵਿੱਚ ਕੱਟੜ ਤੇ ਫਿਰਕਾ ਪਸੰਦ ਲੋਕਾਂ ਤੇ ਤਿੱਖਾ ਪ੍ਰਹਾਰ ਸੀ। ਏਨਾ ਬੇਬਾਕ ਤਾਂ ਅਸੀਂ ਵੀ ਆਪਣੇ ਵੱਖਵਾਦੀਆਂ ਬਾਰੇ ਨਹੀਂ ਬੋਲ ਸਕਦੇ।

ਬਾਅਦ ਵਿੱਚ ਸਾਨੂੰ ਸਾਰਿਆਂ ਨੂੰ ਸਟੇਜ 'ਤੇ ਬੁਲਾਇਆ ਗਿਆ। ਦੋ ਦੋ ਮਿੰਟ ਵਿੱਚ ਅਸਾਂ ਆਪਣੀ ਜਾਣ ਪਛਾਣ ਕਰਾਈ। ਕਿਸਾਨ ਹੁਰਾਂ ਆਪਣੀ ਇੱਕ ਨਜ਼ਮ ਦੀਆਂ ਚਾਰ ਲਾਈਨਾਂ ਸੁਣਾ ਕੇ ਲੋਕਾਂ ਨੂੰ ਆਪਣੀਆਂ ਅੱਖਾਂ ਪੂੰਝਣ ਤੇ ਮਜ਼ਬੂਰ ਕਰ ਦਿੱਤਾ। ਲਾਈਨਾਂ ਇਹ ਸਨ –

'ਕੁਝਰਾਂ ਵਾਲੇ ਦੀ ਮਿੱਠੀਏ ਬੋਲੀਏ ਨੀ ਤੈਨੂੰ ਸੁਣਨ ਸੁਨਾਣ ਨੂੰ ਜੀ ਕਰਦੈ।
ਗਾਹਲਾਂ ਮਾਸੀ ਦੀਆਂ ਘਿਓ ਦੀਆਂ ਹੋਣ ਨਾਲਾਂ ਓਥੇ ਜਾ ਕੇ ਖਾਣ ਨੂੰ ਜੀ ਕਰਦੈ।
ਚਾਚਾ ਅਬਦਲਾ ਮਿਲੇ ਜੇ ਇੱਕ ਵਾਰੀ ਘੁਟ ਘੁਟ ਜੱਫ਼ੀਆਂ ਪਾਣ ਨੂੰ ਜੀ ਕਰਦੈ।
ਸੋਹਣੇ ਯਾਰ ਬਸ਼ੀਰ ਨਜ਼ੀਰ ਦੋਵੇਂ ਮਿਲ ਕੇ ਰੋਣ ਰੁਆਣ ਨੂੰ ਜੀ ਕਰਦੈ।

ਆਖਰੀ ਲਾਈਨ ਬੋਲਦਿਆਂ ਕਿਸਾਨ ਹੁਰਾਂ ਦਾ ਗਲਾ ਭਰ ਆਇਆ, ਜ਼ਰਾ ਠਹਿਰ ਕੇ ਖੰਘੂਰਾ ਮਾਰ ਕੇ ਪੂਰੀ ਲਾਈਨ ਕਹਿ ਸਕੇ।

ਮੈਂ ਆਪਣੀ ਜਾਣ ਪਛਾਣ ਕਰਾਂਦਿਆਂ ਦੱਸਿਆ ਕਿ ਮੇਰਾ ਪਿੰਡ ਏਥੋਂ ਵੀਹ ਕਿਲੋਮੀਟਰ ਨੌਸ਼ਹਿਰਾ ਵਿਰਕਾਂ ਤੋਂ 8 ਕਿਲੋਮੀਟਰ ਉਰਾਂ ਲਾਲੇਪੁਰ ਹੈ ਤੇ ਮੈਂ ਏਥੋਂ ਏਸੇ ਸ਼ਹਿਰ ਦੇ ਗੌਰਮਿੰਟ ਹਾਈ ਸਕੂਲ ਵਿੱਚ ਦਸਵੀਂ ਤੱਕ ਪੜ੍ਹਦਾ ਰਿਹਾ ਹਾਂ, ਗੁਰਤੇਜ ਕੁਹਾਰ ,ਰਮਨਦੀਪ ਨੇ ਕਵਿਤਾਵਾਂ ਸੁਣਾਈਆਂ।

ਮੁਮਤਾਜ਼ ਹੁਰਾਂ ਨੇ ਪੰਜ ਮਿੰਟ ਦੀ ਤਕਰੀਰ ਵਿੱਚ ਹੀ ਉਹ ਕੁੱਝ ਕਹਿ ਦਿੱਤਾ ਜੋ ਆਮ ਆਦਮੀ ਘੰਟੇ ਵਿੱਚ ਵੀ ਨਹੀਂ ਕਹਿ ਸਕਦਾ। ਉਹਨਾਂ ਆਖਿਆ, 'ਮੇਰੇ ਪਾਕਿਸਤਾਨੀ ਨੌਜਵਾਨੋ ! ਉਠੋ ਵਹਿਮਾਂ ਭਰਮਾਂ ਦੇ ਜਾਲ ਵਿਚੋਂ ਨਿਕਲੋ, ਖੂਬ ਪੜ੍ਹਾਈ ਕਰੋ ਤੇ ਵੱਡੇ ਅਫਸਰ ਤੇ ਨੇਕ ਸਿਆਸਤਦਾਨ ਤੇ ਇਨਕਲਾਬੀ ਵਿਚਾਰ ਬਣਾਓ। ਇੱਕ ਨਵੀਂ ਦੁਨੀਆਂ ਤਾਮੀਰ ਕਰਨ ਦੀ ਲੋੜ ਏ। ਤਾੜੀਆਂ ਦੀ ਗੜਗੜਾਹਟ ਅਸਮਾਨ ਨੂੰ ਛੂਹ ਰਹੀ ਸੀ।

ਇਨਾਮ ਵੰਡੇ ਗਏ। ਸਾਨੂੰ ਵੀ ਪੰਜਾਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਆ ਗਿਆ। ਆਖਰ ਵਿੱਚ ਪਾਕਿਸਤਾਨ ਦਾ ਕੌਮੀ ਤਰਾਨਾ ਸਭ ਨੇ ਖੜ੍ਹੇ ਹੋ ਕੇ ਗਾਇਆ। ਸਾਡੇ ਤੋਂ ਆਟੋਗ੍ਰਾਫ ਲੈਣ ਵਾਲਿਆਂ ਦੀਆਂ ਲਾਈਨਾਂ ਲੱਗ ਗਈਆਂ। ਲੜਕੀਆਂ ਸਾਡੇ ਤੋਂ ਸਿਰ 'ਤੇ ਪਿਆਰ ਲੈਣ ਲਈ ਇੱਕ ਦੂਜੀ ਤੋਂ ਅੱਗੇ ਆਉਣ ਦਾ ਜਤਨ ਕਰ ਰਹੀਆਂ ਸਨ। ਲੜਕੀਆਂ ਤੇ ਲੜਕਿਆਂ ਨੇ ਸਾਡੇ ਨਾਲ ਵੀ ਬੇਸ਼ੁਮਾਰ ਫੋਟੋਆਂ ਖਿੱਚਵਾਈਆਂ।

ਸਾਰੇ ਤਾਲਿਬ ਇਲਮਾਂ (ਵਿਦਿਆਰਥੀਆਂ) ਸਟਾਫ ਤੇ ਪ੍ਰਾਹੁਣਿਆਂ ਲਈ ਖਾਣੇ ਦਾ ਪ੍ਰਬੰਧ ਸੀ ਇੱਕ ਵੱਖਰੇ ਪੰਡਾਲ ਵਿੱਚ। ਅਸੀਂ ਵੀ ਨਾਲ ਹੋ ਤੁਰੇ। ਸਾਡੇ ਖਾਣ ਪੀਣ ਵਾਲੀ ਉਥੇ ਸਿਵਾਏ ਪੈਪਸੀ ਦੀਆਂ ਬੋਤਲਾਂ ਦੇ ਕੋਈ ਚੀਜ਼ ਨਹੀਂ ਸੀ। ਅਸਾਂ ਇੱਕ ਇੱਕ ਪੈਪਸੀ ਦੀ ਬੋਤਲ ਲਈ ਤੇ ਪਾਸੇ ਜਾ ਕੇ ਖੜ੍ਹੇ ਹੋ ਗਏ। ਅਣਗਿਣਤ ਲੋਕੀਂ ਇੱਥੋਂ ਤੱਕ ਕਿ ਵੀ.ਸੀ.ਸਾਹਿਬ ਵੀ ਆ ਕੇ ਕਹਿਣ ਲੱਗੇ, ਕੁੱਝ ਤਾਂ ਖਾਓ, ਸਾਡੀ ਦਾਅਵਤ ਅਧੂਰੀ ਰਹਿ ਜਾਵੇਗੀ।

ਮੁਮਤਾਜ਼ ਸਾਹਿਬ ਨੇ ਉਨ੍ਹਾਂ ਨੂੰ ਸਮਝਾਇਆ ਕਿ ਇਹ ਏਥੋਂ ਕੁੱਝ ਵੀ ਨਹੀਂ ਖਾ ਸਕਣਗੇ। ਸੋ ਇਹਨਾਂ ਨੂੰ ਮਜ਼ਬੂਰ ਨਾ ਕਰੋ।

ਖਾਣੇ ਤੋਂ ਬਾਅਦ ਸਾਡੇ ਨਾਲ ਸੈਂਕੜੇ ਲੋਕ ਸਾਨੂੰ ਵਿਦਾ ਕਰਨ ਕੈਂਪਸ ਤੋਂ ਬਾਹਰ ਤੱਕ ਆਏ। ਵੀ.ਸੀ. ਸਾਹਿਬ ਕਹਿ ਰਹੇ ਸਨ, ਪੰਜਾਬ ਯੂਨੀਵਰਸਿਟੀ ਦਾ ਗੁਜਰਾਂ ਵਾਲੇ ਦਾ ਕੈਂਪਸ ਬਣਾਉਣ ਵਿੱਚ ਜ਼ਾਹਿਦ ਮੁਮਤਾਜ਼ ਦਾ ਬਹੁਤ ਵੱਡਾ ਹਿੱਸਾ ਏ। ਇਹਨਾਂ ਦੀ ਮਿਹਨਤ ਸਦਕਾ ਹੀ ਇਹ ਸਭ ਕੁੱਝ ਬਣ ਸਕਿਆ ਏ। ਅੱਜ ਦੋ ਹਜ਼ਾਰ ਦੇ ਕਰੀਬ ਲੜਕੀਆਂ ਏਥੋਂ ਤਾਲੀਮ ਹਾਸਲ ਕਰ ਰਹੀਆਂ ਨੇ, ਨਹੀਂ ਤੇ ਲਾਹੌਰ ਜਾ ਕੇ ਕਿਸ ਨੇ ਪੜ੍ਹਣਾ ਸੀ।

ਕੈਂਪਸ ਦੀ ਵਿਸ਼ਾਲ ਬਿਲਡਿੰਗ ਦੇ ਸਾਹਮਣੇ ਇਹਨਾਂ ਸਾਨੂੰ ਅਲਵਿਦਾ ਆਖੀ।

ਆਈਆਂ ਕਾਰਾਂ ਕੋਲ ਜਦੋਂ ਅਸੀਂ ਪੁੱਜੇ ਤਾਂ ਕੁੱਝ ਲੜਕੇ ਕਾਰ ਵਿੱਚ ਲੱਗੀ ਡਿਸਕ ਦੇ ਤਾਲ 'ਤੇ ਭੰਗੜਾ ਪਾ ਰਹੇ ਸਨ। ਇਹਨਾਂ ਦੀ ਵਾਲੀਵਾਲ ਟੀਮ ਯੂਨੀਵਰਸਿਟੀ ਚੋਂ ਚੈਂਪੀਅਨ ਆਈ ਸੀ। ਸਾਨੂੰ ਕੋਲੋਂ ਲੰਘਦਿਆਂ ਵੇਖ ਕੇ ਭੱਜ ਕੇ ਆਏ, ਸਾਨੂੰ ਵੀ ਧਰੂ ਕੇ ਭੰਗੜੇ ਵਿੱਚ ਲੈ ਤੁਰੇ। ਇੱਕ ਨੌਜਵਾਨ ਨੇ ਮੈਨੂੰ ਆਪਣੇ ਮੋਢਿਆਂ ਤੇ ਚੁੱਕ ਲਿਆ ਤੇ ਨੱਚਣ ਲੱਗ ਪਿਆ। ਖ਼ੈਰ ਮੁਮਤਾਜ਼ ਹੁਰਾਂ ਸਾਡੀ ਖਲਾਸੀ ਕਰਵਾਈ ਉਹਨਾਂ ਤੋਂ।

ਕਾਰਾਂ ਤੇ ਬਹਿਣ ਲੱਗੇ ਤਾਂ ਇੱਕ ਸਲਵਾਰ ਕਮੀਜ਼ ਵਾਲਾ ਸਿਰ ਤੇ ਟੋਪੀ ਪਾਈ ਸਾਡੇ ਮੇਜ਼ਬਾਨ ਨੂੰ ਪਾਸੇ ਲਿਜਾ ਕੇ ਕੁੱਝ ਕਹਿੰਦਾ ਰਿਹਾ। ਮੁਮਤਾਜ਼ ਸਾਹਿਬ ਕਹਿ ਰਹੇ

ਸਨ, ਯਾਰ ਅਸੀਂ ਬੜੇ ਮਸ਼ਰੂਫ਼ ਹਾਂ, ਇਹ ਨਹੀਂ ਆ ਸਕਣਗੇ। ਮੁਮਤਾਜ਼ ਸਾਹਿਬ ਨੇ ਦੱਸਿਆ ਕਿ ਇਹ ਗੌਰਮਿੰਟ ਸਕੂਲ ਦੇ ਅੱਜਕਲ੍ਹ ਪ੍ਰਿੰਸੀਪਲ ਸਾਹਿਬ ਤਾਂ ਕਹਿ ਰਹੇ ਨੇ ਕਿ ਕਲ੍ਹ ਨੂੰ ਕਿਸੇ ਵੇਲੇ ਸਕੂਲ ਵਿੱਚ ਜ਼ਰੂਰ ਆਓ, ਪਰ ਆਪਾਂ ਕਿਵੇਂ ਜਾ ਸਕਾਂਗੇ ? ਖ਼ੈਰ, ਪ੍ਰਿੰਸੀਪਲ ਨੇ ਹਾਂ ਕਰਵਾ ਹੀ ਲਈ। ਮੈਂ ਅੰਦਰੋਂ ਬਹੁਤ ਖੁਸ਼ ਹੋਇਆ ਕਿ ਆਪਣਾ ਸਕੂਲ ਫੇਰ ਵੇਖਣ ਦਾ ਮੌਕਾ ਮਿਲ ਜਾਏਗਾ।

ਕਾਰਾਂ ਵਿੱਚ ਬਹਿਕੇ ਤੁਰਨ ਹੀ ਲੱਗੇ ਸਾਂ ਕਿ ਇੱਕ ਲੰਮਸਲੰਮੇ ਨੌਜਵਾਨ ਨੇ ਸਾਡੀ ਕਾਰ ਰੋਕ ਲਈ। ਉਹ ਕਹਿ ਰਿਹਾ ਸੀ, 'ਸਾਨੂੰ ਪੂਰਾ ਮੌਕਾ ਨਹੀਂ ਮਿਲਿਆ, ਤੁਹਾਨੂੰ ਮਿਲਣ ਦਾ।'

'ਤੁਸੀਂ ਰਾਤ ਨੂੰ ਸਾਡੇ ਘਰ ਆ ਜਾਓ, ਮਹਿਫ਼ਲ ਸੱਜੇਗੀ।' ਚੱਲਦੀ ਕਾਰ ਵਿਚੋਂ ਮੁਮਤਾਜ਼ ਸਾਹਿਬ ਨੇ ਉਹਨਾਂ ਨੂੰ ਕਿਹਾ।

ਕੈਂਪਸ ਦੇ ਵੱਡੇ ਗੇਟ ਤੋਂ ਬਾਹਰ ਆ ਕੇ ਇੱਕ ਸੜਕ ਤੇ ਸਾਡੀਆਂ ਕਾਰਾਂ ਸਰਪਟ ਦੌੜਣ ਲੱਗੀਆਂ। ਪੰਜ ਸੱਤ ਮਿੰਟਾਂ ਬਾਅਦ ਹੀ ਅਸੀਂ ਇੱਕ ਬਹੁਤ ਵੱਡੀ ਬਿਲਡਿੰਗ ਅੱਗੇ ਖੜ੍ਹੇ ਸਾਂ। ਉਪਰ ਉਰਦੂ ਵਿੱਚ ਲਿਖਿਆ ਸੀ – 'ਅਲ ਫਾਰੂਕ ਸਾਇੰਸ ਕਾਲਜ।'

ਉਤਰ ਕੇ ਅਸੀਂ ਅੰਦਰ ਗਏ ਤਾਂ ਹਜ਼ਾਰਾਂ ਵਿਦਿਆਰਥੀ ਬੈਠੇ ਸਨ। ਸਾਰਿਆਂ ਉਠ ਕੇ ਸਾਡਾ ਸੁਆਗਤ ਕੀਤਾ। ਹਾਰਾਂ ਨਾਲ ਸਾਡੀਆਂ ਗਰਦਨਾਂ ਭਰ ਦਿੱਤੀਆਂ। ਪ੍ਰਿੰਸੀਪਲ ਸਾਹਿਬ ਨੇ ਬੜੇ ਮੁਖ਼ਤਸਰ ਸ਼ਬਦਾਂ ਵਿੱਚ ਸਾਨੂੰ 'ਜੀ ਆਇਆਂ' ਆਖਿਆ। ਸਾਰਿਆਂ ਦੀ ਖੂਬ ਸੇਵਾ ਕੀਤੀ, ਚਾਹ, ਦੁੱਧ, ਬਿਸਕੁਟ, ਬਰਫ਼ੀ ਤੇ ਹੋਰ ਕਈ ਕੁੱਝ ਨਾਲ।

ਅਸਾਂ ਵਿਦਾ ਲਈ ਕਾਲਜ ਵਾਲਿਆ ਤੋਂ। ਦੂਰੋਂ ਇੱਕ ਲੜਕੀ ਕਰੀਬਨ ਦੌੜਦੀ ਹੋਈ ਸਾਡੇ ਵੱਲ ਆ ਰਹੀ ਸੀ। ਕੋਲ ਆ ਕੇ ਕਹਿਣ ਲੱਗੀ, 'ਬਾਬਾ ਜੀ ਮੈਨੂੰ ਦੂਹਰਾ ਪਿਆਰ ਦਿਓ। ਇੱਕ ਤਾਂ ਆਏ ਮਹਿਮਾਨਾਂ ਕਰਕੇ, ਦੂਜੇ ਮੇਰੇ ਵਾਲਦ ਸਾਹਿਬ ਪਿਛਲੇ ਮਹੀਨੇ ਅੱਲ੍ਹਾ ਨੂੰ ਪਿਆਰੇ ਹੋ ਚੁੱਕੇ ਨੇ, ਮੇਰੇ ਸਿਰ ਤੇ ਹੱਥ ਫੇਰੋ ਤੇ ਮੇਰੇ ਲਈ ਦੁਆ ਕਰੋ ਕਿ ਮੈਂ ਆਪਣੇ ਮਿਸ਼ਨ ਵਿੱਚ ਕਾਮਯਾਬ ਹੋ ਕੇ ਆਪਣੇ ਵਾਲਦ ਸਾਹਿਬ ਦਾ ਨਾਂ ਉਚਾ ਕਰਾਂ।' ਉਹਦੀਆਂ ਅੱਖਾਂ ਵਿੱਚ ਹੰਝੂ ਡੁਲ੍ਹਕ ਰਹੇ ਸਨ।

ਮੈਂ ਵੀ ਭਾਵੁਕ ਹੋ ਕੇ ਦੋਵੇਂ ਹੱਥ ਉਹਦੇ ਸਿਰ ਤੇ ਰੱਖ ਕੇ ਉਹਦੇ ਲਈ ਦੁਆ ਮੰਗੀ ਅੱਲ੍ਹਾ ਮੀਆਂ ਤੋਂ। 'ਸ਼ਾਲਾ ! ਤੂੰ ਆਪਣੇ ਨਿਸ਼ਾਨੇ ਵਿੱਚ ਸਫਲ ਤੇ ਕਾਮਯਾਬ ਹੋਵੇਂ।'

ਸਾਡੀਆਂ ਕਾਰਾਂ ਫੇਰ ਚੱਲ ਪਈਆਂ। ਮੈਂ ਮੁਮਤਾਜ਼ ਹੁਰਾਂ ਨੂੰ ਆਖਿਆ, 'ਚੱਲੀਏ ਹੁਣ ਤੇ ਆਪਾਂ ਘਰ ਨੂੰ ਬਾਦਸ਼ਾਹੋ।'

'ਬੱਸ ਜੀ ਬਿਲਟੀਆਂ ਵੀ ਕਦੇ ਬੋਲੀਆਂ ਨੇ।' ਉਹਨਾਂ ਮੇਰਾ ਹੀ ਸੁਣਾਇਆ ਹੋਇਆ ਲਤੀਫ਼ਾ ਮੇਰੇ ਉਤੇ ਦੇ ਮਾਰਿਆ।

ਇੱਕ ਹੋਰ ਸਕੂਲ ਅੱਗੇ ਸਾਡੀਆਂ ਕਾਰਾਂ ਜਾ ਖੜ੍ਹੀਆਂ ਹੋਈਆਂ। ਇਹ ਬੜੀ ਸੰਘਣੀ ਆਬਾਦੀ ਵਿੱਚ ਸਕੂਲ ਸੀ। ਸਾਨੂੰ ਸਾਰਿਆਂ ਨੂੰ ਮੋਮੈਂਟੋ ਦਿੱਤੇ ਗਏ, ਫੁੱਲਾਂ ਦੇ ਹਾਰ ਪਾਏ ਗਏ। ਦੋ ਦੋ ਮਿੰਟ ਭਾਸ਼ਣ ਦਿੱਤਾ ਤੇ ਅਸੀਂ ਵਿਦਾਈ ਲੈ ਕੇ ਘਰ ਨੂੰ

ਪਰਤੇ।

ਹਾਲੇ ਅੱਠ ਵੀ ਨਹੀਂ ਸਨ ਵੱਜੇ ਕਿ ਲੋਕ ਕਾਨਫਰੰਸ ਹਾਲ ਵਿੱਚ ਕੱਠੇ ਹੋਣੇ ਸ਼ੁਰੂ ਹੋ ਗਏ। ਸਾਡੇ ਖਾਣਾ ਖਾਂਦਿਆਂ ਨੂੰ ਤਾਂ ਹਾਲ ਫੁੱਲ ਹੋ ਗਿਆ। ਯੂਨੀਵਰਸਿਟੀ ਕੈਂਪਸ ਵਿੱਚ ਡਰਾਮਾ ਪੇਸ਼ ਕਰਨ ਵਾਲੇ ਸਾਰੇ ਮੁੰਡੇ ਵੀ ਆ ਪੁੱਜੇ ਸਨ। ਮੁਮਤਾਜ਼ ਸਾਹਿਬ ਦੇ ਵਾਲਦ ਮੁਹਤਰਿਮ ਦੀ ਆਦਮ ਕੱਦ ਤਸਵੀਰ ਦੇ ਕੋਲ ਅਸੀਂ ਵੀ ਪੰਜੇ ਬੈਠ ਗਏ। ਕਈ ਗਵੱਈਏ ਵੀ ਆਏ ਹੋਏ ਸਨ।

ਮਹਿਫ਼ਲ ਦਾ ਆਰੰਭ ਮੁਮਤਾਜ਼ ਸਾਹਿਬ ਨੇ ਇਹਨਾਂ ਸ਼ਬਦਾਂ ਨਾਲ ਕੀਤਾ, 'ਪਿਆਰੇ ਦੋਸਤੋ ! ਸਾਡੇ ਘਰ ਤਸ਼ਰੀਫ ਲਿਆਉਣ ਦਾ ਤਹਿ ਦਿਲੋਂ ਸ਼ੁਕਰੀਆ। ਅੱਜ ਸਭ ਤੋਂ ਪਹਿਲਾਂ ਤਲਾਵਤੇ ਕੁਰਾਨ ਮੀਆਂ ਅਸ਼ਰਫ਼ ਸਾਹਿਬ ਕਰਨਗੇ (ਯਾਦ ਰਹੇ ਕਿ ਪਾਕਿਸਤਾਨ ਵਿੱਚ ਹਰ ਮਹਿਫ਼ਲ, ਹਰ ਪ੍ਰੋਗਰਾਮ ਕੁਰਾਨ ਸ਼ਰੀਫ਼ ਦੀਆਂ ਕੁੱਝ ਆਇਤਾਂ ਪੜ੍ਹ ਕੇ ਹੀ ਸ਼ੁਰੂ ਕੀਤਾ ਜਾਂਦਾ ਹੈ ਤੇ ਜਿੱਥੇ ਵੀ ਅਸੀਂ ਗਏ, ਏਸੇ ਤਰ੍ਹਾਂ ਹੀ ਹੋਇਆ) ਮੁਮਤਾਜ਼ ਸਾਹਿਬ ਨੇ ਗੱਲ ਜਾਰੀ ਰੱਖਦਿਆਂ ਆਖਿਆ ਕਿ ਸਭ ਤੋਂ ਪਹਿਲਾਂ ਸਾਡੇ ਮਹਿਮਾਨ ਆਪਣੀ ਗੱਲ ਕਰਨਗੇ, ਬਾਅਦ ਵਿੱਚ ਗ਼ਜ਼ਲਾਂ, ਗੀਤਾਂ ਦੀ ਵਾਰੀ ਆਏਗੀ।'

ਸਭ ਤੋਂ ਪਹਿਲਾਂ ਰਮਨਦੀਪ ਨੇ ਆਪਣੀ ਨਜ਼ਮ ਬੋਲੀ। ਫੇਰ ਗੁਰਤੇਜ ਕੁਹਾਰ ਨੇ ਆਪਣੀ ਰਚਨਾ ਸੁਣਾਈ। ਬਾਅਦ ਵਿੱਚ ਅਸਾਂ ਤਿੰਨਾਂ ਨੇ ਆਪਣੀ ਗੱਲ ਕੀਤੀ। ਆਉਣ ਵਾਲੇ ਸੱਜਣਾਂ ਦਾ ਏਥੇ ਆਉਣ ਦਾ ਧੰਨਵਾਦ ਕੀਤਾ। ਆਪਣੇ ਬਾਰੇ ਥੋੜ੍ਹਾ ਥੋੜ੍ਹਾ ਦੱਸਿਆ।

ਮੌਸੀਕੀ ਦੀ ਮਹਿਫ਼ਲ ਸ਼ੁਰੂ ਹੋਈ। ਜਿਸ ਵਿੱਚ ਗੁਜਰਾਂ ਵਾਲੇ ਦੇ ਉਘੇ ਗ਼ਜ਼ਲਗੋ ਆਏ ਹੋਏ ਸਨ। ਹਾਰਮੋਨੀਅਮ ਉਹ ਖੁਦ ਵਜਾ ਰਹੇ ਸਨ। ਤਬਲਾ ਇੱਕ ਅਲੂਆਂ ਨੌਜਵਾਨ ਖੂਬ ਚੰਗੀ ਤਰ੍ਹਾਂ ਵਜਾ ਰਿਹਾ ਸੀ। ਖੂਬ ਰੰਗ ਬੱਝਾ, 'ਗਾਲਿਬ ਤੇ ਜ਼ੌਕ' ਦੀਆਂ ਗ਼ਜ਼ਲਾਂ ਤੇ ਸ਼ਿਵ ਕੁਮਾਰ ਦੇ ਪੁਰ-ਸੋਜ਼ ਗੀਤ ਸੁਣਾਏ ਜਾ ਰਹੇ ਸਨ।

ਮੈਂ ਸੋਚ ਰਿਹਾ ਸਾਂ, ਸ਼ਾਇਰ ਦਾ ਕੋਈ ਵੱਖਰਾ ਮੁਲਕ ਨਹੀਂ, ਕੋਈ ਵੱਖਰਾ ਮਜ਼ਹਬ ਨਹੀਂ, ਸਾਰੇ ਹੀ ਮੁਲਕ ਉਸਦੇ ਆਪਣੇ ਹਨ, ਸਾਰੇ ਹੀ ਮਜ਼ਹਬਾਂ ਦਾ ਉਹ ਪੈਰੋਕਾਰ ਹੁੰਦਾ ਹੈ।

ਸ਼ਿਵ ਦੇ ਗੀਤਾਂ ਦੀਆਂ ਫਰਮਾਇਸ਼ਾਂ ਬਰਾਬਰ ਆ ਰਹੀਆਂ ਸਨ ਤੇ ਗਾਇਕ ਸੱਜਣ ਸਭ ਫਰਮਾਇਸ਼ਾਂ ਪੂਰੀਆਂ ਕਰ ਰਹੇ ਸਨ। ਲੋਕ ਸਾਰੇ ਮੌਸੀਕੀ (ਸੰਗੀਤ) ਦੇ ਵਹਿਣ ਵਿੱਚ ਵਹਿ ਕੇ ਝੂਲ ਰਹੇ ਸਨ।

ਮੁਮਤਾਜ਼ ਸਾਹਿਬ ਨੇ ਐਲਾਨ ਕੀਤਾ ਕਿ ਹੁਣ ਸਾਡੇ ਸ਼ਹਿਰ ਦਾ ਮਸ਼ਹੂਰ ਗਵੱਈਆ ਮੀਆਂ ਧੀਦੋ ਰਾਂਝਾ ਆਪਣਾ ਗੀਤ ਗਾਏਗਾ। ਇਹਦਾ ਨਾਂ ਤਾਂ ਮੈਂ ਵੀ ਨਹੀਂ ਜਾਣਦਾ ਕਹਿੰਦੇ ਨੇ 'ਰਾਂਝਾ' ਗੀਤ ਗਾਣ ਕਰਕੇ ਇਹਦਾ ਨਾਂ ਹੀ ਧੀਦੋ ਪੈ ਗਿਆ ਹੈ, ਲੌ ਸੁਣੋ। ਪਤਲੇ ਜਹੇ ਜੁੱਸੇ ਦਾ ਇੱਕ ਨੌਜਵਾਨ ਉਠਿਆ ਤੇ ਉਸ ਗਾਉਣਾ ਸ਼ੁਰੂ ਕੀਤਾ।

'ਖੇੜੇ ਲੈ ਚੱਲੇ ਆਪਣੇ ਨਾਲ ਧੀਦੋ ਮੈਨੂੰ ਆਪ ਰੱਖ ਲੈ।'

ਕਿਆ ਆਵਾਜ਼ ਤੇ ਕੈਸਾ ਸੋਜ਼ ਸੀ, ਉਸ ਮੁੰਡੇ ਦੇ ਗਲੇ ਵਿੱਚ। ਸਾਰੀ ਮਹਿਫ਼ਲ

ਇਸ ਗੀਤ ਦੇ ਤਾਲ ਤੇ ਝੂਮ ਰਹੀ ਸੀ। ਇੱਕ ਮਸਤੀ ਦਾ ਆਲਮ ਸੀ ਸਾਰੀ ਮਹਿਫ਼ਲ।

ਆਖ਼ਰ ਵਿੱਚ ਮੁਮਤਾਜ਼ ਸਾਹਿਬ ਨੇ ਮਹਿਫ਼ਲ ਵਿੱਚ ਆਇਆਂ ਦਾ ਫੇਰ ਸ਼ੁਕਰੀਆ ਅਦਾ ਕੀਤਾ। ਮਹਿਫ਼ਲ ਬਰਖਾਸਤ ਹੋਈ ਤੇ ਅਸੀਂ ਆਪਣੇ ਕਮਰੇ ਵਿੱਚ ਜਾ ਕੇ ਹਾਲੇ ਸੌਣ ਹੀ ਲੱਗੇ ਸਾਂ ਕਿ ਇੱਕ ਕਾਫੀ ਮੋਟੇ ਸਰੀਰ ਵਾਲਾ ਨੌਜਵਾਨ ਸਾਡੇ ਕੋਲ ਆ ਬੈਠਾ। ਕਹਿਣ ਲੱਗਾ ਕਿ ਕਲ੍ਹ ਨੂੰ ਸਾਡੇ ਕੋਲ ਜ਼ਰੂਰ ਤਸ਼ਰੀਫ ਲਿਆਓ ਬਾਬਾ ਜੀ, ਮੇਰਾ ਪਿੰਡ 'ਸਤਰਾਹ' ਏ, ਮੇਰੇ ਭਾਈ ਮੁਹੰਮਦ ਸਈਦ ਵੀ ਆਏ ਹੋਏ ਨੇ।

'ਸਾਡੀ ਡੋਰ ਤਾਂ ਮਿੱਤਰਾ ਮੁਮਤਾਜ਼ ਸਾਹਿਬ ਹੱਥ ਹੈ, ਉਹਨਾਂ ਨੇ ਹੀ ਜਿੱਧਰ ਉਹ ਚਾਹੁਣ ਸਾਨੂੰ ਲੈ ਕੇ ਜਾਣਾ ਹੈ, ਉਨ੍ਹਾਂ ਨਾਲ ਪ੍ਰੋਗਰਾਮ ਬਣਾ ਲੌ।' ਕਿਸਾਨ ਹੁਰਾਂ ਲੰਮੇ ਪੈਂਦਿਆਂ ਆਖਿਆ। ਸਾਰਾ ਦਿਨ ਫਿਰ ਫਿਰ ਕੇ ਕਾਫ਼ੀ ਥੱਕ ਗਏ ਸਾਂ।

ਉਹ ਨੌਜਵਾਨ ਬਾਹਰ ਚੱਲਾ ਗਿਆ ਤੇ ਸਾਡੇ ਮੇਜ਼ਬਾਨ ਨਾਲ ਵਾਹਵਾ ਚਿਰ ਬਹਿਸ ਕਰਕੇ ਮਨਾ ਹੀ ਲਿਆ।

ਮੁਮਤਾਜ਼ ਸਾਹਿਬ ਨੂੰ ਮੈਂ ਆਖਣੋਂ ਨਾ ਰਹਿ ਸਕਿਆ, 'ਬਾਬਾ ! ਮੇਰੇ ਪਿੰਡ 'ਲਾਲੇਪੁਰ' ਦਾ ਦੌਰਾ ਨਾ ਕੱਟ ਦਿਆ ਜੇ।'

'ਨਹੀਂ ਨਹੀਂ ਬਾਬਾ ਜੀ ਸਭ ਕੁੱਝ ਠੀਕ ਹੋ ਜਾਏਗਾ, ਕੀ ਕਰੀਏ ਪ੍ਰੇਮ ਅੱਗੇ ਨੇਮ ਨਹੀਂ ਰਹਿੰਦਾ, ਸਤਰਾਹ ਵਾਲੇ ਬੜਾ ਮਜ਼ਬੂਰ ਕਰ ਰਹੇ ਹਨ, ਚੰਗਾ ਹੁਣ ਸੌਂ ਜਾਓ। ਸੁਬ੍ਹਾ ਅੱਲ੍ਹਾ ਮੀਆਂ ਜੋ ਕਰੇਗਾ ਠੀਕ ਹੀ ਹੋਵੇਗਾ। ਘੜੀ ਵੱਲ ਵੇਖਿਆ ਤਾਂ ਉਹ ਦੋ ਵਜਾ ਰਹੀ ਸੀ। ਅਸੀਂ ਬਤੀ ਬੰਦ ਕੀਤੀ ਤੇ ਸੌਂ ਗਏ।

## 13.04.2007

ਕੁਵੇਲੇ ਸੌਣ ਕਰਕੇ ਕੁੱਝ ਕੁਵੇਲੇ ਹੀ ਜਾਗੇ, ਕਾਹਲੀ ਕਾਹਲੀ ਇਸ਼ਨਾਨ ਪਾਣੀ ਕੀਤਾ ਤੇ ਤਿਆਰ ਹੋ ਗਏ ਠੀਕ ਦਸ ਵਜੇ।

'ਬਾਬਿਓ ! ਤੁਸੀਂ ਤਾਂ ਤਿਆਰ ਬੈਠੇ ਓ, ਸਮਝ ਨਹੀਂ ਆਉਂਦੀ ਤੁਸੀਂ ਸੌਂਦੇ ਕਿਹੜੇ ਵੇਲੇ ਹੋ। ਮੁਮਤਾਜ਼ ਸਾਹਿਬ ਕਹਿ ਰਹੇ ਸਨ, ਅੱਛਾ ਅੱਜ ਸਾਡਾ ਫੇਰ ਬੜਾ ਮਸਰੂਫ ਦਿਨ ਹੋਏਗਾ।'

'ਪਿਆਰੇ ਦੋਸਤ ਸਾਨੂੰ ਅੱਜ ਛੁੱਟੀ ਦੁਆ ਦਿਓ, ਅਸੀਂ ਤੁਹਾਡੇ ਦਿੱਤੇ ਸਤਿਕਾਰ ਸਨਮਾਨ ਨਾਲ ਏਨੇ ਭਰਪੂਰ ਹੋ ਗਏ ਹਾਂ ਕਿ ਹੋਰ ਕੁੱਝ ਵੀ ਸਾਡੇ ਵਿੱਚ ਪੈਣ ਜੋਗੀ ਜਗਾਹ ਨਹੀਂ ਰਹੀ।' ਕਿਸਾਨ ਹੁਰਾਂ ਤਰਲਾ ਲਿਆ।

ਮੁਮਤਾਜ਼ ਭੱਜ ਕੇ ਬਾਹਰੋਂ ਡਾਂਗ ਚੁੱਕ ਲਿਆਇਆ ਤੇ ਬੜੇ ਹਾਸੇ ਭਰੇ ਰੋਹਬ ਨਾਲ ਆਖਣ ਲੱਗਾ, 'ਓਏ ਸਿੱਖੋ ! ਨਿਕਲੋ ਤਾਂ ਸਹੀ ਬਾਹਰ, ਵੇਖਣਾ ਤੁਸੀਂ ਕਿਵੇਂ ਜਾਂਦੇ ਓ ਆਪਣੇ ਘਰ।'

ਅਸੀਂ ਹੱਸਣ ਲੱਗ ਪਏ। ਬਲੀ ਸਿੰਘ ਨੇ ਆਖਿਆ ਕਿ ਅਸਲ ਗੱਲ ਇਹ ਹੈ ਕਿ 'ਅਸਾਂ ਵਿਸਾਖੀ ਤੇ ਭੈਣੀ ਸਾਹਿਬ ਮੇਲੇ ਤੇ ਜ਼ਰੂਰ ਪਹੁੰਚਣਾ ਏ, ਵਸਾਖੀ ਏ। ਨਾਮਧਾਰੀਆਂ ਵਲੋਂ ਡੇਢ ਸੌ ਸਾਲਾ ਦਿਨ ਮਨਾਇਆ ਜਾ ਰਿਹਾ ਏ। ਸ੍ਰੀ ਸਤਿਗੁਰੂ ਰਾਮ

ਸਿੰਘ ਜੀ ਨੇ ਅਠਾਰਾਂ ਸੌ ਸਤਵੰਜਾ ਨੂੰ ਏਸੇ ਦਿਨ ਆਜ਼ਾਦੀ ਦੀ ਜੰਗ ਛੇੜੀ ਸੀ।'

'ਚੰਗਾ ਬਾਬਾ ਚੰਗਾ, ਉਠੋ ਨਾਸ਼ਤਾ ਤਾਂ ਕਰੋ, ਫੇਰ ਵੇਖਾਂਗੇ, ਕੀ ਕਰਨਾ ਏ।' ਮੁਮਤਾਜ਼ ਸਾਡੇ ਅੱਗੇ ਲੱਗ ਤੁਰਿਆ।

ਅਸੀਂ ਸਾਰੇ ਖਾਣੇ ਦੀ ਮੇਜ਼ ਤੇ ਬੈਠ ਗਏ। ਗੁਰਤੇਜ ਤੇ ਰਮਨਦੀਪ ਅੱਗੇ ਹੀ ਬੈਠੇ ਸਨ। ਨਿੱਕੀਆਂ ਗੱਲਾਂ ਕਰਦਿਆਂ ਨਾਸ਼ਤਾ ਸ਼ੁਰੂ ਕੀਤਾ। ਮੁਮਤਾਜ਼ ਜਲਦੀ ਨਾਲ ਉਠੇ ਤੇ ਅੰਦਰ ਚਲੇ ਗਏ। ਵਾਪਸ ਆਏ ਤਾਂ ਉਹਨਾਂ ਦੇ ਹੱਥ ਵਿੱਚ ਕੁੱਲੇ ਤੇ ਬੱਝੀ ਪਗੜੀ ਸੀ। ਜਲਦੀ ਜਲਦੀ ਆਏ ਤੇ ਕਿਸਾਨ ਹੁਰਾਂ ਦੇ ਪੈਰਾਂ ਤੇ ਰੱਖ ਦਿੱਤੀ। ਵਾਸਤਾ ਜੇ ਏਸ ਪੱਗ ਦਾ ਅੱਜ ਨਾ ਜਾਇਓ। ਸਿਰਫ਼ ਇੱਕ ਦਿਨ ਦੇ ਦਿਓ, ਮੁਮਤਾਜ਼ ਦੀਆਂ ਅੱਖਾਂ ਵਿੱਚ ਅੱਥਰੂ ਸਨ।'

ਅਸੀਂ ਸਾਰੇ ਹੀ ਹੈਰਾਨ ਹੋ ਕੇ ਵੇਖ ਰਹੇ ਸਾਂ। ਕਿਸਾਨ ਹੁਰਾਂ ਪੱਗ ਹੱਥ ਵਿੱਚ ਫੜ ਲਈ ਤੇ ਉਸਨੂੰ ਜੱਫ਼ੀ ਵਿੱਚ ਲੈ ਲਿਆ। ਸਾਡੀਆਂ ਸਭ ਦੀਆਂ ਅੱਖਾਂ ਆਬਦੀਦਾ (ਗਿੱਲੀਆਂ) ਸਨ, ਬੁਲ੍ਹ ਫੁਰਕ ਰਹੇ ਸਨ।

'ਕਿਸਾਨ ਅੱਜ ਨਹੀਂ ਜਾਵਾਂਗੇ। ਭਾਵੇਂ ਸਾਡਾ ਘਿਓ ਦਾ ਕੁੱਪਾ ਡੁਲ੍ਹ ਜਾਵੇ। ਮੈਂ ਡੁਸਕਦੇ ਹੋਏ ਆਖਿਆ। ਆਪਾਂ ਇਹਨਾਂ ਦੀ ਪਿਆਰ ਕੈਦ ਇੱਕ ਦਿਨ ਹੋਰ ਭੁਗਤਾਂਗੇ। ਮੈਂ ਕਿਸਾਨ ਹੁਰਾਂ ਨੂੰ ਆਖਿਆ ਅਸੀਂ ਸਾਰੇ ਸਮੇਤ ਮੁਮਤਾਜ਼ ਉਚੀ ਉਚੀ ਹੱਸਣ ਲੱਗ ਪਏ।'

ਬਾਹਰ ਆਏ ਕਾਰ ਤਿਆਰ ਖੜ੍ਹੀ ਸੀ। ਅਸੀਂ ਚੁੱਪ ਕਰਕੇ ਬੈਠ ਗਏ। ਘਰੋਂ ਬਾਹਰ ਆਉਂਦਿਆਂ ਮੁਮਤਾਜ਼ ਨੇ ਕਿਹਾ, ਅੱਜ ਆਪਾਂ ਪਹਿਲਾਂ ਦੇ ਖਾਲਸਾ ਕਾਲਜ ਤੇ ਹੁਣ ਦੇ ਇਸਲਾਮੀਆ ਕਾਲਜ ਜ਼ਰੂਰ ਚੱਲਣਾ ਏ। ਕਾਲਜ ਦਾ ਸਟਾਫ ਤੇ ਪ੍ਰਿੰਸੀਪਲ ਸਾਡਾ ਇੰਤਜਾਰ ਕਰ ਰਹੇ ਨੇ।'

'ਅੱਛਾ ਸਰਕਾਰ ਅਸੀਂ ਤਾਂ ਬਿਲਟੀਆਂ ਹੀ ਹਾਂ, ਜਿੱਥੇ ਜਾਓਗੇ ਚੱਲਾਂਗੇ, ਕੁੱਝ ਨਹੀਂ ਬੋਲਾਂਗੇ। ਕਾਰ ਇੱਕ ਫੁੱਲ ਵਾਲੇ ਦੀ ਦੁਕਾਨ ਤੇ ਖੜ੍ਹੀ ਹੋਈ। ਮੁਮਤਾਜ਼ ਹੁਰਾਂ ਇੱਕ ਕਿਲੋ ਫੁੱਲ ਲਏ, ਇੱਕ ਹਰੀ ਚਾਦਰ ਲਈ ਤੇ ਤੁਰ ਪਏ। ਕਾਰ ਵਿੱਚ ਉਹਨਾਂ ਦੱਸਿਆ ਕਿ ਰਾਹ ਵਿੱਚ ਮੇਰੇ ਮੁਹਤਰਮ ਅੱਬਾ ਜਾਨ ਦੀ ਕਬਰ ਆਉਂਦੀ ਹੈ। ਕੋਲੋਂ ਦੀ ਲੰਘਦੇ ਅਸੀਂ ਕਦੇ ਵੀ ਖਾਲੀ ਨਹੀਂ ਜਾਂਦੇ, ਫੁੱਲ ਤੇ ਚਾਦਰ ਚੜ੍ਹਾ ਕੇ ਹੀ ਜਾਂਦੇ ਹਾਂ।'

ਕਬਰਸਤਾਨ ਵਿੱਚ ਇਹਨਾਂ ਦੇ ਪਰਵਾਰ ਦੀ ਮਖ਼ਸੂਸ ਜਗ੍ਹਾ ਵਿੱਚ ਇੱਕ ਕਬਰ ਤੇ ਅਸਾਂ ਫੁੱਲ ਚੜ੍ਹਾਏ ਤੇ ਚਾਦਰ ਚੜ੍ਹਾਈ। ਮੁਮਤਾਜ਼ ਸਾਹਿਬ ਨੇ ਫਾਤਿਹਾ ਪੜ੍ਹਿਆ। ਉਹਨਾਂ ਦੀਆਂ ਅੱਖਾਂ ਵਿੱਚ ਫੇਰ ਅੱਥਰੂ ਆ ਗਏ। ਕਿੰਨਾ ਪਿਆਰ ਸੀ ਆਪਣੇ ਵਾਲਦ ਸਾਹਿਬ ਨਾਲ ਇਹਨਾਂ ਸਾਰਿਆਂ ਨੂੰ।

ਅਸੀਂ ਖਾਲਸਾ ਕਾਲਜ ਪੁੱਜੇ ਤਾਂ ਪ੍ਰਿੰਸੀਪਲ ਸਮੇਤ ਸਾਰਾ ਸਟਾਫ ਕਾਲਜ ਦੇ ਬੂਹੇ ਅੱਗੇ ਖੜ੍ਹਾ ਸੀ ਸਾਡੀ ਇੰਤਜ਼ਾਰ ਵਿੱਚ। ਗਲੀਂ ਹਾਰ ਪਾ ਕੇ ਤੇ ਘੁਟ ਘੁਟ ਜੱਫ਼ੀਆਂ ਪਾ ਕੇ ਸਾਡਾ ਸੁਆਗਤ ਕੀਤਾ ਗਿਆ। ਇੱਕ ਹਾਲ ਵਿੱਚ ਅਸੀਂ ਸਾਰੇ ਕੁਰਸੀਆਂ ਤੇ ਬੈਠ ਗਏ। ਪ੍ਰਿੰਸੀਪਲ ਸਾਹਿਬ ਨੇ ਸੰਖੇਪ ਸ਼ਬਦਾਂ ਵਿੱਚ ਸਾਡਾ ਸੁਆਗਤ ਕੀਤਾ। ਏਸ ਕਾਲਜ

ਦਾ ਸੰਖਿਪਤ ਇਤਿਹਾਸ ਦੱਸਿਆ। ਸਾਨੂੰ ਵੀ ਕੁੱਝ ਨਾ ਕੁੱਝ ਕਹਿਣ ਲਈ ਕਿਹਾ ਗਿਆ।

ਕਿਸਾਨ ਹੁਰਾਂ ਸਾਰਿਆਂ ਦਾ ਸ਼ੁਕਰੀਆ ਅਦਾ ਕਰਦਿਆਂ ਆਖਿਆ ਕਿ 'ਅਸੀਂ ਬੜੇ ਖੁਸ਼ ਕਿਸਮਤ ਹਾਂ ਜੋ ਤੁਸਾਂ ਸਾਨੂੰ ਏਨਾਂ ਮਾਨ ਸਤਿਕਾਰ ਦਿੱਤਾ ਏ। ਏਸ ਕਾਲਜ ਵਿਚੋਂ ਹਜ਼ਾਰਾਂ ਹਿੰਦੂ ਸਿੱਖ ਪੜ੍ਹੇ ਹੋਏ ਵੱਡੇ ਵੱਡੇ ਅਫਸਰ ਲੱਗੇ ਹੋਏ ਹਨ। ਗੁਜ਼ਰਾਂ ਵਾਲਾ ਖਾਲਸਾ ਕਾਲਜ ਅੱਜ ਵੀ ਲੁਧਿਆਣੇ (ਭਾਰਤ) ਵਿੱਚ ਚੱਲ ਰਿਹਾ ਏ।' ਗੁਰਤੇਜ ਕੁਹਾਰ ਤੇ ਰਮਨ ਦੀਪ ਨੇ ਆਪਣੀਆਂ ਕਵਿਤਾਵਾਂ ਸੁਣਾਈਆਂ। ਮੈਂ ਦੱਸਿਆ ਕਿ 'ਮੇਰੇ ਵਾਲਦ ਸਾਹਿਬ (ਪਿਤਾ ਜੀ) ਮੁਹਤਰਮ (ਸਤਿਕਾਰਯੋਗ) ਸ੍ਰ. ਕਰਤਾਰ ਸਿੰਘ ਜੀ ਵੀ ਖਾਲਸਾ ਕਾਲਜ ਵਿੱਚ ਪੜ੍ਹਦੇ ਰਹੇ ਹਨ। ਮੈਂ ਵੀ ਕੁੱਝ ਚਿਰ ਏਥੇ ਪੜ੍ਹਿਆ ਸਾਂ। ਫਿਰ ਮੈਨੂੰ ਗੌਰਮਿੰਟ ਸਕੂਲ ਵਿੱਚ ਦਾਖਲਾ ਲੈਣਾ ਪਿਆ। ਬਲੀ ਸਿੰਘ ਹੁਰਾਂ ਵੀ ਸੰਖੇਪ ਵਿੱਚ ਆਪਣੇ ਖ਼ਿਆਲਾਤ ਰੱਖੇ।

ਨਿੱਕਾ ਜਿਹਾ ਸੁਆਗਤੀ ਸਮਾਰੋਹ ਖਤਮ ਹੋਇਆ। ਪ੍ਰਿੰਸੀਪਲ ਸਾਹਿਬ ਤੇ ਸਟਾਫ ਸਾਨੂੰ ਆਪਣੇ ਆਫਿਸ ਵਿੱਚ ਲੈ ਗਏ। ਓਥੇ ਕਾਲਜ ਦੇ ਮੋਢੀਆਂ ਦੇ ਨਾਮ ਲਿਖੇ ਸਨ - ਸ੍ਰ. ਹੀਰਾ ਸਿੰਘ ਦਰਦ, ਪ੍ਰਿੰਸੀਪਲ ਜੋਧ ਸਿੰਘ, ਬਾਵਾ ਸੁੰਦਰ ਸਿੰਘ ਆਦਿ। ਸੰਤਾਲੀ ਤੋਂ ਪਹਿਲਾਂ ਤੇ ਹੁਣ ਵਾਲੇ ਪ੍ਰਿੰਸੀਪਲਾਂ ਦੇ ਨਾਮ ਅਸਾਂ ਪੜ੍ਹੇ। ਕਾਫੀ ਸਿੱਖ ਵਿਦਵਾਨਾਂ ਦੀਆਂ ਤਸਵੀਰਾਂ ਲੱਗੀਆਂ ਸਨ।

ਮੇਨ ਗੇਟ ਤੱਕ ਸਾਨੂੰ ਵਿਦਾਇਗੀ ਦੇਣ ਆਏ ਸਾਰਾ ਸਟਾਫ ਤੇ ਪ੍ਰਿੰਸੀਪਲ ਸਾਹਿਬ। ਕਾਰ ਵਿੱਚ ਬੈਠ ਕੇ ਮੈਂ ਪੁੱਛਿਆ, ''ਹੁਣ ਅਸਾਂ ਕਿੱਧਰ ਜਾਣਾ ਏ ਪਿਆਰੇ ਸਈਯਾਦ ਸਾਹਿਬ (ਕੈਦ ਕਰਨ ਵਾਲਾ), ਮੇਰਾ ਮਤਲਬ ਏ ਮੁਮਤਾਜ਼ ਸਾਹਿਬ।''

'ਆਪਾਂ ਹੁਣ ਤੁਹਾਡੇ ਸਕੂਲ ਜਾਣਾ ਏ ਪਿਆਰ ਪਿੰਜਰੇ ਵਿੱਚ ਕੈਦ ਪੰਛੀ ਜੀਓ, ਮੁਮਤਾਜ਼ ਸਾਹਿਬ ਕਹਿ ਰਹੇ ਸਨ। ਮੈਨੂੰ ਰਾਹ ਵਿੱਚ ਯਾਦ ਆਇਆ ਕਲ੍ਹ ਜਦੋਂ ਅਸੀਂ ਡੀ.ਸੀ. ਸਾਹਿਬ ਦੇ ਨਿਵਾਸ ਤੇ ਗਏ ਤਾਂ ਮੈਂ ਪਿਛਲੇ ਬਿਆਨ ਵਿੱਚ ਉਹ ਦਰਜ ਕਰਨਾ ਹੀ ਭੁੱਲ ਗਿਆ ਸਾਂ।

ਕਲ੍ਹ ਜਦੋਂ ਅਸੀਂ ਕਈ ਸਕੂਲਾਂ ਵਿਚੋਂ ਹੋ ਕੇ ਆ ਰਹੇ ਸਾਂ ਤਾਂ ਮੁਮਤਾਜ਼ ਹੁਰੀਂ ਸਾਨੂੰ ਡੀ.ਸੀ. ਸਾਹਿਬ ਦੇ ਘਰ ਲੈ ਗਏ। ਹੈਲਪ ਲਾਈਨ ਰਾਹੀਂ ਸ਼ਾਇਦ ਉਹਨਾਂ ਦਾ ਰਾਬਤਾ ਹੋ ਚੁੱਕਾ ਸੀ। ਡੀ.ਸੀ. ਸਾਹਿਬ ਮੇਨ ਗੇਟ ਤੇ ਸਾਡਾ ਇੰਤਜ਼ਾਰ ਕਰ ਰਹੇ ਸਨ। ਅਸੀਂ ਕਾਰਾਂ ਤੋਂ ਉਤਰੇ, ਮਾਮੂਲ ਵਾਂਗੂ ਡੀ.ਸੀ. ਸਾਹਿਬ ਸਾਨੂੰ ਬੜੇ ਤਪਾਕ ਨਾਲ ਜੱਫੀਆਂ ਪਾ ਪਾ ਕੇ ਕੇ ਮਿਲੇ। ਉਹਨਾਂ ਇਹ ਸ਼ਿਅਰ ਵੀ ਆਖਿਆ -

'ਵੁਹ ਆਏ ਹਮਾਰੇ ਘਰ ਮੇਂ ਖੁਦਾ ਕੀ ਕੁਦਰਤ ਹੈ।
ਕਭੀ ਹਮ ਉਨਕੋ ਦੇਖਤੇ ਹੈਂ ਕਭੀ ਖੁਦ ਕੋ ਦੇਖਤੇ ਹੈਂ।'

ਡਰਾਇੰਗ ਰੂਮ ਵਿੱਚ ਸਜੇ ਸੋਫ਼ਿਆਂ ਤੇ ਸਾਨੂੰ ਬਿਠਾਇਆ ਗਿਆ। ਸਾਡੇ ਮੇ ਜ਼ਬਾਨ ਨੇ ਸਾਡਾ ਸਾਰਿਆਂ ਦਾ ਤੁਆਰਫ਼ ਕਰਾਇਆ। ਡੀ.ਸੀ. ਸਾਹਿਬ ਵਾਰੀ ਵਾਰੀ ਸਾਡੇ ਨਾਲ ਹੱਥ ਮਿਲਾ ਰਹੇ ਸਨ।

ਗੁਰਤੇਜ ਕੁਹਾਰ ਤੇ ਰਮਨ ਨੇ ਆਪਣੀਆਂ ਨਜ਼ਮਾਂ ਸੁਣਾਈਆਂ। ਅਸਾਂ ਵੀ ਦੋ ਦੋ ਮਿੰਟ ਆਪਣੇ ਵਲੋਂ ਡੀ.ਸੀ. ਸਾਹਿਬ ਦਾ, ਸਾਨੂੰ ਆਪਣੇ ਘਰ ਬੁਲਾ ਕੇ ਸਤਿਕਾਰ ਕਰਨ ਦਾ ਧੰਨਵਾਦ ਕੀਤਾ।

ਉਠਣ ਲੱਗੇ ਤਾਂ ਡੀ.ਸੀ. ਸਾਹਿਬ ਨੇ ਕਿਹਾ ਖਾਣਾ ਤਿਆਰ ਹੈ ਖਾ ਕੇ ਹੀ ਜਾਣਾ ਪਏਗਾ। ਫਿਕਰ ਨਾ ਕਰਿਓ ਤੁਹਾਡੇ ਬਾਰੇ ਮੈਨੂੰ ਇਤਲਾਹ ਮਿਲ ਗਈ ਸੀ ਕਿ ਤੁਸੀਂ ਪਿਓਰ ਵੈਜ਼ੀਟੇਰੀਅਨ ਹੋ। ਸੋ ਖਾਣਾ ਬਿਲਕੁਲ ਸਬਜ਼ੀ ਵਾਲਾ ਹੀ ਹੈ। ਅਸਾਂ ਮਿੱਠੀਆਂ ਮਿੱਠੀਆਂ ਗੱਲਾਂ ਕਰਦਿਆਂ ਖਾਣਾ ਖਾਧਾ ਤੇ ਹੱਥ ਧੋ ਕੇ ਫਿਰ ਗੈਸਟ ਹਾਉਸ ਵਿੱਚ ਆ ਬੈਠੇ। ਡੀ.ਸੀ. ਸਾਹਿਬ ਨੇ ਕਿਸਾਨ ਹੁਰਾਂ ਨੂੰ ਪੁੱਛਿਆ, ਸਰਦਾਰ ਸਾਹਿਬ ! ਕੋਈ ਕੰਮ ਹੋਇਆ ਤਾਂ ਦੱਸਿਓ।'

ਕਿਸਾਨ ਹੁਰੀਂ ਹੁਣ ਖੜ੍ਹੇ ਹੋ ਗਏ ਤੇ ਆਖਣ ਲੱਗੇ, 'ਜਨਾਬ ਇੱਕ ਕੰਮ ਹੈ, ਜੇ ਕਰ ਦਿਓ ਤਾਂ।'

'ਦੱਸੋ ਬਾਦਸ਼ਾਹੋ।' ਝੱਕਦੇ ਕਿਉਂ ਹੋ ? ਡੀ.ਸੀ. ਸਾਹਿਬ ਨੇ ਉਤਸੁਕਤਾ ਨਾਲ ਪੁੱਛਿਆ।

'ਡੀ.ਸੀ. ਸਾਹਿਬ, ਸਾਨੂੰ ਮੁਮਤਾਜ਼ ਸਾਹਿਬ ਦੀ ਪਿਆਰ-ਕੈਦ ਵਿਚੋਂ ਰਿਹਾਈ ਦੁਆ ਦਿਓ।' ਕਿਸਾਨ ਹੁਰਾਂ ਮੁਮਤਾਜ਼ ਵੱਲ ਇਸ਼ਾਰਾ ਕਰਕੇ ਕਿਹਾ।

'ਡੀ.ਸੀ. ਸਾਹਿਬ ! ਏਸ ਤੋਂ ਪਹਿਲਾਂ ਮੇਰੀ ਅਪੀਲ ਹੈ ਕਿ ਇਹਨਾਂ ਨੂੰ ਇੱਕ ਮਹੀਨੇ ਲਈ ਕੈਦ ਕਰਕੇ ਮੇਰੀ ਕੋਠੀ ਵਿੱਚ ਬੰਦ ਕਰ ਦਿਓ।' ਮੁਮਤਾਜ਼ ਵਕੀਲ ਬਣਿਆ ਆਪਣੀ ਅਪੀਲ ਆਪ ਕਰ ਰਿਹਾ ਸੀ।

ਸਾਰੇ ਹੱਸਣ ਲੱਗ ਪਏ। ਕਾਫੀ ਦੇਰ ਨੋਕ ਝੋਕ ਹੁੰਦੀ ਰਹੀ ਤੇ ਅਸਾਂ ਡੀ.ਸੀ. ਸਾਹਿਬ ਤੋਂ ਵਿਦਾ ਲਈ।

ਹਾਂ, ਤੇ ਸਾਡੀ ਕਾਰ ਗੌਰਮਿੰਟ ਸਕੂਲ ਅੱਗੇ ਜਾ ਖੜ੍ਹੀ ਹੋਈ। ਮੈਂ ਆਪਣਾ ਪੁਰਾਣਾ ਸਕੂਲ ਦੇਖ ਕੇ ਭਾਵੁਕ ਹੋ ਗਿਆ। ਏਸੇ ਗੇਟ ਅੱਗੇ ਹੀ ਮੇਰੇ ਪਿਤਾ ਜੀ ਸ੍ਰ. ਕਰਤਾਰ ਸਿੰਘ ਜੀ ਮੈਨੂੰ ਦਾਖਲ ਕਰਾਉਣ ਆਏ ਸਨ। ਜਦੋਂ ਹੈਡ ਮਾਸਟਰ ਸਾਹਿਬ ਨੇ ਇੱਕ ਵੇਰਾਂ ਤਾਂ ਸਾਲ ਦੇ ਅੱਧ ਵਿੱਚ ਦਾਖਲ ਕਰਨ ਤੋਂ ਨਾਹ ਕਰ ਦਿੱਤੀ, ਪਰ ਇੱਕ ਮਾਸਟਰ ਜੀ ਨੇ ਜ਼ੋਰ ਦੇ ਕੇ ਮੇਰਾ ਦਾਖਲਾ ਕਰਾ ਦਿੱਤਾ। ਉਹਨਾਂ ਦਾ ਨਾਮ ਸ਼ਾਦੀਲਾਲ ਢੀਂਗੜਾ ਸੀ। ਬੜੇ ਮਿਹਰਬਾਨ ਉਸਤਾਦ ਸਨ। ਸਾਨੂੰ ਅੰਗਰੇਜ਼ੀ ਪੜ੍ਹਾਉਂਦੇ ਸਨ।

ਗੇਟ ਦੇ ਅੱਗੇ ਪ੍ਰਿੰਸੀਪਲ ਸਮੇਤ ਸਾਰਾ ਸਟਾਫ ਤੇ ਵੱਡੀਆਂ ਕਲਾਸਾਂ ਦੇ ਬੱਚੇ ਖੜ੍ਹੇ ਸਨ। ਸਾਡਾ ਫੁੱਲਾਂ ਦੇ ਹਾਰ ਪਾ ਕੇ ਸੁਆਗਤ ਕੀਤਾ। ਪ੍ਰਿੰਸੀਪਲ ਸਾਹਿਬ ਤਾਂ ਮਸਤਾਨੇ ਹੋਏ ਪਏ ਸਨ। ਡੇਲੀ ਐਕਸਪ੍ਰੈਸ ਦੇ ਨੁਮਾਇੰਦੇ ਤੇ ਫੋਟੋ ਗ੍ਰਾਫਰ ਵੀ ਪਹੁੰਚੇ ਹੋਏ ਸਨ।

'ਤੁਹਾਨੂੰ ਜਨਾਬ ਆਪਦਾ ਕਲਾਸ ਰੂਮ ਯਾਦ ਹੋਵੇਗਾ।' ਪ੍ਰਿੰਸੀਪਲ ਸਾਹਿਬ ਨੇ ਪੁੱਛਿਆ।

'ਕਿਉਂ ਨਹੀਂ, ਆਪਾਂ ਉਸ ਕਮਰੇ ਦੇ ਅੱਗੇ ਹੀ ਤਾਂ ਖੜ੍ਹੇ ਹਾਂ।' ਮੈਂ ਉੱਤਰ

ਦਿੱਤਾ। ਉਹ ਮੈਨੂੰ ਫੜਕੇ ਕਮਰੇ ਦੇ ਅੰਦਰ ਲੈ ਗਏ। ਮੈਂ ਤੀਜੀ ਲਾਈਨ ਵਿੱਚ ਪੰਜ ਨੰਬਰ ਟੇਬਲ 'ਤੇ ਜਾ ਕੇ ਬਹਿ ਗਿਆ। ਮੈਂ ਭਾਵੁਕ ਹੋ ਗਿਆ। ਮੇਰੀਆਂ ਅੱਖਾਂ ਚੋਂ ਅੱਥਰੂ ਤੇ ਬੁਲ੍ਹ ਫੁਰਕ ਰਹੇ ਸਨ। ਮੈਨੂੰ ਮੇਰੇ ਸਾਰੇ ਜਮਾਤੀ ਯਾਦ ਆਏ। ਮੇਰਾ ਡੈਸਕ ਮੇਟ ਅਨੋਖ ਸਿੰਘ ਵਿਰਕ ਯਾਦ ਆ ਗਿਆ। ਜੋ ਜਮਾਤ ਵਿੱਚ ਕੀ ਸਾਰੇ ਸਕੂਲ ਵਿੱਚੋਂ, ਕੱਦੋਂ ਵੱਡਾ ਸੀ। ਜ਼ਫਰੁਲਾ ਯਾਦ ਆਇਆ ਜੋ ਹਾਫਿਜਾਬਾਦ ਦਾ ਰਹਿਣ ਵਾਲਾ ਸੀ। ਸਕੂਲ ਵਿੱਚ ਕਦੇ ਵੀ ਸਲਵਾਰ ਪਾ ਕੇ ਨਹੀਂ ਸੀ ਆਉਂਦਾ, ਰੋਜ਼ ਹੀ ਡੰਡੇ ਵੀ ਖਾਂਦਾ ਪਰ ਆਪਣੀ ਗੱਲ ਤੇ ਅੜਿਆ ਰਿਹਾ। ਹਾਰ ਕੇ ਹੈਡ ਮਾਸਟਰ ਸਾਹਿਬ ਨੇ ਉਸ ਨੂੰ ਚਾਦਰ ਬੰਨ੍ਹ ਕੇ ਆਉਣ ਦੀ ਖੁਲ੍ਹ ਦੇ ਦਿੱਤੀ। ਜ਼ਫਰੁਲਾ ਵਨੀਕੇ ਤਾਰੜ ਦਾ ਰਹਿਣ ਵਾਲਾ ਤਾਰੜ ਜੱਟ ਸੀ। ਖੁਲ੍ਹਾ ਡੁਲ੍ਹਾ ਲਹਿੰਦੀ ਪੰਜਾਬੀ ਬੋਲਦਾ, ਸਲਵਾਰ ਉਸ ਨੇ ਬਣਵਾਈ ਵੀ ਪਰ ਉਹਨੂੰ ਵਿਚਾਰੇ ਨੂੰ ਤਾਂ ਨਾਲਾ ਬੰਨ੍ਹਣਾ ਵੀ ਨਹੀਂ ਸੀ ਆਉਂਦਾ। ਉਹਦੇ ਵੱਡੇ ਤਾਂ ਕੁੜਤਾ ਵੀ ਨਹੀਂ ਸਨ ਪਾਉਂਦੇ।

ਉਹਦੇ ਵਡਿਆਂ ਬਾਰੇ ਮੈਨੂੰ ਇੱਕ ਗੱਲ ਯਾਦ ਆਈ – ਇੱਕ ਚੌਧਰੀ ਕਿਤੇ ਸਿੱਖਾਂ ਦੀ ਬਰਾਤੇ ਗਿਆ, ਉਹਨਾਂ ਉਹਨੂੰ ਕੁੜਤਾ ਪੁਆ ਦਿੱਤਾ। ਘਰ ਆਇਆ ਤਾਂ ਸਾਰੇ ਉਹਨੂੰ ਹੈਰਾਨੀ ਨਾਲ ਆਖਣ ਲੱਗ ਪਏ ਸਨ। 'ਬਾਬਾ ਏਸ ਗੁਥਲੇ ਵਿੱਚ ਵੜ ਤਾਂ ਗਿਆ ਏਂ। ਨਿਕਲਸੇਂ ਤਾਂ ਪਤਾ ਲਗਸੀ।'

ਘਰਦਿਆਂ ਪੁੱਛਿਆ ਬਰਾਤ ਦੀ ਸੁਣਾ।

'ਕੀ ਸੁਨਾਵਾਂ, ਹੋਰ ਤਾਂ ਸਭ ਠੀਕ ਹੈ ਸਿੱਖਾਂ ਦਾ ਆਨੰਦ ਤਾਂ ਨਿਰਾ ਭੁੱਖ ਦਾ ਘਰ ਏ। ਅਸੀਂ ਕਤਾਰ ਵਿੱਚ ਬੈਠੇ ਖਾਣਾ ਖਾ ਰਹੇ ਸਾਂ। ਵਰਤਾਵਾ ਆਇਆ 'ਕੀਹ ਲੈਣਾ ਏ' ਮੇਰੇ ਨਾਲ ਦੇ ਨੇ ਆਖਿਆ ਅਨੰਦ ਜੀ, ਮੈਂ ਸਮਝਿਆ ਹੋਰ ਤਾਂ ਸਭ ਕੁੱਝ ਖਾਧਾ ਏ ਅਨੰਦ ਰਹਿ ਗਿਆ ਏ ਸੋ ਮੈਂ ਵੀ ਅਨੰਦ ਆਖ ਦਿੱਤਾ। ਉਸ ਭੈੜੇ ਤਾਂ ਸਾਡੇ ਦੋਹਾਂ ਦੇ ਅੱਗੋਂ ਥਾਲੀਆਂ ਹੀ ਚੁਕ ਲਈਆਂ ਤੇ ਮੈਂ ਅੱਧ ਭੁੱਖਾ ਹੀ ਰਹਿ ਗਿਆ। ਮੈਨੂੰ ਬਾਅਦ ਵਿੱਚ ਕਿਸੇ ਨੇ ਦੱਸਿਆ ਕਿ ਅਨੰਦ ਤਾਂ ਬੱਸ ਕਰਨ ਨੂੰ ਆਖਦੇ ਨੇ।

ਮੈਂ ਆਪਣੇ ਕਮਰੇ ਦੀਆਂ ਕੰਧਾਂ ਨੂੰ ਚੁੰਮਿਆ ਕਮਲਿਆਂ ਵਾਂਗ। ਸਾਰੇ ਮੇ ਰੀਆਂ ਹਰਕਤਾਂ ਵੱਲ ਵੇਖ ਕੇ ਹੈਰਾਨ ਹੋ ਰਹੇ ਸਨ। ਕਿਸਾਨ ਹੋਰਾਂ ਮੈਨੂੰ ਬਾਂਹੋਂ ਫੜਕੇ ਝੂਣਿਆ, 'ਮਾਸਟਰ ਹੋਸ਼ ਕਰ ਕੀਹ ਕਰ ਰਿਹਾ ਏਂ ?'

ਮੈਨੂੰ ਜਿਵੇਂ ਹੋਸ਼ ਆ ਗਈ। ਮੈਂ ਪ੍ਰਿੰਸੀਪਲ ਦੇ ਗੋਡਿਆਂ ਨੂੰ ਹੱਥ ਲਾਇਆ। 'ਮੇਰੇ ਮੁਹਤਰਮ ਹੈਡ ਮਾਸਟਰ ਸਾਹਿਬ ਕਾਜ਼ੀ ਮੁਨੀਰੁਦੀਨ ਦੀ ਥਾਂ ਤੁਸੀ ਹੋ। ਮੈਂ ਤੁਹਾਨੂੰ ਵੀ ਓਹੋ ਸਮਝਕੇ ਤੁਹਾਡਾ ਸਤਿਕਾਰ ਕਰਦਾ ਹਾਂ।'

ਪ੍ਰਿੰਸੀਪਲ ਮੁਹੰਮਦ ਮੁਸਤਫ਼ਾ 'ਜੱਜ' ਸਾਹਿਬ ਖੁਲ੍ਹ ਕੇ ਹੱਸੇ ਤੇ ਮੈਨੂੰ ਜੱਫ਼ੀ ਵਿੱਚ ਲੈ ਲਿਆ। ਸਾਰੇ ਬੱਚੇ ਤੇ ਸਟਾਫ ਹੈਰਾਨ ਹੋਏ ਏਸ ਅਜੀਬ ਮਿਲਣੀ ਨੂੰ ਵੇਖ ਰਹੇ ਸਨ।

'ਮੈਨੂੰ ਮੇਰਾ ਬੋਰਡਿੰਗ ਹਾਉਸ ਤਾਂ ਵਿਖਾਓ ਜੱਜਾ ਸਾਹਿਬ।' ਮੈਂ ਪ੍ਰਿੰਸੀਪਲ ਸਾਹਿਬ ਦਾ ਤਰਲਾ ਲਿਆ।

'ਜ਼ਰੂਰ ਜ਼ਰੂਰ ਆਪਾਂ ਓਧਰ ਹੀ ਜਾ ਰਹੇ ਹਾਂ।' ਉਹਨਾ ਆਖਿਆ।

ਅਸੀਂ ਵੱਡੇ ਹਾਲ ਵਿੱਚੋਂ ਲੰਘੇ ਤਾਂ ਮੈਨੂੰ ਯਾਦ ਆਇਆ ਕਿ ਏਸੇ ਹਾਲ ਵਿੱਚ ਹੀ ਸਾਡਾ ਇਮਤਿਹਾਨ ਹੁੰਦਾ ਸੀ, ਪੰਜਵੀਂ ਕਤਾਰ ਵਿੱਚ ਮੇਰੀ ਸੀਟ ਸੀ। ਭੋਏਂ ਤੇ ਹੀ ਟਾਟਾਂ ਤੇ ਬੈਠੇ ਸਾਂ।

ਹਾਲ ਚੋਂ ਬਾਹਰ ਨਿਕਲ ਕੇ ਫੁੱਲ ਬੂਟਿਆਂ ਵਿਚੋਂ ਲੰਘਦੇ ਹੋਏ ਅਸੀਂ ਬੋਰਡਿੰਗ ਹਾਊਸ ਦੇ ਸਾਹਮਣੇ ਖੜ੍ਹੇ ਸਾਂ। ਵੱਡੇ ਗੇਟ ਤੇ ਉਸੇ ਤਰ੍ਹਾਂ ਲਿਖਿਆ ਸੀ – **Govt. Bording House Gujranwala 1915**

ਅੰਦਰ ਜਾ ਕੇ ਮੈਂ ਆਪਣੀ ਡਾਰਮੀਟਰੀ ਵਿੱਚ ਭੱਜ ਕੇ ਜਾ ਵੜਿਆ। ਆਪਣੀ ਅਲਮਾਰੀ ਅੱਗੇ ਖੜ੍ਹਾ ਮੈਂ ਫੇਰ ਭਾਵੁਕ ਹੋ ਗਿਆ। ਨਾਲ ਦੀ ਅਲਮਾਰੀ ਵਾਲਾ ਚਮਨਲਾਲ ਯਾਦ ਆਇਆ, ਜਿਹੜਾ ਅਰੋੜਾ ਖੱਤਰੀ ਸੀ ਤੇ ਕਲਾਸ ਵਿਚ ਸਭ ਤੋਂ ਹੁਸ਼ਿਆਰ ਸੀ। ਵਿਚਾਰਾ ਫਸਾਦੀਆਂ ਹੱਥੋਂ ਓਦੋਂ ਹੀ ਮਾਰਿਆ ਗਿਆ।

ਬੋਰਡਿੰਗ ਹਾਊਸ ਦੇ ਇਨਚਾਰਜ ਜਨਾਬ ਸ਼ੌਕਤ ਅਲੀ ਯਾਦ ਆਏ। ਜੋ ਸਾਨੂੰ ਸ਼ਾਮ ਸਵੇਰੇ ਆਪਣੇ ਆਪਣੇ ਢੰਗ ਨਾਲ ਪੂਜਾ ਪਾਠ ਤੇ ਇਬਾਦਤ ਦੀਆਂ ਹਦਾਇਤਾਂ ਦਿੰਦੇ ਤੇ ਰਹਿਣ-ਸਹਿਣ ਦੇ ਚੰਗੇ ਢੰਗ ਸਿਖਾਂਦੇ।

ਉਥੋਂ ਨਿਕਲ ਕੇ ਅਸੀਂ ਆਪਣੇ ਲੰਗਰ ਅਸਥਾਨ ਵੇਖਣ ਗਏ। ਸਾਡਾ ਬਾਵਰਚੀ ਕਲੀਰਾਮ ਯਾਦ ਆਇਆ। ਜੋ ਤੰਦੂਰ ਦੀਆਂ ਰੋਟੀਆਂ ਪਰੌਠੀਆਂ ਨਾਲੋਂ ਵੀ ਕੂਲੀਆਂ ਪਕਾਉਂਦਾ ਸੀ। ਅਸੀਂ ਸਾਰੇ ਆਪਣੀਆਂ ਥਾਲੀਆਂ ਲਈ ਲਾਈਨ ਵਿੱਚ ਬੈਠੇ ਹੁੰਦੇ। ਜਿਹੜੇ ਮੁੰਡੇ ਰੋਟੀ ਲੈਣੀ ਹੁੰਦੀ ਆਵਾਜ਼ ਦਿੰਦਾ, 'ਕਲੀਰਾਮ ਰੋਟੀ' ਤੇ ਰੋਟੀ ਚੱਕਰ ਖਾਂਦੀ ਉਸਦੀ ਥਾਲੀ ਵਿੱਚ ਆ ਡਿੱਗਦੀ। ਤੰਦੂਰ ਉਚੇ ਥਾਂ ਤੇ ਸੀ ਤੇ ਕਲੀਰਾਮ ਉਥੋਂ ਬੈਠਿਆਂ ਹੀ ਰੋਟੀ ਨੂੰ ਐਸਾ ਚੱਕਰ ਦੇ ਕੇ ਸੁੱਟਦਾ ਕਿ ਨਿਹੰਗ ਸਿੰਘਾਂ ਦੇ ਚੱਕਰ ਵਾਂਗ ਮੁੰਡੇ ਦੀ ਥਾਲੀ ਵਿੱਚ ਜਾ ਡਿੱਗਦੀ। ਕਮਾਲ ਦਾ ਨਿਸ਼ਾਨਾ ਸੀ ਉਸਦਾ। ਹੁਣ ਬੋਰਡਿੰਗ ਹਾਉਸ ਵਿੱਚ ਪੜ੍ਹਣ ਕਮਰੇ ਤੇ ਲੰਗਰ ਦੀ ਥਾਂ ਕਵਾਰਟਰ ਬਣ ਚੁੱਕੇ ਹਨ।

ਬੋਰਡਿੰਗ ਹਾਊਸ ਦੇ ਬੂਹੇ ਅੱਗੇ ਆਏ ਤਾਂ ਮੈਨੂੰ ਇੱਕ ਵੱਡੀ ਪਿਆਰੀ ਯਾਦ ਚੇਤੇ ਆਈ।

ਅਸੀਂ ਸਾਰੇ ਮੁੰਡੇ ਸ਼ਾਮ ਨੂੰ ਅੰਦਰ ਬੈਠੇ ਸਾਂ। ਇੱਕ ਮੁੰਡੇ ਨੇ ਮੈਨੂੰ ਆਖਿਆ, 'ਓਏ ਮਰੀਕ, ਤੈਨੂੰ ਮਿਲਣ ਲਈ ਸੱਤ ਅੱਠ ਜਨਾਨੀਆਂ ਆਈਆਂ ਹਨ, ਤੈਨੂੰ ਬਾਹਰ ਸੱਦ ਰਹੀਆਂ ਨੇ।'

ਮੈਂ ਕਾਹਲੀ ਕਾਹਲੀ ਬਾਹਰ ਆਇਆ ਵੇਖਿਆ ਕਿ ਠੀਕ ਹੀ ਕਾਫੀ ਸਾਰੀਆਂ ਔਰਤਾਂ ਖੜ੍ਹੀਆਂ ਸਨ। ਭੈਣ ਜੀਤਾਂ, ਬੰਨਸਾਂ, ਭੂਆ ਪ੍ਰੀਤੋ ਤੇ ਹੋਰ ਕਈਆਂ ਨੂੰ ਮੈਂ ਨਹੀਂ ਜਾਣਦਾ ਸਾਂ।

ਭੂਆ ਪ੍ਰੀਤੋ ਨੇ ਆਖਿਆ, 'ਵੇ ਮਰੀਕ ਸਿਹਾਂ ! ਇਹ ਤੇਰੇ ਮਾਮੀ ਜੀ ਨੇ। ਮਾਮਾ ਜੀ ਦਾ ਵਿਆਹ ਹਾਲੇ ਹੀ ਹੋਇਆ ਸੀ। ਮਾਮੀ ਲਖਬੀਰ ਕੌਰ ਮੇਰੇ ਸਾਹਮਣੇ ਖੜ੍ਹੀ ਸੀ। ਮੈਂ ਸਾਰੀਆਂ ਦੇ ਪੈਰੀਂ ਹੱਥ ਲਾਇਆ। ਉਹਨਾਂ ਸਾਰੀਆਂ ਰਿਵਾਜ਼ ਮੁਤਾਬਕ ਮੈਨੂੰ ਇੱਕ-ਇੱਕ ਦੋ-ਦੋ ਰੁਪਈਏ ਦਿੱਤੇ। ਸਾਰੀਆਂ ਨੇ ਮੇਰਾ ਸਿਰ ਪਲੋਸਿਆ ਤੇ

ਚੱਲੀਆਂ ਗਈਆਂ। ਅਸਾਂ ਸਾਰਿਆਂ ਦੂਜੇ ਦਿਨ ਢੱਕਣ ਹਲਵਾਈ ਦੀ ਹੱਟੀ ਤੋਂ ਭਰ ਪੇਟ ਪੈਠਾ ਮਿਠਾਈ ਖਾਧੀ, ਫੇਰ ਵੀ ਪੈਸੇ ਵੱਧ ਗਏ। ਮੁੰਡੇ ਮੈਨੂੰ ਰੋਜ਼ ਪੁੱਛਿਆ ਕਰਨਾ, 'ਉਹਨਾਂ ਫੇਰ ਕਦੋਂ ਆਉਣਾ ਏ ?'

ਅਸੀਂ ਫੇਰ ਹਾਲ ਵਿੱਚ ਆ ਗਏ। ਸਾਰੇ ਤਾਲਿਬ ਇਲਮ ਤੇ ਉਸਤਾਦ ਸਾਹਿਬ ਬੈਠੇ ਸਨ। ਸਟੇਜ ਤੇ ਸਾਨੂੰ ਬਿਠਾਇਆ ਗਿਆ। ਜੱਜਾ ਸਾਹਿਬ ਨੇ ਮੇਰੇ ਬਾਰੇ ਦੱਸਿਆ ਕਿ 'ਅਸਾਂ ਇਸ ਸਕੂਲ ਦੇ 200 ਸਾਲਾ ਜਸ਼ਨ ਤੇ ਆਪਣੇ ਸੱਠ ਸਾਲ ਪੁਰਾਣੇ ਤਾਲਿਬ ਇਲਮ ਸ੍ਰ. ਅਮਰੀਕ ਸਿੰਘ ਨੂੰ ਚੀਫ ਗੈਸਟ ਦੇ ਤੌਰ ਤੇ ਮੱਦਓ ਕੀਤਾ ਹੈ। ਨਾਲ ਦੇ ਸੱਜਣ ਵੀ ਇਹਨਾਂ ਦੇ ਭਰਾ ਹੀ ਹਨ। 'ਅਸੀਂ ਏਥੇ ਆਉਣ ਤੇ ਇਹਨਾਂ ਨੂੰ ਖੁਸ਼ ਆਮਦੀਦ ਆਖਦੇ ਹਾਂ। ਨਾਲ ਹੀ ਸ਼ੁਕਰੀਆ ਵੀ ਅਦਾ ਕਰਦੇ ਹਾਂ। ਅਸਾਂ ਸਾਰਿਆਂ ਨੇ ਦੋ ਦੋ ਮਿੰਟ ਸਭ ਦਾ ਸ਼ੁਕਰੀਆ ਅਦਾ ਕੀਤਾ।'

ਮੈਂ ਦੱਸਿਆ ਕਿ 'ਅੰਗਰੇਜ਼ ਦੇ ਜ਼ਮਾਨੇ ਵਿੱਚ ਜੀ.ਟੀ. ਰੋਡ ਤੋਂ ਲੰਘਦੇ ਹਰ ਅੰਗਰੇਜ਼ ਨੂੰ ਸਲਾਮ ਕਰਨੀ ਪੈਂਦੀ ਸੀ। ਇੱਕ ਵੇਰਾਂ ਮੈਂ ਤੇ ਅਨੋਖ ਸਿੰਘ ਮੇਰੇ ਜਮਾਤੀ ਨੇ ਲੰਘਦੇ ਹੋਏ ਅੰਗਰੇਜ਼ ਨੂੰ ਸਲੂਟ ਨਾ ਮਾਰਿਆ ਤਾਂ ਦੂਸਰੇ ਦਿਨ ਹੀ ਥਾਣਿਓਂ ਵਾਰਨਿੰਗ ਆ ਗਈ। ਹੈਡ ਮਾਸਟਰ ਸਾਹਿਬ ਨੇ ਸਾਨੂੰ ਦਫਤਰ ਵਿੱਚ ਸੱਦਿਆ ਤੇ ਸਮਝਾਇਆ ਕਿ ਅੱਜ ਅਸੀਂ ਸਾਰੇ ਅੰਗਰੇਜ਼ਾਂ ਦੇ ਗੁਲਾਮ ਹਾਂ। ਸਾਨੂੰ ਇਹ ਕੁੱਝ ਕਰਨਾ ਹੀ ਪੈਣਾ ਹੈ। ਉਹਨਾਂ ਸਾਨੂੰ ਢੰਗ ਦੱਸਿਆ ਕਿ ਤੁਸੀਂ ਸੜਕ ਵੱਲ ਜਾਇਆ ਹੀ ਨਾ ਕਰੋ। ਸੋ ਅਸਾਂ ਏਸੇ ਤਰ੍ਹਾਂ ਹੀ ਕੀਤਾ।

ਕੁੱਝ ਹੋਰ ਪੁਰਾਣੀਆਂ ਯਾਦਾਂ ਸਭਨਾਂ ਨਾਲ ਸਾਂਝੀਆਂ ਕਰਨੀਆਂ ਚਾਹੁੰਦਾ ਸਾਂ ਪਰ ਵਕਤ ਦੀ ਕਮੀ ਕਰਕੇ ਅੰਦਰੇ ਹੀ ਦਬਾਣੀਆਂ ਪਈਆਂ।

ਮੁਮਤਾਜ਼ ਸਾਹਿਬ ਨੇ ਆਪਣੀ ਮੁਖਤਸਿਰ (ਸੰਖੇਪ) ਤਕਰੀਰ ਵਿੱਚ ਬੱਚਿਆਂ ਨੂੰ ਧਿਆਨ ਨਾਲ ਪੜ੍ਹਨ ਤੇ ਜ਼ਿੰਦਗੀ ਵਿੱਚ ਕੁੱਝ ਕਰਨ ਲਈ ਉਤਸ਼ਾਹ ਦਿੱਤਾ।

ਪ੍ਰਿੰਸੀਪਲ ਸਾਹਿਬ ਨੇ ਦਫਤਰ ਵਿੱਚ ਚਾਅ ਪਾਣੀ ਦਾ ਪ੍ਰਬੰਧ ਕੀਤਾ ਹੋਇਆ ਸੀ। ਅਸੀਂ ਹਾਲ ਵਿਚੋਂ ਉਠਕੇ ਸਟਾਫ ਨਾਲ ਦਫਤਰ ਵਿੱਚ ਆ ਬੈਠੇ। ਉਥੇ ਪਾਕਿਸਤਾਨ ਦੇ ਪੰਜਾਬੀ ਦੇ ਮਸ਼ਹੂਰ ਸ਼ਾਇਰ ਸੈਫ ਭੱਟੀ ਨੇ ਆਪਣੀਆਂ ਹਾਸ-ਰਸ ਰਚਨਾਵਾਂ ਸੁਣਾ ਕੇ ਸਭ ਨੂੰ ਢਿੱਡੀਂ ਪੀੜਾਂ ਪਾ ਦਿੱਤੀਆਂ।

ਜਲ-ਪਾਣ ਕਰਕੇ ਅਸਾਂ ਛੁੱਟੀ ਮੰਗੀ। ਨੌਜਵਾਨ ਚੀਮਾ ਸਾਹਿਬ ਡੇਲੀ ਐਕਸਪ੍ਰੈਸ ਦੇ ਨੁਮਾਇੰਦੇ ਨੇ ਮੇਰਾ ਇੰਟਰਵਿਊ ਲਿਆ। ਮੇਰਾ ਪਿੰਡ, ਅੱਜਕਲ੍ਹ ਕਿੱਥੇ ਰਹਿੰਦੇ ਹੋ ? ਪਾਕਿਸਤਾਨ ਆ ਕੇ ਤੁਸੀਂ ਕਿਸ ਤਰ੍ਹਾਂ ਮਹਿਸੂਸ ਕਰ ਰਹੇ ਹੋ ? ਫੇਰ ਕਦੋਂ ਆਓਗੇ ? ਸਾਡੇ ਲੋਕ ਤੁਹਾਨੂੰ ਕਿਸ ਤਰ੍ਹਾਂ ਲੱਗੇ ? ਕਈ ਸਵਾਲ ਮੇਰੇ ਤੇ ਕੀਤੇ। ਜਿਹਨਾਂ ਦਾ ਉੱਤਰ ਮੈਂ ਕਾਹਲੀ ਕਾਹਲੀ ਦਿੰਦਾ ਗਿਆ।

'ਮੇਰਾ ਪਿੰਡ ਲਾਲੇਪੁਰ ਹੈ। ਨੁਸ਼ਹਿਰਾ ਵਿਰਕਾਂ ਤੋਂ 8 ਕਿਲੋਮੀਟਰ ਉਰਾਂ ਹੈ।'

'ਅੱਜਕਲ੍ਹ ਅਸੀਂ ਹਰਿਆਣੇ ਦੇ ਸਿਰਸੇ ਜਿਲ੍ਹੇ ਵਿੱਚ ਰਹਿ ਰਹੇ ਹਾਂ।'

'ਅਸੀਂ ਪਾਕਿਸਤਾਨ ਆ ਕੇ ਆਪਣੇ ਅਸਲੀ ਘਰ ਆਏ ਮਹਿਸੂਸ ਕਰ

ਰਹੇ ਹਾਂ।'

'ਫੇਰ ਜਦੋਂ ਖ਼ੁਦਾ ਨੇ ਲਿਆਂਦਾ ਜ਼ਰੂਰ ਆਵਾਂਗੇ।'

'ਤੁਸਾਂ ਸਾਨੂੰ ਪਿਆਰ ਨਾਲ ਏਨਾ ਭਰਪੂਰ ਕਰ ਦਿੱਤਾ ਹੈ ਕਿ ਸਾਨੂੰ ਲਫ਼ਜ਼ ਨਹੀ ਔੜ ਰਹੇ ਬਿਆਨ ਕਰਨ ਲਈ।'

'ਅਸੀਂ ਚਾਹੁੰਦੇ ਹਾਂ ਹਿੰਦੁਸਤਾਨ ਤੇ ਪਾਕਿਸਤਾਨ ਦੋਵੇਂ ਕਾਇਮ ਦਾਇਮ ਰਹਿਣ ਤੇ ਕਦੀ ਵੀ ਆਪੋ ਵਿੱਚ ਝਗੜਾ ਫਸਾਦ ਜਾਂ ਜੰਗ ਨਾ ਕਰਨ ਤੇ ਆਪਾਂ ਮਹਿਸੂਸ ਕੀਤਾ ਏ ਦੋਹਾਂ ਪਾਸਿਆਂ ਦੇ ਸਾਰੇ ਲੋਕ ਇਹ ਹੀ ਚਾਹੁੰਦੇ ਹਨ।

ਮੁਮਤਾਜ਼ ਹੁਰਾਂ ਮੇਰੀ ਇੰਟਰਵਿਊ ਅੱਧ ਵਿੱਚ ਹੀ ਰੱਖ ਦਿੱਤੀ। ਉਚੀ ਸਾਰੀ ਆਖਣ ਲੱਗੇ, 'ਓ ਬਾਬਿਓ ਆਓ ਚੱਲੀਏ, ਤੁਸੀਂ ਆਪਣੇ ਪਿੰਡ ਲਾਲੇਪੁਰ ਵੀ ਚੱਲਣਾ ਏ।'

ਮੈਂ ਲਾਲੇਪੁਰ ਦਾ ਨਾਮ ਸੁਣਕੇ ਤ੍ਰਿਭਕਿਆ ਤੇ ਆਪਣੇ ਸਾਥੀਆਂ ਨਾਲ ਆ ਰਲਿਆ। ਮੇਨ ਗੇਟ ਤੇ ਆਏ, ਅਸੀਂ ਬਿਦਾ ਲਈ ਸਾਰਿਆਂ ਤੋਂ। ਤੁਰਨ ਲੱਗੇ ਤਾਂ ਇੱਕ ਸੱਜਣ ਜੋ ਇਸ ਸਕੂਲ ਵਿੱਚ ਸਾਇੰਸ ਦੇ ਮਾਸਟਰ ਸਨ, ਆਖਣ ਲੱਗੇ, 'ਸਰਦਾਰ ਜੀ ਤੁਸੀਂ ਮਲੇਰ ਕੋਟਲੇ ਸ਼ਹਿਰ ਨੂੰ ਜਾਣਦੇ ਹੋ ?'

'ਹਾਂ ਬਾਦਸ਼ਾਹੋ ! ਅਸੀਂ ਤਾਂ ਹਰ ਮਹੀਨੇ ਸਤਾਰਾਂ ਤਾਰੀਖ ਆਪਣੇ ਸ਼ਹੀਦਾਂ ਦੀ ਯਾਦ ਵਿੱਚ ਲੱਗੇ ਮੇਲੇ ਵਿੱਚ ਜਾਂਦੇ ਹਾਂ। ਇਹਨਾਂ ਨਾਮਧਾਰੀਆਂ ਨੂੰ ਅੰਗਰੇਜ਼ਾਂ ਨੇ ਤੋਪਾਂ ਅੱਗੇ ਖਲਾਰ ਕੇ ਉਡਾ ਦਿੱਤਾ ਸੀ। ਕਿਉਂ ਜੁ ਉਹਨਾਂ ਅੰਗਰੇਜ਼ ਦੇ ਕਾਨੂੰਨ ਦੀ ਉਲੰਘਣਾ ਕਰਕੇ ਗਊ ਕਾਤਲਾਂ ਨੂੰ ਮਾਰ ਦਿੱਤਾ ਸੀ।' ਮੈਂ ਫੇਰ ਇਤਿਹਾਸ ਲੈ ਤੁਰਿਆ।

ਤਾਂ ਫਿਰ ਪੰਜਾਬ ਮੈਡੀਕਲ ਹਾਲ ਮਲੇਰ ਕੋਟਲੇ ਮੇਰੇ ਚਾਚੇ ਦੇ ਪੁੱਤਰਾਂ ਨੂੰ ਜ਼ਰੂਰ ਮਿਲਿਓ ਤੇ ਮੇਰੇ ਬਾਰੇ ਦੱਸਿਓ। ਉਹ ਵੰਡ ਵੇਲੇ ਉਥੇ ਹੀ ਰਹਿ ਗਏ ਸਨ।

ਮੈਂ ਉਹਨਾਂ ਦਾ ਪਤਾ ਲਿਖ ਲਿਆ। ਮੇਰੇ ਸਾਥੀ ਸਾਰੇ ਜਣੇ ਕਾਰ ਵਿੱਚ ਬੈਠ ਗਏ। ਮੈਂ ਵੀ ਕਾਹਲੀ ਕਾਹਲੀ ਸਾਰਿਆਂ ਨੂੰ ਹੱਥ ਮਿਲਾ ਕੇ ਸਲਾਮ ਆਖੀ ਤੇ ਕਾਰ ਵਿੱਚ ਬੈਠ ਗਿਆ।

ਆਪਣੀ ਰਿਹਾਇਸ਼ ਗਾਹ ਤੇ ਜਾ ਕੇ ਇਹ ਪ੍ਰੋਗਰਾਮ ਬਣਿਆ ਕਿ ਸਾਡੇ ਪਿੰਡ ਲਾਲੇਪੁਰ ਜਾਣ ਲਈ ਸਾਡੇ ਨਾਲ ਸ਼ਾਹਿਦ ਮਲਿਕ ਸਾਹਿਬ ਹੀ ਜਾਣਗੇ ਆਪਣੀ ਕਾਰ ਲੈ ਕੇ। ਮੁਮਤਾਜ਼ ਸਾਹਿਬ ਨੂੰ ਦੂਜੇ ਪ੍ਰਾਹੁਣਿਆਂ ਸਮੇਤ ਕੋਈ ਹੋਰ ਰੁਝੇਵਾਂ ਸੀ।

ਅਸੀਂ ਲਾਲੇਪੁਰ ਵਾਲੀ ਸੜਕ ਤੇ ਚੱਲ ਪਏ। ਪਹਿਲਾ ਪਿੰਡ ਸ਼ੇਰੇ ਦਾ ਕੋਟ ਆਇਆ। ਇਹ ਪਿੰਡ ਮਾਨਾਂ ਵਾਲੀਏ ਸ੍ਰ. ਮੰਗਲ ਸਿੰਘ, ਸ੍ਰ. ਜੋਗਿੰਦਰ ਸਿੰਘ ਤੇ ਸ੍ਰ. ਗੁਰਭਜਨ ਸਿੰਘ ਦਾ ਸੀ। ਬੜੀ ਵਿਸ਼ਾਲ ਕੋਠੀ ਓਦੋਂ ਦੀ ਬਣੀ ਹੋਈ ਸੀ। ਜਿਸ ਵਿੱਚ ਓਦੋਂ ਵੀ ਬਿਜਲੀ ਦਾ ਆਪਣਾ ਪ੍ਰਬੰਧ ਹੁੰਦਾ ਸੀ।

ਸੰਤਾਲੀ ਵਿੱਚ ਸ੍ਰ. ਗੁਰਭਜਨ ਸਿੰਘ ਆਪਣੇ ਨਾਲ ਕਾਫੀ ਸਾਰੇ ਲੋਕਾਂ ਨੂੰ ਲੈ ਕੇ ਨੁਸ਼ਹਿਰਾ ਵਿਰਕਾਂ ਵੱਲ ਚੱਲ ਪਿਆ ਸੀ, ਪਰ ਲਾਲੇਪੁਰ ਜਾ ਕੇ ਮਿਲਟਰੀ ਨਾਲ ਮੁਕਾਬਲਾ ਹੋ ਗਿਆ। ਹਜ਼ਾਰਾਂ ਬੰਦੇ ਮਰ ਗਏ, ਕਈਆਂ ਨੇ ਭੱਜ ਕੇ ਜਾਨਾਂ ਬਚਾਈਆਂ

ਤੇ ਮਰਦੇ ਜਿਉਂਦੇ ਸੱਚੇ ਸੌਦੇ ਕੈਂਪ ਵਿੱਚ ਪਹੁੰਚ ਗਏ ਸਨ। ਹਿੰਦੂ ਸਿੱਖਾਂ ਦੀਆਂ ਲੜਕੀਆਂ ਨੇ ਖੂਹ ਵਿੱਚ ਛਾਲਾਂ ਮਾਰ ਕੇ, ਖੂਹ ਭਰ ਦਿੱਤੇ ਸਨ।

ਹੁਣ ਅਸੀਂ ਕਿਲ੍ਹਾ ਮੀਹਾਂ ਸਿੰਘ ਕੋਲੋਂ ਲੰਘ ਰਹੇ ਸਾਂ। ਮੈਨੂੰ ਯਾਦ ਆਇਆ ਏਸ ਪਿੰਡ ਦੇ ਇੱਕ ਮੌਲਵੀ ਨੇ ਦਾਅਵਾ ਕੀਤਾ ਕਿ ਭੂਤ ਜਿੰਦਾ ਦਿਖਾ ਸਕਦਾ ਹਾਂ। ਇੱਕ ਫਿਰਦਾ ਫਿਰਾਂਦਾ ਸਾਧੂ ਫਕੀਰ ਓਥੇ ਆ ਕੇ ਕਹਿਣ ਲੱਗਾ ਕਿ ਜੇ ਮੈਨੂੰ ਭੂਤ ਵਿਖਾ ਦਿੱਤਾ ਜਾਵੇ ਤਾਂ ਮੈਂ ਮੁਸਲਮਾਨ ਹੋ ਜਾਵਾਂਗਾ। ਪਰ ਜੇ ਨਾ ਵਿੱਸਿਆ ਤਾਂ ਮੌਲਵੀ ਦਾ ਮੂੰਹ ਸਿਰ ਮੁੰਨ ਕੇ ਹਿੰਦੂ ਬਣਾ ਦਿੱਤਾ ਜਾਵੇਗਾ। ਸ਼ਰਤ ਬੱਝ ਗਈ। ਮੌਲਵੀ ਤੇ ਸਾਧੂ ਉਹਦੀ ਬੈਠਕ ਵਿੱਚ ਬਹਿ ਗਏ। ਦੋ ਦਿਨ ਦੋ ਰਾਤਾਂ ਮੌਲਵੀ ਆਪਣਾ ਕਲਾਮ ਪੜ੍ਹਦਾ ਰਿਹਾ, ਪਰ ਭੂਤ ਨਹੀਂ ਆਇਆ। ਆਖਰ ਤੀਜੀ ਰਾਤੇ ਉਹ ਕਿਸੇ ਬਹਾਨੇ ਬੈਠਕੋਂ ਬਾਹਰ ਚਲਾ ਗਿਆ ਤੇ ਅੱਜ ਤੱਕ ਨਹੀਂ ਆਇਆ। ਉਹਦਾ ਮਾਲ ਡੰਗਰ, ਘਰ ਬਾਹਰ ਪਿੰਡ ਵਾਲਿਆਂ ਸਾਧੂ ਨੂੰ ਦੇ ਦਿੱਤਾ। ਜਿਸ ਨੇ ਸਭ ਕੁੱਝ ਵੇਚ ਕੇ ਇੱਕ ਵੱਡਾ ਇੱਕਠ ਕੀਤਾ। ਜਿਸ ਵਿੱਚ ਹਿੰਦੂ ਸਿੱਖ ਮੁਸਲਮਾਨ ਸ਼ਾਮਲ ਹੋਏ। ਬਾਕੀ ਰਕਮ ਦਾ ਪੰਚਾਇਤ ਘਰ ਬਣਵਾ ਕੇ ਆਪ ਪਤਾ ਨਹੀਂ ਕਿਧਰ ਨੂੰ ਗਿਆ। ਲੋਕਾਂ ਨੂੰ ਕੋਈ ਪਤਾ ਨਹੀਂ ਸੀ।

ਸੜਕ ਜ਼ਰਾ ਉਭੜ ਖਾਬੜ ਸੀ, ਕਾਰ ਤਾਂ ਹੌਲੀ ਜਾ ਰਹੀ ਸੀ ਪਰ ਮੇਰੀ ਯਾਦਾਂ ਦੀ ਰੇਲਗੱਡੀ ਸਪੀਡ ਨਾਲ ਚੱਲ ਰਹੀ ਸੀ।

ਕਾਰ ਹੁਣ ਹਰਚੋ-ਜਾਜੋ ਪਿੰਡਾਂ ਕੋਲੋਂ ਲੰਘ ਰਹੀ ਸੀ। ਏਥੋਂ ਦੇ ਹੀ ਕੇਹਰ ਸਿੰਘ ਤੇ ਸ਼ੇਰ ਸਿੰਘ ਸਨ, ਜਿਨ੍ਹਾਂ ਦੀ ਕਹਾਣੀ ਮੈਂ ਪਿੱਛੇ ਬਿਆਨ ਕਰ ਆਇਆ ਹਾਂ। ਕੇਹਰ ਸਿੰਘ ਕਿਸਾਨ ਹੁਰਾਂ ਦਾ ਸੱਕਾ ਮਾਸੜ ਲੱਗਦਾ ਸੀ।

ਹੁਣ ਅਸੀਂ ਪਿੰਡ ਬੁੱਢੇ ਗੁਰਾਏ ਵਿਚੋਂ ਦੀ ਲੰਘ ਰਹੇ ਸਾਂ। ਬੜਾ ਤਗੜਾ ਪਿੰਡ ਸੀ, ਪਹਿਲਾਂ ਹੀ ਬਹੁਤ ਵੱਡਾ ਸੀ, ਪਰ ਹੁਣ ਤੇ ਕਸਬਾ ਬਣਿਆ ਪਿਆ ਸੀ। ਏਸੇ ਪਿੰਡ ਮੇਰੇ ਪਿਤਾ ਜੀ ਦਾ ਮੁਸੇਰ ਭਰਾ ਤਾਇਆ ਰਲਾ ਸਿੰਘ ਰਹਿੰਦਾ ਸੀ। ਬੜਾ ਬਹਾਦਰ ਤੇ ਇਲਾਕੇ ਵਿੱਚ ਮੰਨਿਆ ਹੋਇਆ ਖਾੜਕੂ ਤੇ ਡਾਂਗ-ਵਾਹੂ ਕਰਕੇ ਮਸ਼ਹੂਰ ਸੀ।

ਮੈਂ ਉਚੀ ਸਾਰੀ ਆਖਿਆ, 'ਤਗੜੇ ਹੋ ਜਾਓ ਲਾਲੇਪੁਰ ਆ ਰਿਹਾ ਏ।' ਕਿਸਾਨ ਹੁਰਾਂ ਹੱਸਦਿਆਂ ਆਖਿਆ, 'ਲਾਲੇਪੁਰ ਆ ਗਿਆ ਏ ਕਿ ਭੂਚਾਲ ਆ ਗਿਆ ਏ ?' ਸਾਰੇ ਹੱਸ ਪਏ।

'ਕਿਸਾਨ ! ਮੇਰੇ ਅੰਦਰ ਠੀਕ ਹੀ ਭੂਚਾਲ ਆ ਰਿਹਾ ਏ ਯਾਰ।' ਮੈਂ ਥੋੜ੍ਹਾ ਖਿੱਝ ਕੇ ਆਖਿਆ।

ਅਸੀਂ ਲਾਲੇਪੁਰ ਜਾਣ ਵਾਲੇ ਪਹੇ ਪੈ ਚੁੱਕੇ ਸਾਂ। ਮੋੜ ਤੇ ਸਾਡਾ 'ਬੋੜਾ ਖੂਹ' ਸੀ। ਨਾ ਉਥੇ ਖੂਹ, ਨਾ ਵੱਡੇ ਵੱਡੇ ਪਿੱਪਲ ਜਾਂ ਬੋਹੜਾਂ, ਬੱਸ ਦੋ ਕੁ ਕਨਾਲ ਖਾਲੀ ਥਾਂ ਸੀ। ਸਾਂਝੀ ਥਾਂ ਹੋਣ ਕਰਕੇ ਖਾਲੀ ਪਈ ਜਾਪਦੀ ਸੀ।

ਇਹ ਉਹੀ ਪੈਹਾ ਸੀ ਜਿਸ ਤੇ ਨਿੱਕੇ ਹੁੰਦੇ ਮੇਰੇ ਦਾਦਾ ਜੀ ਦੇ ਭਰਾ ਬਾਪੂ ਤਖਤ ਸਿੰਘ ਮੈਨੂੰ ਧੰਗਾੜੇ (ਮੋਢੇ) ਚੁੱਕਕੇ ਘੋੜਾ ਭਜਾਇਆ ਕਰਦੇ ਸਨ। ਸੋ ਏਸ ਪਹੇ ਨਾਲ ਜੁੜੀਆਂ ਯਾਦਾਂ ਹੀ ਲਿਖਣ ਲੱਗਾਂ ਤਾਂ ਸੌ ਸਫ਼ੇ ਦੀ ਵੱਖਰੀ ਪੁਸਤਕ ਬਣ ਜਾਏ।

ਪਹੇ ਦੇ ਖੱਬੇ ਪਾਸੇ ਸਾਡੀ ਹਵੇਲੀ ਹੁੰਦੀ ਸੀ। ਨਾ ਜੀ ਏਥੇ ਤਾਂ ਕੁੱਝ ਵੀ ਨਹੀਂ ਸੀ, ਸੜਕ ਤੋਂ ਲੈ ਕੇ ਪਿੰਡ ਤੱਕ ਦੋਹਾਂ ਪਾਸੇ ਮਕਾਨ ਹੀ ਮਕਾਨ ਉਸਰੇ ਪਏ ਸਨ।

ਹਵੇਲੀ ਵਾਲੀ ਥਾਂ ਸਾਡੇ ਬਹੁਤ ਸੰਘਣੇ ਰੁੱਖ ਹੁੰਦੇ ਸਨ, ਜਿੱਥੇ ਬੱਸ ਮਕਾਨ ਹੀ ਮਕਾਨ ਪਏ ਸਨ। ਪਿੰਡ ਦੇ ਮੁੱਢ ਡੱਲ ਵਾਲਾ ਛੱਪੜ ਸੀ। ਸਭ ਪੂਰਿਆ ਜਾ ਚੁੱਕਿਆ ਸੀ। ਇੱਕ ਦੂਜੇ ਦੇ ਪਿੱਛੇ ਕੋਠੇ ਹੀ ਕੋਠੇ ਸਨ। ਇੱਕ ਘਰ ਦੇ ਸਾਹਮਣੇ ਅਸਾਂ ਕਾਰ ਖੜ੍ਹੀ ਕੀਤੀ ਤੇ ਬਾਹਰ ਨਿਕਲੇ। ਇਹ ਘਰ ਨਹੀਂ ਕਿਸੇ ਦੀ ਹਵੇਲੀ ਜਾਪਦੀ ਸੀ। ਅੰਦਰ ਪੰਜ ਸੱਤ ਬੰਦੇ ਹੁੱਕੇ ਦੇ ਦੁਆਲੇ ਬੈਠੇ ਸਨ। ਮੈਂ ਦਰਵਾਜ਼ੇ ਵਿਚੋਂ ਲੰਘ ਕੇ ਸਾਰਿਆਂ ਨੂੰ ਹੀ ਪੁੱਛਿਆ, 'ਚੌਧਰੀਓ, ਇਹ ਪਿੰਡ ਲਾਲੇਪੁਰ ਹੀ ਹੈ ?'

'ਹਾਂ ਹਾਂ ਸਰਦਾਰ ਜੀ, ਲਾਲੇਪੁਰ ਹੀ ਹੈ।' ਉਹਨਾਂ ਵਿੱਚੋਂ ਇੱਕ ਨੇ ਹਾਂ ਵਿੱਚ ਸਿਰ ਹਿਲਾਉਂਦਿਆਂ ਆਖਿਆ, 'ਆ ਜਾਓ, ਲੰਘ ਆਓ।'

ਅਸੀਂ ਸਾਰੇ ਅੰਦਰ ਚਲੇ ਗਏ। ਉਹਨਾਂ ਵਿਚੋਂ ਇੱਕ ਵਡੇਰੇ ਨੇ ਕਿਹਾ, 'ਬਈ ਸਰਦਾਰ ਆਏ ਨੇ, ਹੁੱਕਾ ਪਾਸੇ ਰੱਖ ਦਿਓ।' ਕੁੱਝ ਬੰਦੇ ਮੰਜੀਓਂ ਉਠ ਬੈਠੇ ਤੇ ਸਾਨੂੰ ਬਹਿਣ ਲਈ ਥਾਂ ਦਿੱਤੀ।

ਮੈਂ ਗੱਲ ਸ਼ੁਰੂ ਕੀਤੀ, 'ਮੈਂ ਏਸੇ ਪਿੰਡ ਦਾ ਜੰਮਪਲ ਹਾਂ ਤੇ ਆਪਣੀ ਜੰਮਣ ਭੋਂ ਨੂੰ ਸੱਠ ਸਾਲ ਬਾਅਦ ਸਲਾਮ ਕਰਨ ਆਇਆਂ।'

'ਜੀ ਆਇਆਂ ਭਾਈ ਸਾਹਿਬ।' ਇੱਕ ਮੇਰੇ ਹਾਣੀ ਨੇ, ਬੜੇ ਤਪਾਕ ਨਾਲ ਮੈਨੂੰ ਬਾਹਾਂ 'ਚ ਘੁਟਦਿਆਂ ਆਖਿਆ। ਅਸੀਂ ਵੀ ਤਾਂ ਭਾਰਤ ਵਿੱਚ ਰਹਿ ਗਈ ਸਾਡੀ ਜੰਮਣ ਭੋਂ ਦੀ ਜ਼ਿਆਰਤ ਕਰਨ ਲਈ ਤਰਸ ਰਹੇ ਹਾਂ। ਅਸੀਂ ਲੁਧਿਆਣੇ ਜ਼ਿਲੇ ਵਿਚੋਂ ਆਏ ਹਾਂ।

ਸਾਡੇ ਪਿੰਡ ਦਾ ਕੋਈ ਪੁਰਾਣਾ ਬੰਦਾ ਸਾਨੂੰ ਟਕਰਾਓ, ਜਿਹੜਾ ਸਾਨੂੰ ਸਾਡੇ ਘਰਾਂ ਦਾ ਅਤਾ ਪਤਾ ਦੱਸੇ। ਏਥੇ ਤਾਂ ਸਭ ਕੁੱਝ ਬਦਲਿਆ ਪਿਆ ਏ, ਤਾਂ ਹੀ ਤਾਂ ਮੈਂ ਪੁੱਛਿਆ ਸੀ, ਇਹ ਪਿੰਡ ਲਾਲੇਪੁਰ ਹੀ ਹੈ, ਕੁੱਝ ਵੀ ਤਾਂ ਪਛਾਣ ਵਿੱਚ ਨਹੀਂ ਆਉਂਦਾ। ਮੈਂ ਆਪਣਾ ਘਰ ਛੇਤੀ ਵੇਖਣਾ ਚਾਹੁੰਦਾ ਸਾਂ।

'ਸਰਦਾਰਾ ! ਏਥੋਂ ਦੇ ਪਹਿਲਾਂ ਰਹਿਣ ਵਾਲੇ ਪੁਰਾਣੇ ਬੁੱਢੇ ਸਭ ਜਾਂ ਤਾਂ ਅੱਲ੍ਹਾ ਨੂੰ ਪਿਆਰੇ ਹੋ ਗਏ ਜਾਂ ਪਿੰਡ ਹੀ ਛੱਡ ਕੇ ਸ਼ਹਿਰੀਂ ਜਾ ਵੱਸੇ ਸੀ। ਹਾਂ, ਜਲਾਲ ਅਰਾਈ ਦਾ ਛੋਟਾ ਮੁੰਡਾ ਕੀਹ ਹੁਣ ਤਾਂ ਬੁੱਢਾ ਹੋਇਆ ਪਿਆ ਏ, ਉਹ ਏਥੇ ਰਹਿੰਦਾ ਏ। ਉਹ ਸ਼ਾਇਦ ਤੁਹਾਨੂੰ ਕੁੱਝ ਦੱਸ ਸਕੇ। ਵਾਹ ਬੜੀ ਲੰਮੀ ਉਮਰ ਏ ਉਸਦੀ ਔਹ ਆ ਗਿਆ ਜੇ ਮਹਿਰ ਮੁਹੰਮਦ ਸ਼ਰੀਫ।'

ਮੁਹੰਮਦ ਸ਼ਰੀਫ ਸਾਡੇ ਵੱਲ ਬਹੁਤ ਧਿਆਨ ਨਾਲ ਵੇਖਣ ਲੱਗ ਪਿਆ, 'ਤੁਸੀਂ ਸਰਦਾਰੋ ਕਿਵੇਂ ਆ ਗਏ ? ਏਸੇ ਪਿੰਡ ਦੇ ਜਾਪਦੇ ਓ।' ਉਸ ਨੇ ਸਾਨੂੰ ਫੇਰ ਘੋਖਵੀਂ ਨਜ਼ਰੇ ਵੇਖਦਿਆਂ ਆਖਿਆ। ਮੇਰਾ ਅੱਬਾ ਦੱਸਦਾ ਹੁੰਦਾ ਸੀ, ਏਥੋਂ ਦੇ ਰਹਿਣ ਵਾਲੇ ਤੁਹਾਡੇ ਵਰਗੀ ਹੀ ਪੱਗ ਬੰਨ੍ਹਦੇ ਸਨ, ਤੁਹਾਡੇ ਵਰਗੇ ਕੱਪੜੇ ਪਹਿਨਦੇ ਸਨ।

'ਹਾਂ ਮੀਆਂ ਮੈਂ ਏਥੋਂ ਦਾ ਹੀ ਜੰਮਪਲ ਹਾਂ। ਮੇਰੇ ਵਾਲਦ ਸਾਹਿਬ ਦਾ ਨਾਂ ਸ੍ਰ.

ਕਰਤਾਰ ਸਿੰਘ ਤੇ ਦਾਦੇ ਦਾ ਨਾਮ ਸ੍ਰ. ਈਸ਼ਰ ਸਿੰਘ ਸੀ। ਮੈਂ ਛੋਟਾ ਹੀ ਸਾਂ ਜਦੋਂ ਜਲਾਲਦੀਨ ਸਾਡੇ ਘਰ ਆਉਂਦਾ ਹੁੰਦਾ ਸੀ। ਸ਼ਾਇਦ ਉਹ ਤੂੰ ਹੀ ਹੋਣੈ।' ਮੈਂ ਕੁੱਝ ਯਾਦ ਕਰਦਿਆਂ ਆਖਿਆ।

'ਹਾਂ ਮੈਂ ਹੀ ਸਾਂ ਤੂੰ ਕਿਤੇ ਮਰੀਕ ਤਾਂ ਨਹੀਂ।' ਉਠਕੇ ਉਸ ਨੇ ਜੱਫੀ ਵਿੱਚ ਲੈਂਦਿਆਂ ਕਿਹਾ।

ਮੈਂ ਹਾਂ ਵਿੱਚ ਸਿਰ ਹਿਲਾਉਂਦਿਆਂ ਮੂੰਹੋਂ ਕੁੱਝ ਨਹੀਂ ਕਹਿ ਸਕਿਆ। 'ਮੈਂ ਉਹਨੂੰ ਮੇਰਾ ਘਰ ਵਖਾਣ ਲਈ ਕਿਹਾ।' ਉਹਨਾਂ ਸਾਨੂੰ ਪਾਣੀ-ਧਾਣੀ ਪੁੱਛਿਆ। ਪਰ ਏਥੇ ਤਾਂ ਆਪਣਾ ਘਰ ਵੇਖਣ ਦੀ ਤਿੱਖੀ ਤੇਹ ਲੱਗੀ ਹੋਈ ਸੀ।

ਉਠਣ ਲੱਗੇ ਤਾਂ ਮੈਂ ਆਖਿਆ, 'ਮੇਰਾ ਇੱਕ ਜਿਗਰੀ ਯਾਰ ਗੁਲਾਮ ਕਾਦਰ ਕਿਲੇ ਬਾਠਾਂ ਦੇ ਚੌਧਰੀ ਕਰਮ ਦਾਦ ਬਾਠ ਦਾ ਪੁੱਤਰ ਸੀ। ਉਹ ਹੈ ਕਿ ਚੱਲ ਵੱਸਿਆ ਏ ਕਿਸੇ ਨੂੰ ਪਤਾ ਹੋਵੇ।'

ਉਹਨਾਂ ਵਿਚੋਂ ਇੱਕ ਬੋਲਿਆ, 'ਚੌਧਰੀ ਕਰਮ ਦਾਦ ਮੇਰਾ ਸੱਕਾ ਤਾਇਆ ਸੀ ਤੇ ਗੁਲਾਮ ਕਾਦਰ ਮਾਸਟਰੀ ਤੋਂ ਰੀਟਾਇਰ ਹੋ ਕੇ ਘਰੇ ਬੈਠਾ ਏ, ਬਹੁਤ ਬੁੱਢਾ ਹੋ ਗਿਆ ਏ।' ਮੈਂ ਤਰਲਾ ਲੈਂਦਿਆਂ ਉਸ ਬੰਦੇ ਨੂੰ ਮੇਰਾ ਯਾਰ ਮਿਲਾਣ ਲਈ ਆਖਿਆ ਤੇ ਉਸ ਨੇ ਹਾਂ ਭਰ ਲਈ।

ਅਸੀਂ ਸਾਰੇ ਪਿੰਡ ਵੱਲ ਨੂੰ ਤੁਰ ਪਏ, ਮੁਹੰਮਦ ਸ਼ਰੀਫ਼ ਦੱਸ ਰਿਹਾ ਸੀ, ਏਥੇ ਭਾਈ ਨਿਹਾਲ ਸਿੰਘ ਦਾ ਖਰਾਸ ਹੁੰਦਾ ਸੀ, ਸੱਜੇ ਪਾਸੇ ਹਰੇ ਸ਼ਾਹ ਦੀ ਹੱਟੀ ਹੁੰਦੀ ਸੀ, ਆਹ ਅੱਗੇ ਮੁਕੰਦੇ ਸ਼ਾਹ ਦੀ ਦੁਕਾਨ ਸੀ, ਏਥੇ ਮਿਸਤਰੀ ਸੰਤਾ ਸਿੰਘ ਦਾ ਘਰ ਤੇ ਖਰਾਸ ਹੁੰਦਾ ਸੀ, ਬਾਬੂ ਜਗਨ ਨਾਥ ਵਾਲੇ ਖਰਾਸ ਵਾਲੀ ਥਾਂ ਪਿੱਛੇ ਰਹਿ ਗਈ ਏ।

'ਆਪਾਂ ਮੁਹੰਮਦ ਸ਼ਰੀਫ਼ ! ਸ਼ਾਇਦ ਲਹਿੰਦੇ ਪਾਸੇ ਵਾਲੀ ਗਲੀ ਪੈ ਗਏ ਹਾਂ।' ਮੈਂ ਕੁੱਝ ਸੋਚਦਿਆਂ ਪੁੱਛਿਆ।'

'ਹਾਂ ਆਪਾਂ ਚੱਲਦੇ ਹਾਂ ਹੁਣੇ ਚੜ੍ਹਦੇ ਪਾਸੇ ਵੀ।' ਮੁਹੰਮਦ ਸ਼ਰੀਫ਼ ਕਹਿ ਰਿਹਾ ਸੀ, 'ਏਥੇ ਜਹੇ ਮੌਲਵੀ ਗੁਲਾਮ ਮੁਹੰਮਦ ਦਾ ਘਰ ਸੀ, ਜਿਹੜਾ ਫੌਤ ਹੋ ਚੁੱਕਾ ਏ।'

'ਅੱਗੇ ਆਹ ਮਸੀਤ ਏ, ਅਗਲੇ ਪਾਸੇ ਮੇਰਾ ਸਕੂਲ ਆ ਗਿਆ ਏ, ਜਿਹਦੇ ਵਿੱਚ ਮੈਂ ਪਹਿਲੀ ਤੋਂ ਚੌਥੀ ਜਮਾਤ ਤੱਕ ਪੜ੍ਹਿਆ ਸਾਂ। ਮੈਨੂੰ ਮੇਰੇ ਸਾਰੇ ਮੁਨਸ਼ੀ ਯਾਦ ਆਏ (ਓਦੋਂ ਮਾਸਟਰ ਨੂੰ ਮੁਨਸ਼ੀ ਹੀ ਕਹਿੰਦੇ ਸਨ) ਮੁਨਸ਼ੀ ਰਾਮ ਦਾਸ, ਮੁਨਸ਼ੀ ਫਕੀਰ ਚੰਦ, ਮੁਨਸ਼ੀ ਖਰਾਇਤੀ ਲਾਲ, ਮੁਨਸ਼ੀ ਮੁਹੰਮਦ ਦੀਨ ਜਿਹੜੇ ਮੇਰੀ ਉਂਗਲੀ ਫੜਕੇ ਰੇਤੇ ਉਤੇ ਅਲਫ਼ ਬੇ ਲਿਖਣਾ ਸਿਖਾਇਆ ਕਰਦੇ ਸਨ।'

'ਆਹ ਅੱਗੇ ਸ਼ਾਇਦ ਦਾਰੇ ਵਾਲੀ ਜਗਾਹ ਏ। ਪਰ ਸੰਘਣੇ ਬੋਹੜ ਕਿਧਰ ਗਏ, ਜਿਹਨਾਂ ਥੱਲੇ ਗਰਮੀਆਂ ਨੂੰ ਦੁਪਹਿਰੇ ਮੇਲਾ ਹੀ ਲੱਗ ਜਾਂਦਾ ਸੀ। ਕੋਈ ਏਥੇ ਤਾਸ਼ ਖੇਡਦਾ, ਕੋਈ ਪਾਸ਼ਾ ਖੇਡਦਾ, ਕੋਈ ਉਂਜ ਹੀ ਭੁੰਜੇ ਚਾਦਰ ਵਿਛਾਕੇ ਹਲਾਂ ਦਾ ਥਕੇਵਾਂ ਲਾਹ ਰਿਹਾ ਹੁੰਦਾ।'

'ਹਾਂ ਮਰੀਕ ਸਿਹਾਂ ! ਬੋਹੜਾਂ-ਬਾਹੜਾਂ ਸਭ ਖਤਮ ਹੋ ਗਈਆਂ ਤੇ ਕਿਹਨੂੰ ਵੇ

ਹਲ ਹੈ ਹੁਣ ਬੋਹੜਾਂ ਥੱਲੇ ਬਹਿਣ ਦਾ, ਇਹ ਸਕੂਲ ਵੀ ਹੁਣ ਦਸਵੀਂ ਤੱਕ ਹੋ ਗਿਆ ਏ।' ਮੁਹੰਮਦ ਸ਼ਰੀਫ਼ ਦੱਸ ਰਿਹਾ ਸੀ।

'ਇਹ ਹੁਣ ਖੱਤਰੀਆਂ ਦਾ ਮੁਹੱਲਾ ਆ ਗਿਆ ਏ। ਬੜੇ ਚੰਗੇ ਬੰਦੇ ਸੁਣੀਂਦੇ ਸਨ। ਮੁਹੰਮਦ ਸ਼ਰੀਫ ਤੁਰ ਗਿਆਂ ਦੀ ਚੰਗਿਆਈ ਨੂੰ ਯਾਦ ਕਰ ਰਿਹਾ ਸੀ।'

'ਇੱਕ ਮੋੜ ਮੁੜ ਕੇ ਮੈਂ ਮੁਹੰਮਦ ਸ਼ਰੀਫ ਨੂੰ ਪੁੱਛਿਆ। ਸਾਡੇ ਘਰ ਨੂੰ ਜਾਣ ਵਾਲੀ ਗਲੀ ਕਿਧਰ ਗਈ। ਕਿੱਥੇ ਗਿਆ ਉਹ ਨਵਾਂ ਖੂਹ, ਸੋਮੇ ਟਾਂਗੇ ਵਾਲੇ ਦਾ ਘਰ, ਯਾਰ ਕੁੱਝ ਪਤਾ ਨਹੀਂ ਲੱਗ ਰਿਹਾ। ਟਿੱਬੀ ਵਾਲੇ ਖੂਹ ਤੋਂ ਇੱਕ ਰਸਤਾ ਆਉਂਦਾ ਸੀ, ਜਿਸਦੇ ਸਾਹਮਣਿਓਂ ਮੇਰੇ ਘਰ ਨੂੰ ਗਲੀ ਜਾਂਦੀ ਸੀ।'

'ਹਾਂ ਸਰਦਾਰਾ, ਆਹ ਸਾਹਮਣੀ ਵੱਟ ਟਿੱਬੀ ਵਾਲੇ ਖੂਹ ਤੋਂ ਹੀ ਆ ਰਹੀ ਏ। ਸੱਜੇ ਹੱਥ ਦੇਖ ਜ਼ਰਾ, ਇਹੀ ਗਲੀ ਤੇਰੇ ਘਰ ਨੂੰ ਜਾਂਦੀ ਏ। ਪਰ ਟਿੱਬੀ ਵਾਲਾ ਖੂਹ ਵੀ ਹੁਣ ਵੀਰਾਣ ਹੋਇਆ ਪਿਆ ਏ। ਵੰਡ ਵੇਲੇ ਇਸ ਖੂਹ ਵਿੱਚ ਹਿੰਦੂ ਸਿੱਖ ਲੜਕੀਆਂ ਇੱਜ਼ਤ ਬਚਾਣ ਲਈ ਛਾਲਾਂ ਮਾਰ ਗਈਆਂ ਸਨ ਤੇ ਹੁਣ ਲੋਕ ਉਹਨਾਂ ਦੀਆਂ ਰੂਹਾਂ ਏਥੇ ਤੁਰਦੀਆਂ ਫਿਰਦੀਆਂ ਮੰਨਦੇ ਹਨ। ਕੋਈ ਵੀ ਹਨ੍ਹੇਰੇ ਸਵੇਰੇ ਉਧਰ ਮੂੰਹ ਨਹੀਂ ਕਰਦਾ।'

'ਹਾਂ ਸ਼ਰੀਫ਼ ਗੁਰਭਜਨ ਸਿੰਘ ਸ਼ੇਰੇ ਕੋਟੀਏ ਦੇ ਜਥੇ ਨਾਲ ਮਿਲਟਰੀ ਦਾ ਮੁਕਾਬਲਾ ਹੋ ਗਿਆ ਸੀ। ਸੈਂਕੜੇ ਆਦਮੀ ਮਾਰੇ ਗਏ ਸਨ। ਅਣਖੀਲੇ ਲੋਕਾਂ ਨੇ ਆਪਣੀਆਂ ਧੀਆਂ ਦੀ ਇੱਜ਼ਤ ਨਾ ਬਚਦੀ ਵੇਖਕੇ ਹੱਥੀਂ ਤਲਵਾਰਾਂ ਨਾਲ ਵੱਢ ਸੁੱਟੀਆਂ ਸਨ।' ਮੈਨੂੰ ਉਹ ਸਮਾਂ ਫੇਰ ਯਾਦ ਆ ਰਿਹਾ ਸੀ।

'ਮਰੀਕ ਸਿੰਘ ਬਹੁਤ ਭੈੜਾ ਸਮਾਂ ਸੀ ਉਹ, ਮੇਰੇ ਬਾਪ ਨੇ ਵੀ ਇੱਕ ਸਿੱਖ ਨੂੰ ਕਈ ਦਿਨ ਘਰੇ ਰੱਖਿਆ। ਜਦੋਂ ਲੋਕਾਂ ਨੂੰ ਉਹਦੀ ਸੂਹ ਲੱਗ ਗਈ ਤਾਂ ਮੇਰੇ ਅੱਬਾ ਜਾਨ ਉਹਨੂੰ ਰਾਤੋ ਰਾਤ 'ਚੂਹੜ ਕਾਨੇ' ਸੱਚੇ ਸੌਦੇ ਕੈਂਪ ਵਿੱਚ ਛੱਡ ਆਏ ਸਨ। ਠੰਢਾਂ ਪੈਣ ਤੇ ਉਹ ਸਰਦਾਰ ਇੱਕ ਵੇਰਾਂ ਆਇਆ ਵੀ ਸੀ, ਮੇਰੇ ਵਾਲਦ ਸਾਹਿਬ ਫੌਤ ਹੋ ਚੁੱਕੇ ਸਨ।'

ਅਸੀਂ ਸਾਰੇ ਜਲੂਸ ਦੀ ਸ਼ਕਲ ਵਿੱਚ ਸਾਡੇ ਘਰ ਨੂੰ ਜਾਣ ਵਾਲੀ ਗਲੀ ਵਿੱਚ ਜਾ ਰਹੇ ਸਾਂ।

ਏਥੇ ਕਸਤੂਰੀ ਸ਼ਾਹ ਦੀ ਹੱਟੀ ਸੀ। ਏਥੇ ਤੁਹਾਡਾ ਗੁਰਦੁਆਰਾ ਸੀ। ਹੱਟੀ ਤੋਂ ਜਦੋਂ ਮੋੜ ਮੁੜੇ ਤਾਂ ਇੱਕ ਘਰ ਅੱਗੇ ਮੁਹੰਮਦ ਸ਼ਰੀਫ਼ ਜਾ ਖੜ੍ਹਾ ਹੋਇਆ। ਬੂਹਾ ਬੰਦ ਸੀ।

ਮੁਹੰਮਦ ਸ਼ਰੀਫ ਨੇ ਵਾਜ਼ ਮਾਰੀ, 'ਓਏ ਮੁਸਲਿਓ ! ਨਿਕਲੋ ਬਾਹਰ, ਘਰਾਂ ਦੇ ਮਾਲਕ ਆ ਗਏ ਨੇ।'

ਬੂਹਾ ਖੁਲ੍ਹਿਆ ਇੱਕ ਜਵਾਨ ਬਾਹਰ ਆਇਆ, 'ਆਓ ਬਾਦਸ਼ਾਹੋ ਅਸਲਾਮ ਵਾਲੇ ਕੁਮ।'

ਅੰਦਰ ਜਾ ਕੇ ਵੇਖਿਆ ਸਾਡੇ ਘਰ ਵਿੱਚ ਚਾਰ ਘਰ ਵੱਸੇ ਹੋਏ ਸਨ, ਨਾ ਓਥੇ ਖੂਹੀ ਨਾ ਬੈਠਕ, ਨਾ ਵੱਡਾ ਪਸਾਰ (ਵੱਡਾ ਕਮਰਾ) ਕੁੱਝ ਵੀ ਤਾਂ ਨਹੀਂ ਸੀ ਮੇਰੇ ਮਨ

ਵਿੱਚ ਵੱਸੇ ਘਰ ਵਾਲਾ, ਮੈਂ ਨਿਰਾਸ਼ ਜਿਹਾ ਹੋ ਗਿਆ। ਮੈਂ ਮੁਹੰਮਦ ਸ਼ਰੀਫ਼ ਨੂੰ ਆਖਿਆ, 'ਯਾਰ ਮੇਰੇ ਸੁਪਨਿਆਂ ਦਾ ਘਰ ਮੇਰਾ ਅਸਲੀ ਲਾਲੇਪੁਰ ਤਾਂ ਖਤਮ ਹੋ ਚੁੱਕਿਆ ਏ। ਨਿਸ਼ਾਨੀ ਵਜੋਂ ਮੈਨੂੰ ਮੇਰੇ ਘਰ ਦੀ ਦੋ ਬੁੱਕ ਮਿੱਟੀ ਲਿਆ ਦੇ ਮੈਂ ਘਰ ਜਾ ਕੇ ਆਪਣੇ ਬੱਚਿਆਂ ਨੂੰ ਵਖਾਣੀ ਹੈ।

ਉਸ ਨੇ ਦੋ ਕਿਲੋ ਦੇ ਕਰੀਬ ਮਿੱਟੀ ਮੇਰੇ ਘਰ ਦੀ ਲਿਆ ਦਿੱਤੀ ਤੇ ਅਸੀਂ ਵਾਪਸ ਆਪਣੀ ਕਾਰ ਕੋਲ ਆ ਗਏ।

ਕਾਰ ਤੇ ਬੈਠਣ ਲੱਗਿਆਂ ਮੈ ਮਲਕ ਜ਼ਾਹਿਦ ਨੂੰ ਤਰਲਾ ਲਿਆ, 'ਮੈਨੂੰ ਮੇਰੇ ਯਾਰ ਗੁਲਾਮ ਕਾਦਰ ਨੂੰ ਤਾਂ ਮਿਲਾ ਦਿਓ।'

'ਚੱਲੋ ਬਾਦਸ਼ਾਹੋ ਗੋਲੀ ਕਿਦ੍ਹੀ ਤੇ ਗਹਿਣੇ ਕਿਦ੍ਹੇ' ਪਰ ਖ਼ਿਆਲ ਰੱਖਿਓ ਆਪਾਂ ਰਾਤ 'ਸਤਰਾਹ' ਜ਼ਰੂਰ ਚੱਲਣਾ ਏ, ਮੁਮਤਾਜ਼ ਸਾਹਿਬ ਦਾ ਕਈ ਵੇਰਾਂ ਮੋਬਾਈਲ ਆ ਚੁੱਕਿਆ ਏ।'

'ਜ਼ਰੂਰ ਚੱਲਾਂਗੇ ਆਪਾਂ ਓਥੇ ਵੀ' ਮੈਂ ਬਾਠਾਂ ਵਾਲੀਏ ਚੌਧਰੀ ਕਰਮ ਦਾਦ ਦੇ ਭਤੀਜੇ ਫਜ਼ਲ ਨੂੰ ਆਪਣੇ ਨਾਲ ਬਿਠਾ ਲਿਆ। ਉਹਦੇ ਕਹਿਣ ਤੇ ਕਾਰ ਵਾਪਸ ਓਸੇ ਪੰਧ ਤੇ ਤੁਰ ਪਈ। ਮੈਂ ਪਿੱਛਾਂ ਮੁੜ ਕੇ ਇੱਕ ਪੰਛੀ ਝਾਤ ਪਾਈ ਹੁਣ ਵਾਲੇ ਲਾਲੇਪੁਰ ਤੇ। ਮੇਰੇ ਦਿਮਾਗ਼ ਵਿੱਚ ਦੋ ਲਾਲੇਪੁਰ ਇੱਕ ਦੂਜੇ ਵਿੱਚ ਸਮਾ ਜਾਣ ਦਾ ਜਤਨ ਕਰ ਰਹੇ ਜਾਪੇ। ਬੋਹੜੇ ਖੂਹ ਵਾਲਾ ਮੋੜ ਮੁੜਦਿਆਂ ਮੈਨੂੰ ਯਾਦ ਆਇਆ। ਏਥੇ ਕਿਤੇ ਸਾਡਾ ਭੁਹਾੜਾ ਹੁੰਦਾ ਸੀ (ਜਿੱਥੇ ਮੇਰੇ ਵਡ ਵਡੇਰੇ ਡੰਗਰਾਂ ਲਈ ਪੱਠੇ ਕੁਤਰਿਆ ਕਰਦੇ ਸਨ)। ਹੱਥ ਵਾਲੇ ਟੋਕਿਆਂ ਨਾਲ ਹੀ ਸਿਆਲ ਵਿੱਚ ਦੋ ਦੋ ਪੰਡਾਂ ਦੇਸੀ ਕਮਾਦ ਦਿਨ ਚੜ੍ਹਦੇ ਨੂੰ ਕੁਤਰ ਦਿੰਦੇ ਸਨ। ਦਿਨੇ ਆ ਕੇ ਅਸੀਂ ਟੋਟੀਆਂ (ਗਨੇਰੀਆਂ) ਚੂਪਦੇ ਸਾਂ। ਸਾਡੀ ਘਰ ਦੀ ਬੂਰੀ ਝੋਟੀ, ਵੱਡੀਆਂ ਮੱਝਾਂ ਜਿੰਨਾਂ ਨੂੰ ਮੇਰੇ ਪਿਤਾ ਜੀ ਸਾਡੇ ਨਾਲੋਂ ਵੀ ਬਹੁਤਾ ਪਿਆਰ ਕਰਦੇ ਸਨ।

ਮੈਨੂੰ ਪੂਰਾ ਚੇਤਾ ਏ ਬੂੜੇ ਤੇਲੀ ਨੂੰ ਜਿੱਥੇ ਘਰ ਦੀਆਂ ਕੁੰਜੀਆਂ ਮੇਰੇ ਪਿਤਾ ਜੀ ਨੇ ਫੜਾਈਆਂ, ਉਥੇ ਮੱਝਾਂ ਦੀ ਚੰਗੀ ਸੰਭਾਲ ਕਰਨ ਲਈ ਪੱਕੀ ਕੀਤੀ ਸੀ। ਬਾਦ ਵਿੱਚ ਦੱਸਦੇ ਨੇ ਬੂੜੇ ਤੇਲੀ ਨੇ ਸਾਡੇ ਘਰ ਦੀ ਤੇ ਮਾਲ ਡੰਗਰ ਦੀ ਓਦੋਂ ਤੱਕ ਰਾਖੀ ਕੀਤੀ ਸੀ, ਜਦੋਂ ਤੱਕ ਸਰਕਾਰੀ ਹਾਕਮਾਂ ਉਸ ਤੋਂ ਸਭ ਕੁੱਝ ਖੋਹ ਨਹੀਂ ਲਿਆ।

ਕਾਰ 'ਜੂਆਂ ਵਾਲੀ' ਪਿੰਡ ਵਿਚੋਂ ਲੰਘ ਕੇ 'ਬੌਰੇ ਬਿਆਰੇ' ਪਿੰਡ ਵਿਚੋਂ ਲੰਘ ਰਹੀ ਸੀ ਜੂਆਂ ਵਾਲੀ ਏਸ ਪਿੰਡ ਦਾ ਨਾਂ ਕਿਉਂ ਪਿਆ ? ਦੱਸਦੇ ਨੇ ਕੁੱਝ ਫਕੀਰ ਭਿੱਖਿਆ ਮੰਗਣ ਏਸ ਪਿੰਡ ਆਏ। ਜਿਹੜੇ ਘਰ ਜਾਣ ਔਰਤਾਂ ਜੂਆਂ ਕੱਢ ਰਹੀਆਂ ਹੁੰਦੀਆਂ। ਸਾਰਾ ਪਿੰਡ ਫਿਰੇ ਪਰ ਕੋਈ ਘਰ ਖਾਲੀ ਨਾ ਮਿਲਿਆ। ਉਹ ਜਾਂਦਿਆਂ ਕਹਿਣ ਲੱਗੇ, 'ਪਿੰਡ ਕਾਹਦਾ ਏ ਇਹ ਪਿੰਡ ਤਾਂ ਜੂਆਂ ਵਾਲੀ ਏ ਤੇ ਇਹ ਹੀ ਨਾਂ ਮਸ਼ਹੂਰ ਹੋ ਗਿਆ।

ਬੌਰੇ ਪਿਆਰੇ ਪਿੰਡ ਵੀ ਸਾਡੇ ਗੋਤੀਆਂ ਦਾ ਪਿੰਡ ਸੀ 'ਹੰਜਰਾਵਾਂ ਦਾ'। ਏਥੋਂ ਦੇ ਸੰਤ ਅਰੂੜ ਸਿੰਘ ਜੀ ਸਨ ਜਿੰਨਾ ਦਾ ਪਿਤਾ ਸ੍ਰ. ਮੂਲਾ ਸਿੰਘ ਕਦੇ ਬਹੁਤ

ਸਾਹੂਕਾਰਾ ਕਰਦਾ ਸੀ। ਕਹਿੰਦੇ ਨੇ ਉਹ ਤਿੰਨ ਮੰਜਲੇ ਮਕਾਨ ਦੀ ਉਤਲੀ ਛੱਤ ਤੇ ਬੈਠਾ ਹੁੰਦਾ, ਲੋਕ ਗਹਿਣੇ ਲੈ ਕੇ ਆਉਂਦੇ ਤੇ ਲੁੜੀਂਦੀ ਰਕਮ ਗਿਣਾ ਕੇ ਲੈ ਜਾਂਦੇ। ਦੂਸਰੇ ਰਕਮ ਲਿਆਉਂਦੇ ਤੇ ਆਪਣੇ ਗਹਿਣਿਆਂ ਦੀ ਪੋਟਰੀ ਪਛਾਣ ਕੇ ਲੈ ਜਾਂਦੇ। ਨਾ ਲੈਣ ਲੱਗਿਆਂ ਗਹਿਣੇ ਤੋਲਣੇ ਨਾ ਦੇਣ ਲੱਗਿਆਂ। ਗਹਿਣਿਆਂ ਦੀਆਂ ਪੋਟਲੀਆਂ ਪਰਾਲੀ ਵਿੱਚ ਰੱਖੀਆਂ ਹੁੰਦੀਆਂ, ਨਾ ਅਲਮਾਰੀ, ਨਾ ਸੰਦੂਕ, ਨਾ ਲਾਕਰ ਨਾ ਗੱਲਾ, ਕੇਹਾ ਸਾਹੂਕਾਰਾ ਸੀ, ਕੇਹਾ ਬੈਂਕ ਸੀ।

ਜਦੋਂ ਸਾਹੂਕਾਰ ਮੂਲਾ ਸਿੰਘ ਗੁਜ਼ਰ ਗਿਆ ਓਦੋਂ ਨੌਜਵਾਨ ਪੁੱਤਰ ਅਰੂੜ ਸਿੰਘ ਨਾਮਧਾਰੀ ਬਣ ਚੁੱਕਿਆ ਸੀ। ਮੂਲਾ ਸਿੰਘ ਦੇ ਭੋਗ ਤੇ ਆਏ ਲੋਕਾਂ ਨੂੰ ਉਸ ਆਖਿਆ, ਬਈ ਆਪੋ ਆਪਣੇ ਗਹਿਣੇ ਲੈ ਜਾਓ, ਸਭ ਮੂਲ ਤੇ ਵਿਆਜ ਮੁਆਫ਼। ਬੱਸ ਸਭ ਆਪੋ ਆਪਣੇ ਲੈ ਕੇ ਜਾਇਆ ਜੇ। ਜਿੰਨਾਂ ਦਾ ਉਨ੍ਹਾਂ ਨੂੰ ਪਤਾ ਸੀ, ਉਨ੍ਹਾਂ ਦੇ ਘਰ ਸੁਨੇਹੇ ਭੇਜ ਕੇ ਉਹਨਾਂ ਦੇ ਗਹਿਣੇ ਵਾਪਸ ਕੀਤੇ। ਕਈ ਲੋਕ ਕਹਿੰਦੇ ਵੀ,

'ਅਰੂੜ ਸਿਹਾਂ ਮੂਲ ਤਾਂ ਲੈ ਲੈ ਬਿਆਜ ਨਾ ਸਹੀ' ਪਰ ਅਰੂੜ ਸਿੰਘ ਨੂੰ ਰੱਬੀ ਰੰਗ ਚੜ੍ਹਿਆ ਹੋਇਆ ਸੀ। ਕੁੱਝ ਨਹੀਂ ਲਿਆ ਕਿਸੇ ਤੋਂ। ਕਈ ਲੋਕ ਐਵੇਂ ਹੀ ਗਹਿਣੇ ਲੈ ਗਏ, ਬਾਅਦ ਵਿੱਚ ਅਸਲੀ ਮਾਲਕਾਂ ਨੂੰ ਅਰੂੜ ਸਿੰਘ ਨੇ ਪੱਲਿਓਂ ਭਰੇ ਦੱਸੇ ਜਾਂਦੇ ਸਨ। ਸੰਤ ਅਰੂੜ ਸਿੰਘ ਬਾਅਦ ਵਿੱਚ ਗੁਜ਼ਰਾਂਵਾਲੇ ਜ਼ਿਲੇ ਦੇ ਸੂਬੇ ਥਾਪੇ ਗਏ।

ਮੈਨੂੰ ਯਾਦ ਆਇਆ ਸੂਬਾ ਅਰੂੜ ਸਿੰਘ ਤੇ ਸੰਤ ਤੇਜਾ ਸਿੰਘ ਜੋ ਮੇਰੇ ਸ਼ਰੀਕੇ ਵਿਚੋਂ ਦਾਦਾ ਜੀ ਲੱਗਦੇ ਸਨ। ਇਹ ਸੰਤ ਗੋਪਾਲ ਸਿੰਘ ਲਾਲੇਪੁਰ ਵਾਲਿਆਂ ਦੇ ਛੋਟੇ ਭਰਾ ਸਨ, ਤੀਜਾ ਸ਼ਿੰਗਾਰਾ ਸਿੰਘ ਪਿੰਡੋ ਪਿੰਡ ਦੀਵਾਨ ਲਾ ਕੇ ਨਾਮਧਾਰੀਆਂ ਦਾ ਪ੍ਰਚਾਰ ਕਰਿਆ ਕਰਦੇ ਸਨ। ਪੈਦਲ ਜਾਣਾ ਨਾ ਘੋੜਾ ਨਾ ਟਾਂਗਾ, ਨਾ ਸਾਈਕਲ, ਨਾ ਕਿਸੇ ਤੋਂ ਕੁੱਝ ਲੈਣਾ, ਬੱਸ ਪਰਸ਼ਾਦ ਛੱਕਣਾ ਤੇ ਅੱਗੇ ਚੱਲ ਪੈਣਾ।

ਕਾਰ, ਬਾਠਾਂ ਦੇ ਕਿਲ੍ਹੇ, ਫ਼ਜ਼ਲ ਦੇ ਦੱਸਣ ਤੇ ਮੇਰੇ ਯਾਰ ਗੁਲਾਮ ਕਾਦਰ ਦੇ ਬੂਹੇ ਅੱਗੇ ਜਾ ਖੜੀ ਹੋਈ ਤੇ ਮੈਂ ਯਾਦਾਂ ਦੇ ਸਮੁੰਦਰ ਵਿੱਚ ਹੀ ਟੁਭੀਆਂ ਲਾ ਰਿਹਾ ਸਾਂ। ਕਿਸਾਨ ਨੇ ਮੈਨੂੰ ਹਲੂਣਿਆ।

'ਮਾਸਟਰ ਕੀਹ ਹੋ ਗਿਆ ਤੈਨੂੰ ਕਿਹੜੀਆਂ ਸੋਚਾਂ ਵਿੱਚ ਡੁੱਬਿਆ ਪਿਆ ਏਂ, ਆ ਗਿਆ ਜਾਪਦਾ ਏ ਤੇਰੇ ਯਾਰ ਦਾ ਘਰ, ਜਾ ਜਾਕੇ ਮਿਲ ਲੈ ਤੇ ਵਾਪਸ ਚੱਲੀਏ।'

ਮੈਂ ਉਭੜ ਵਾਹੇ ਉਠਿਆ ਤੇ ਸਾਹਮਣੇ ਬੈਠੇ ਬੰਦਿਆਂ ਵਿਚੋਂ ਆਪਣੇ ਯਾਰ ਗੁਲਾਮ ਕਾਦਰ ਨੂੰ ਲੱਭਣ ਲੱਗਾ। ਪਰ ਸੱਠ ਸਾਲ ਪਹਿਲਾਂ ਵਾਲਾ ਗੋਰਾ ਨਿਸ਼ੋਹ ਮੁੰਡਾ ਕਿੱਥੇ ਦਿੱਸਣਾ ਸੀ। ਫ਼ਜ਼ਲ ਨੇ ਇੱਕ ਹੁੱਕਾ ਗੁੜਗੁੜਾ ਰਹੇ ਬੁੱਢੇ ਵੱਲ ਇਸ਼ਾਰਾ ਕਰਕੇ ਆਖਿਆ, 'ਬਾਬਾ ਜੀ ਇਹ ਜੇ ਤੁਹਾਡਾ ਦੋਸਤ ਮੀਆਂ ਗੁਲਾਮ ਕਾਦਰ।'

'ਹੈਂ ਮੇਰੇ ਯਾਰ ਦੀ ਇਹ ਹਾਲਤ ! ਇਹ ਨਹੀਂ ਹੋਣਾ ਗੁਲਾਮ ਕਾਦਰ ਵਲਦ ਕਰਮ ਦਾਦ ਬਾਠ।' ਮੈਂ ਤ੍ਰਭਕ ਕੇ ਆਖਿਆ।

'ਮੈਂ ਹੀ ਹਾਂ ਗੁਲਾਮ ਕਾਦਰ ਤੇ ਤੂੰ ਕੌਣ ਏਂ ਸਰਦਾਰਾ ! ਬੜੇ ਚਿਰਾਂ ਪਿੱਛੋਂ ਕਿਸੇ ਸਰਦਾਰ ਦੇ ਦੀਦਾਰ ਹੋਏ ਨੇ। ਕਿੰਨੇ ਚੰਗੇ ਸਨ ਸਾਡੇ ਗੁਆਂਢੀ, ਭਾਈ ਈਸ਼ਰ ਸਿੰਘ,

ਭਾਈ ਤਖਤ ਸਿੰਘ, ਮੇਰੇ ਬਾਪ ਚੌਧਰੀ ਕਰਮ ਦਾਦ ਦੇ ਮਾਂ ਜਾਏ ਭਰਾਵਾਂ ਵਾਂਗ ਸਨ। ਬੇੜਾ ਡੁੱਬੇ ਇਹਨਾਂ ਲੀਡਰਾਂ ਦਾ ਉਹਨਾਂ ਪੀੜ੍ਹੀਆਂ ਦਾ ਭਾਈਚਾਰਾ ਖੇਰੂੰ ਖੇਰੂੰ ਕਰ ਛੱਡਿਆ ਏ।' ਹੁੱਕਾ ਪੀਣ ਵਾਲੇ ਬੰਦੇ ਨੇ ਹੁੱਕਾ ਪਰਾਂ ਧੱਕਦਿਆਂ ਆਖਿਆ।

'ਤੇ ਮੈਂ ਬਾਪੂ ਈਸ਼ਰ ਸਿੰਘ ਦਾ ਪੋਤਰਾ ਅਮਰੀਕ ਸਿੰਘ ਹਾਂ ਕਾਦਰਾ !' ਏਨੀ ਆਖ ਕੇ ਮੈਂ ਉਸਨੂੰ ਬੈਠੇ ਨੂੰ ਹੀ ਜੱਫ਼ੀ ਵਿੱਚ ਲੈ ਲਿਆ।

ਉਸ ਵੀ ਮੇਰੇ ਦੁਆਲੇ ਬਾਹਾਂ ਵਲਦਿਆਂ ਆਖਿਆ, 'ਅੱਛਾ ਤਾਂ ਤੂੰ ਮਰੀਕ ਏਂ, ਤੂੰ ਤੇ ਹਾਲੇ ਚੰਗਾ ਭਲਾ ਏਂ, ਮੈਂ ਤਾਂ ਬੀਤ ਹੀ ਚੱਲਿਆਂ ਯਾਰ।'

'ਮੇਰੇ ਤੇ ਤਾਂ ਅੱਲ੍ਹਾ ਦੀ ਰਹਿਮਤ ਏ ਹਾਲੇ।' ਸੁਣਾ ਫਿਰ ਕਿਵੇਂ ਬੀਤੇ ਨੇ ਸੱਠ ਸਾਲ !' ਮੈਂ ਜੱਫ਼ੀ ਵਿੱਚ ਘੁਟਦਿਆਂ ਪੁੱਛਿਆ।

'ਗੁਜ਼ਰ ਗਈ ਗੁਜ਼ਰਾਨ, ਕਿਆ ਝੌਂਪੜੀ ਕਿਆ ਮੈਦਾਨ, ਬੱਸ ਚੰਗੀ ਲੰਘ ਗਈ ਏ, ਤੈਨੂੰ ਮਿਲਣ ਦੀ ਸਿਕ ਸੀ ਉਹ ਵੀ ਖੁਦਾ ਨੇ ਪੂਰੀ ਕਰ ਦਿੱਤੀ ਏ। ਮੇਰਾ ਪੁੱਤਰ ਫੌਜ ਵਿੱਚ ਸੀ ਕਿਸੇ ਵੱਡੀ ਨੌਕਰੀ ਤੇ। ਇੱਕਤਰ ਦੀ ਜੰਗ ਵਿੱਚ ਸ਼ਹੀਦ ਹੋ ਗਿਆ। ਉਹਦਾ ਬਾਲ ਬੱਚਾ ਸ਼ਹਿਰ ਵਿੱਚ ਹੀ ਰਹਿੰਦਾ ਏ। ਮੇਰਾ ਪੁੱਤਰ ਅਸ਼ਫ਼ਾਕ ਜਦੋਂ ਜੰਗ ਵਿੱਚ ਚਲਿਆ ਤਾਂ ਮੈਂ ਉਹਨੂੰ ਪੱਕੀ ਕੀਤੀ ਕਿ ਪਈ ਤੇਰੇ ਵਰਗੀ ਪੱਗ ਵਾਲੇ ਕਿਸੇ ਬੰਦੇ ਨੂੰ ਨਾ ਮਾਰੀਂ, ਕਿਤੇ ਮੇਰੇ ਯਾਰ ਦੇ ਪੁੱਤਰ ਪੋਤਰਿਆਂ ਵਿਚੋਂ ਨਾ ਹੋਵੇ, ਤੇ ਕੀਹ ਦੱਸਾਂ, ਉਹ ਤੁਹਾਡੇ ਵਰਗੇ ਕਿਸੇ ਸਿੱਖ ਨੂੰ ਹੀ ਬਚਾਂਦਾ ਹੋਇਆ ਸਾਹਮਣਿਓਂ ਆਈ ਗੋਲੀ ਦਾ ਸ਼ਿਕਾਰ ਹੋ ਗਿਆ, ਖ਼ੁਦਾ ਉਹਨੂੰ ਜੰਨਤ ਨਸੀਬ ਕਰੇ।'

'ਜਿਵੇਂ ਧੁਰੋਂ ਲਿਖਿਆ ਹੋਵੇ, ਉਹ ਹੀ ਹੋਣਾ ਹੁੰਦਾ ਏ ਮਿੱਤਰਾ ! ਕਿਸੇ ਦੇ ਕੀਹ ਵੱਸ ਏ। ਜਵਾਨ ਪੁੱਤਰ ਦੀ ਮੌਤ ਨੇ ਹੀ ਤੇਰਾ ਇਹ ਹਾਲ ਕਰ ਦਿੱਤਾ ਜਾਪਦਾ ਏ। ਮੈਂ ਉਹਦੇ ਗ਼ਮ ਵਿੱਚ ਸ਼ਰੀਕ ਹੁੰਦਿਆਂ ਆਖਿਆ।

'ਹਾਂ ਮਰੀਕ ਸਿਹਾਂ, ਵਾਰਿਸ ਸ਼ਾਹ ਨੇ ਵੀ ਆਖਿਆ ਏ – ਪੁੱਤਰ ਮਰੇ ਨਾ ਬੁਢਿਆਂ ਮਾਪਿਆਂ ਦਾ' ਉਸ ਬਾਕੀ ਦਾ ਮਿਸ਼ਰਾ ਵਿੱਚੇ ਹੀ ਛੱਡ ਕੇ ਮੇਰਾ ਹਾਲ ਚਾਲ ਪੁੱਛਿਆ।

'ਠੀਕ ਠਾਕ ਏ ਦੋਸਤਾ ਪਰ ਯਾਰਾਂ ਬਾਝ ਕਾਹਦੀਆਂ ਬਹਾਰਾਂ ਨੇ।' ਅਸੀਂ ਹਾਲੇ ਗੱਲੀਂ ਪੈਣ ਹੀ ਲੱਗੇ ਸਾਂ ਕਿ ਕਾਰ ਵਾਲੇ ਮਲਿਕ ਸਾਹਿਬ ਨੇ ਇਸ਼ਾਰਾ ਕੀਤਾ ਤੇ ਘੜੀ ਵਿਖਾਈ।

ਮੇਰੇ ਨਾਲ ਦੇ ਸਾਰੇ ਉਠ ਬੈਠੇ ਸਨ ਤੇ ਮਜ਼ਬੂਰਨ ਮੈਨੂੰ ਵੀ ਉਠਣਾ ਪਿਆ। ਮੇਰਾ ਯਾਰ ਵੀ ਉਠਿਆ ਤੇ ਆਖਣ ਲੱਗਾ, 'ਰਾਤ ਰਹਿੰਦੇ ਮਰੀਕ ਸਿਹਾਂ, ਗੱਲਾਂ ਬਾਤਾਂ ਮਾਰਦੇ, ਪਰ ਤੇਰੀ ਏਸ ਕਾਹਲੀ ਨੇ ਤਾਂ ਇੰਜ ਜਿਵੇਂ ਪੁਲਾਅ (ਮਿੱਠਾ ਜ਼ਰਦਾ) ਦੀ ਥਾਲੀ ਕਿਸੇ ਅੱਗੇ ਰੱਖੀ ਹੋਈ ਚੁੱਕ ਲਈ ਹੋਵੇ ਪਹਿਲੀ ਗਰਾਰੀ ਮੂੰਹ ਵਿੱਚ ਪਾਂਦਿਆਂ ਹੀ।'

ਅਸਾਂ ਫੇਰ ਘੁਟ ਕੇ ਜੱਫ਼ੀ ਪਾਈ, ਸਾਡੇ ਦੋਹਾਂ ਦੀਆਂ ਅੱਖਾਂ ਵਿੱਚੋਂ ਤ੍ਰਿਪ ਤ੍ਰਿਪ ਅੱਥਰੂ ਵਹਿ ਰਹੇ ਸਨ।

ਚੰਗਾ ਫਿਰ ਸਲਾਮ ਕਾਦਰ ਮੀਆਂ, ਨਦੀ ਨਾਵ ਸੰਜੋਗੀ ਮੇਲੇ, ਜੀਂਦੇ ਰਹੇ ਤਾਂ

ਮਿਲਾਂਗੇ ਲੱਖ ਵਾਰੀ, ਮਰ ਗਏ ਤਾਂ ਦਿਲੋਂ ਭੁਲਾਵਣਾ ਨਹੀਂ।' ਏਨੀ ਕਹਿ ਕੇ ਮੈਂ ਵੀ ਕਾਰ ਵਿੱਚ ਆ ਬੈਠਾ। ਅਸਾਂ ਸਾਰਿਆਂ ਨੂੰ ਫੇਰ ਸਲਾਮ ਆਖੀ, ਕਿਉਂਕਿ ਬਹੁਤ ਸਾਰੇ ਲੋਕ ਕੱਠੇ ਹੋ ਗਏ ਸਨ।

ਕਾਰ ਵਾਪਸ ਕੁੜਰਾਂ ਵਾਲੇ ਦੀ ਸੜਕੇ ਪੈ ਗਈ। ਪਰ ਪਿਛਾਂਹ ਹੀ ਵੇਖੀ ਜਾ ਰਿਹਾ ਸਾਂ, ਜਿਵੇਂ ਮੇਰੀ ਕੋਈ ਕੀਮਤੀ ਚੀਜ਼ ਉਥੇ ਰਹਿ ਗਈ ਹੋਵੇ।

ਟੋਇਆਂ ਟਿੱਬਿਆਂ ਵਾਲੀ ਸੜਕ ਤੇ ਜਾਪਾਨੀ ਕਾਰ ਜਾ ਰਹੀ ਸੀ। ਪਰ ਮੇਰੇ ਤੇ ਉਦਾਸੀ ਦਾ ਐਸਾ ਗਲਬਾ ਪਿਆ ਕਿ ਉਕਾ ਚੁੱਪ ਬੈਠਾ ਉਸੇ ਵੱਲ ਹੀ ਵੇਖੀ ਜਾ ਰਿਹਾ ਸਾਂ। ਪਤਾ ਸੀ ਕਿ ਇਹ ਧਰਤੀ ਹੁਣ ਸਾਡੀ ਨਹੀਂ, ਫੇਰ ਵੀ ਏਥੋਂ ਜਾਣ ਨੂੰ ਜੀ ਨਹੀਂ ਸੀ ਕਰ ਰਿਹਾ। ਸ਼ਾਇਦ ਇਹ ਪਿਆਰੀ ਜੰਮਨ ਭੋਂ ਦੇ ਪਿਆਰ ਦੀ ਖਿੱਚ ਸੀ।

ਅਸੀਂ ਪੂਰੇ ਸੱਤ ਵਜੇ ਮੁਮਤਾਜ਼ ਸਾਹਿਬ ਦੇ ਘਰ ਪੁੱਜੇ, ਉਹ ਸਾਰੇ ਸਾਡੀ ਉਡੀਕ ਵਿੱਚ ਖੜ੍ਹੇ ਸਨ।

'ਵਾਹ ਸਿੱਖਾਂ ਵਾਲੀ ਕੀਤੀ ਜੇ ਨਾ।' ਮੁਮਤਾਜ਼ ਪਿਆਰ ਭਰੀ ਘੁਰਕੀ ਨਾਲ ਆਪਣੇ ਅੰਦਾਜ਼ ਵਿੱਚ ਕਹਿ ਰਹੇ ਸਨ।

'ਤੇ ਤੂੰ ਕਿਹੜਾ ਮੁਸਲਿਆਂ ਤੋਂ ਘੱਟ ਕੀਤੀ ਏ ਸਾਡੇ ਨਾਲ ਧਰੂਹੀ ਫਿਰਦਾ ਏਂ ਸਾਨੂੰ ਏਧਰ ਓਧਰ।' ਮੈਂ ਵੀ ਅੱਗੋਂ ਉਸੇ ਅੰਦਾਜ਼ ਵਿੱਚ ਬੋਲਿਆ।

'ਅੱਛਾ ਫਿਰ ਕੁੱਝ ਖਾਣਾ ਏ ਕਿ ਚੱਲੀਏ, ਖੁਦਾ ਦੀ ਕਸਮ ਉਹ ਬੁਰੀ ਤਰ੍ਹਾਂ ਸਾਡਾ ਇੰਤਜ਼ਾਰ ਕਰ ਰਹੇ ਨੇ।' ਮੁਮਤਾਜ਼ ਬਹੁਤ ਕਾਹਲੀ ਵਿੱਚ ਲੱਗਦਾ ਸੀ।

'ਕੁੱਝ ਨਹੀਂ ਖਾਣਾ ਖੂਣਾ ਆਓ ਚੱਲੀਏ।' ਕਿਸਾਨ ਹੁਰਾਂ ਆਖਿਆ।

ਅਸੀਂ ਸੱਤ ਅੱਠ ਬੰਦੇ ਤਿੰਨ ਏ.ਸੀ. ਕਾਰਾਂ ਵਿੱਚ ਬੈਠ ਗਏ ਤੇ 'ਸਤਰਾਹ' ਵੱਲ ਨੂੰ ਚੱਲ ਪਏ। ਸੜਕ ਕਾਫੀ ਖਰਾਬ ਸੀ। ਮਸਾਂ ਨੌਂ ਵਜੇ ਹੀ ਮੰਜ਼ਲੇ ਮਕਸੂਦ ਤੇ ਪਹੁੰਚੇ।

ਦੂਰੋਂ ਅਸਾਂ ਵੇਖਿਆ, ਸੜਕ ਦੇ ਦੋਵੇਂ ਪਾਸੇ ਕਾਫੀ ਲੋਕ ਖੜ੍ਹੇ ਸਨ। ਢੋਲ ਭੰਗੜੇ ਦੀ ਤਾਲ ਤੇ ਵੱਜ ਰਹੇ ਸਨ। ਅਸਾਂ ਸਮਝਿਆ ਕੋਈ ਬਰਾਤ ਹੋਣੀ ਏ। ਗੱਡੀਆਂ ਜ਼ਰਾ ਮੱਠੀਆਂ ਹੋਈਆਂ ਤਾਂ ਸਾਡੇ ਮੇਜ਼ਬਾਨ ਮੀਆਂ ਮੁਹੰਮਦ ਸਈਦ ਤੇ ਹੋਰ ਸਾਨੂੰ ਉਤਰਨ ਲਈ ਕਹਿ ਰਹੇ ਸਨ। ਤਿੰਨਾਂ ਕਾਰਾਂ ਵਿਚੋਂ ਜਦੋਂ ਅਸੀਂ ਉਤਰੇ ਤਾਂ ਦੋਹਾਂ ਪਾਸੇ ਖੜ੍ਹੇ ਲੋਕਾਂ ਨੇ ਫੁੱਲਾਂ ਦੇ ਹਾਰ ਸਾਡੇ ਗਲਾਂ ਵਿੱਚ ਪਾਣੇ ਸ਼ੁਰੂ ਕਰ ਦਿੱਤੇ। ਅਸੀਂ ਸਾਰੇ ਹੈਰਾਨ ਹੋਏ ਇੱਕ ਦੂਜੇ ਵੱਲ ਵੇਖ ਰਹੇ ਸਾਂ। ਕੋਈ ਓਭੜ ਪ੍ਰਾਹੁਣਿਆਂ ਦਾ ਏਨਾ ਮਾਣ ਸਤਿਕਾਰ ਵੀ ਕਰ ਸਕਦਾ ਏ। ਅਸੀਂ ਮਨਾਂ ਵਿੱਚ ਇਹਨਾਂ ਮਹਾਨ ਮਹਿਮਾਨ ਨਿਵਾਜ਼ ਲੋਕਾਂ ਪ੍ਰਤੀ ਧੰਨ ਧੰਨ ਹੋ ਰਹੇ ਸਾਂ। ਕਾਫੀ ਨੌਜਵਾਨ ਭੰਗੜਾ ਪਾ ਰਹੇ ਸਨ। ਅਸਲੀ ਸਿਆਲ ਕੋਟੀ ਭੰਗੜਾ ਜਿਹੜਾ ਪੱਥਰਾਂ ਨੂੰ ਵੀ ਆਪਣੀ ਤਾਲ ਤੇ ਨੱਚਣਾ ਲਾ ਦਿੰਦਾ ਏ।

ਭੰਗੜੇ ਬਾਰੇ ਇੱਕ ਚੁਟਕਲਾ ਮਸ਼ਹੂਰ ਏ। ਇੱਕ ਬੀਬੀ ਦਾ ਪਿਤਾ ਵਿਸਾਖੀ ਦੇ ਨੇੜੇ ਆਪਣੀ ਧੀ ਨੂੰ ਮਿਲਣ ਗਿਆ। ਵਿਸਾਖੀ ਤੋਂ ਇੱਕ ਮਹੀਨਾ ਪਹਿਲਾਂ ਹੀ ਪਿੰਡ ਦੇ

ਨੌਜਵਾਨ ਤੇ ਬੱਚੇ ਕੀਹ ਬੁੱਢੇ ਵੀ ਸ਼ਾਮ ਨੂੰ ਭੰਗੜਾ ਪਾਣਾ ਸ਼ੁਰੂ ਕਰ ਦਿਆਂ ਕਰਦੇ ਸਨ। ਬੀਬੀ ਨੂੰ ਪਤਾ ਸੀ ਕਿ ਢੋਲ ਵੱਜਦਿਆਂ ਸਾਰ ਹੀ ਭਾਪਾ ਜੀ ਨੇ ਨੱਚਣ ਲੱਗ ਪੈਣਾ ਏ। ਉਸ ਨੇ ਭਾਪੇ ਨੂੰ ਅੰਦਰੇ ਹੀ ਰੋਟੀ ਦੇ ਕੇ ਬਾਹਰੋਂ ਕੁੰਡਾ ਲਾ ਦਿੱਤਾ, ਪਈ ਲੋਕ ਮਖੌਲ ਕਰਨਗੇ। ਸ਼ਾਮ ਨੂੰ ਢੋਲ ਵੱਜਿਆ ਤਾਂ ਭਾਪੇ ਹੁਰੀਂ ਨੱਚਣੋਂ ਕਿਵੇਂ ਰਹਿ ਸਕਦੇ ਸਨ। ਕੋਠੇ ਅੰਦਰ ਹੀ ਢੋਲ ਦੀ ਵਾਜ ਤੇ ਭੰਗੜਾ ਪਾਣ ਲੱਗ ਪਿਆ ਤੇ ਨਾਲ ਬੋਲੀ ਜਾਏ, 'ਏਥੇ ਕੀਹ ਤੇ ਓਥੇ ਕੀਹ। ਭਾਵ ਭੰਗੜੇ ਦੀ ਹਾਨ ਵਿੱਚ ਨਹੀਂ ਜਾ ਸਕਿਆ ਤਾਂ ਕੀਹ ਹੋਇਆ, ਯਾਰ ਏਥੇ ਹੀ ਆਪਣਾ ਝੱਸ ਪੂਰਾ ਕਰ ਲੈਣਗੇ।'

ਭੰਗੜੇ ਦੀ ਗੱਲ ਚੱਲੀ ਏ ਤਾਂ ਮੈਂ ਇੱਕ ਹੋਰ ਗੱਲ ਭੰਗੜੇ ਬਾਰੇ ਲਿਖਣੋਂ ਨਹੀਂ ਰਹਿ ਸਕਦਾ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਦਿੱਲੀ ਵਿੱਚ ਇੱਕ ਸ਼ਾਕਾਹਾਰੀ ਸੰਮੇਲਨ ਹੋਇਆ ਸੀ। ਸ੍ਰ. ਤੇਜਾ ਸਿੰਘ ਚੰਦੋਵਾਲੀਏ ਜਿਹੜੇ ਵੱਡੇ ਪੰਜਾਬ ਵਿੱਚ **M.L.C.** ਵੀ ਰਹੇ ਸਨ, ਇਹ ਇਸ ਸਾਰੇ ਸੰਮੇਲਨ ਦੇ ਪ੍ਰਬੰਧਕ ਸਨ, ਬੜੇ ਜ਼ਿੰਦਾਦਿਲ ਇਨਸਾਨ ਸਨ। ਸੰਮੇਲਨ ਦੀ ਆਖ਼ਰੀ ਰਾਤ ਇੱਕ ਵਿਸ਼ਾਲ ਸਭਿਆਚਾਰਕ ਪ੍ਰੋਗਰਾਮ ਹੋਇਆ। ਚੂੰਕਿ ਦੁਨੀਆਂ ਦੇ ਕਰੀਬ ਕਰੀਬ ਸਾਰੇ ਦੇਸ਼ਾਂ ਵਿੱਚੋਂ ਪ੍ਰਤੀਨਿੱਧ ਆਏ ਸਨ, ਭਾਰਤ ਦੇ ਸਾਰੇ ਲੋਕ-ਨਾਚ ਪੇਸ਼ ਹੋ ਰਹੇ ਸਨ, ਪਰ ਮਹਿਫ਼ਲ ਜੰਮ ਨਹੀਂ ਸੀ ਰਹੀ। ਆਖ਼ਰ ਸ੍ਰ. ਤੇਜਾ ਸਿੰਘ ਨੇ ਸਟੇਜ ਸੰਚਾਲਕ ਨੂੰ ਆਖਿਆ ਕਿ ਜੇ ਇਹ ਪ੍ਰੋਗਰਾਮ ਸਫਲ ਬਣਾਉਣਾ ਏ ਤਾਂ ਭੰਗੜਾ ਸ਼ੁਰੂ ਕਰੋ। ਪਰਦੇ ਦੇ ਪਿੱਛੇ ਈ ਜਦੋਂ ਸੁਨਾਮ ਵਾਲੇ ਮਸ਼ਹੂਰ ਢੋਲਚੀ ਬਲਵੰਤ ਦਾ ਡੱਗਾ ਢੋਲ ਤੇ ਵੱਜਾ ਤਾਂ ਦੇਸੀ ਪਰਦੇਸੀ ਸਾਰੇ ਲੋਕਾਂ ਨੇ ਕੰਨ ਖੜ੍ਹੇ ਕਰ ਲਏ। ਢੋਲਚੀ ਪਰਦੇ ਪਿੱਛੇ ਹੀ ਢੋਲ ਵਜਾ ਰਿਹਾ ਸੀ, ਸਾਹਮਣੇ ਬੈਠੇ ਲੋਕਾਂ ਨੂੰ ਪਹਿਲਾਂ ਹੀ ਨੱਚਣ ਤੇ ਮਜਬੂਰ ਕਰ ਦਿੱਤਾ। ਬਲਵੰਤ ਢੋਲਚੀ ਹਮੇਸ਼ਾ ਹੀ ਪਰਦੇ ਪਿੱਛੇ ਹੀ ਪੰਜ ਮਿੰਟ ਪਹਿਲਾਂ ਢੋਲ ਦੇ ਕਰਤਬ ਵਿਖਾ ਕੇ, ਆਪਣੇ ਹੱਥਾਂ ਦੇ ਕਮਾਲ ਦਾ ਸਿੱਕਾ ਜਮਵਾ ਲਿਆ ਕਰਦਾ ਸੀ। ਪਰਦਾ ਉਠਿਆ ਤਾਂ ਛੇ ਫੁਟਾ ਬਲਵੰਤ ਢੋਲਚੀ ਆਪ ਹੀ ਨੱਚ ਨੱਚ ਕੇ ਢੋਲ ਦੀਆਂ ਵੰਨ ਸੁਵੰਨੀਆਂ ਗਤਾਂ ਕੱਢ ਰਿਹਾ ਸੀ। ਪੰਜਾਬ ਦੇ ਚੁਗਵੇਂ ਨੌਜਵਾਨ ਭੰਗੜਚੀ ਜਦੋਂ ਸਟੇਜ ਤੇ ਨਮੂਦਾਰ ਹੋਏ ਤਾਂ ਮਾਹੌਲ ਸਾਰਾ ਹੀ ਨੱਚਣਹਾਰਾ ਬਣ ਗਿਆ।

ਸ੍ਰ. ਤੇਜਾ ਸਿੰਘ ਮੇਰੇ ਕੋਲ ਖੜ੍ਹੇ ਸਨ। ਫਾਈਲਾਂ ਮੇਰੇ ਹੱਥ ਫੜਾ ਕੇ ਕਹਿਣ ਲੱਗੇ, 'ਅਮਰੀਕ ਸਿੰਘ, ਫੜ ਮੇਰੇ ਤੋਂ ਹੁਣ ਨਹੀਂ ਰਿਹਾ ਜਾਂਦਾ।' ਪੰਝਤਰ ਸਾਲਾ ਨੌਜਵਾਨ ਭੱਜ ਕੇ ਸਟੇਜ ਤੇ ਚੜ੍ਹ ਗਿਆ ਤੇ ਢੋਲਚੀ ਨੂੰ ਆਪ ਤਾਲ ਦੱਸ ਕੇ ਨੱਚਣ ਲੱਗ ਪਿਆ। ਸਾਰੇ ਭੰਗੜਾ ਟੀਮ ਵਾਲੇ ਹੈਰਾਨ, ਇਹ ਤਾਲ ਸ਼ਾਇਦ ਉਹਨਾਂ ਸਿੱਖਿਆ ਹੀ ਨਹੀਂ ਸੀ। ਮਾਈਕ ਹੱਥ ਵਿੱਚ ਲੈ ਕੇ ਆਖਣ ਲੱਗੇ, ਜਿਹੜਾ ਭੰਗੜਾ ਤੁਸੀਂ ਕਰ ਰਹੇ ਹੋ, ਉਹ ਕੋਈ ਭੰਗੜਾ ਏ ? ਇਹ ਤਾਂ ਕਿਸੇ ਅੰਗਰੇਜ਼ੀ ਡਾਂਸ ਦੀ ਨਕਲ ਏ ? ਆਓ ਪੁੱਤਰੋ, ਮੇਰੇ ਨਾਲ ਪਾਓ ਅਸਲੀ ਸਿਆਲ ਕੋਟੀ ਭੰਗੜਾ।

ਗੱਲ ਕੀ ਉਹ ਰਸ ਬੱਝਾ ਕਿ ਦੇਸੀ ਵਿਦੇਸੀ ਸਭ ਸਟੇਜ ਤੇ ਚੜ੍ਹ ਕੇ ਸ੍ਰ. ਤੇਜਾ

ਸਿੰਘ ਨਾਲ ਨੱਚਣ ਲੱਗ ਪਏ। ਜਿਹੜੇ ਬੈਠੇ ਸਨ, ਉਹ ਵੀ ਹੱਥਾਂ ਨਾਲ ਤਾਲ ਦੇ ਰਹੇ ਸਨ। ਰਾਤ ਦਾ ਇੱਕ ਵੱਜ ਗਿਆ। ਆਸਟ੍ਰੇਲੀਆ ਦੇ ਲੰਮ ਸਲੰਮੇ ਨੌਜਵਾਨ, ਕੰਬੋਡੀਆ ਦੇ ਬੋਧੀ, ਅਮਰੀਕਨ, ਭਾਰਤੀ, ਅਫਰੀਕਨ, ਯੂਰਪੀ, ਸਭ ਕੱਠੇ ਭੰਗੜਾ ਪਾ ਰਹੇ ਸਨ। ਜਿਵੇਂ ਸਾਰੀ ਦੁਨੀਆਂ ਏਸ ਸਟੇਜ ਤੇ ਕੱਠੀ ਹੋ ਗਈ ਹੋਵੇ। ਸਭ ਲੋਕ-ਨਾਚ ਇੱਕ ਹੋ ਗਏ ਹੋਣ, ਸਾਰੇ ਸਭਿਆਚਾਰ ਇੱਕ ਹੋ ਗਏ ਹੋਣ।

ਖਾਣਾ ਤਿਆਰ ਸੀ ਤੇ ਲੰਗਰ ਇਨਚਾਰਜ ਵਾਰ ਵਾਰ ਕਹਿ ਰਿਹਾ ਸੀ, ਬੰਦ ਕਰੋ। ਖਾਣਾ ਠੰਢਾ ਹੋ ਜਾਏਗਾ ਤੇ ਸਾਡੀ ਮਿਹਨਤ ਐਵੇਂ ਜਾਏਗੀ। ਪਰ ਕੌਣ ਸੁਣਦਾ ਸੀ ਉਹਦੀ। ਢੋਲਚੀ ਆਪਣੇ ਵੱਖਰੇ ਕਰਤੱਬ ਵਿਖਾ ਰਿਹਾ ਸੀ, ਦੂਸਰੇ ਢੋਲ ਦੇ ਉਲਟੇ ਪਾਸੇ ਉਤੇ ਪੰਜ ਰੁਪਏ ਦੇ ਸਿੱਕੇ ਰੱਖ ਕੇ ਜਦੋਂ ਆਪਣੇ ਢੋਲ 'ਤੇ ਡੱਗਾ ਲਾਉਂਦਾ ਤਾਂ ਪੰਜੇ ਰੁਪੈ ਉਸੇ ਤਾਲ ਤੇ ਭੰਗੜਾ ਪਾਣਾ ਸ਼ੁਰੂ ਕਰ ਦਿੰਦੇ। ਲੋਕ ਹੈਰਾਨ ਸਨ ਉਹਦੀ (ਢੋਲਚੀ ਦੀ) ਕਲਾ ਤੋਂ। ਰਾਤ ਦੇ ਢਾਈ ਵਜੇ ਜਾ ਕੇ ਇਹ ਪ੍ਰੋਗਰਾਮ ਖਤਮ ਹੋਇਆ ਤੇ ਸਾਰੇ ਲੋਕਾਂ ਖਾਣਾ ਖਾਧਾ।

ਹਾਂ ਤੇ ਆਪਾਂ ਫੇਰ ਪਿੰਡ 'ਸਤਰਾਹ' ਵਾਲੇ ਸਵਾਗਤੀ ਜਲੂਸ ਦੀ ਯਾਦ ਕਰੀਏ। ਸੜਕ ਤੋਂ ਠੋਈ ਅੱਧਾ ਕਿਲੋਮੀਟਰ ਸਾਡੇ ਮੇਜ਼ਬਾਨ ਮੁਹੰਮਦ ਸਈਦ ਹੁਰਾਂ ਦਾ ਬਾਸਮਤੀ ਚੌਲਾਂ ਦਾ ਸ਼ੈਲਰ ਸੀ। ਇਹ ਜਲੂਸ ਭੰਗੜਾ ਪਾਂਦਾ ਪੂਰੇ ਅੱਧੇ ਘੰਟੇ ਵਿੱਚ ਸ਼ੈਲਰ ਦੇ ਸਾਹਮਣੇ ਪੁੱਜਾ ਹੋਵੇਗਾ। ਮੇਨ ਗੇਟ ਦੇ ਬਾਹਰਵਾਰ ਪੁੱਜੇ ਤਾਂ ਇੱਕ ਪਾਸੇ ਕੁਰਸੀਆਂ ਲੱਗੀਆਂ ਹੋਈਆਂ ਤੇ ਸਾਹਮਣੇ ਘੇਰੇ ਵਿੱਚ ਮੰਜੀਆਂ ਡਾਹੀਆਂ ਗਈਆਂ ਸਨ। ਅਸੀਂ ਤੇ ਸਾਰੇ ਲੋਕ ਕੁੱਝ ਕੁਰਸੀਆਂ ਤੇ ਕੁੱਝ ਮੰਜੀਆਂ ਤੇ ਬੈਠ ਗਏ। ਢੋਲ ਵਾਲਾ ਅਜੇ ਵੀ ਤਾਲ ਦੇ ਰਿਹਾ ਸੀ ਤੇ ਸਾਡੇ ਸਾਹਮਣੇ ਭੰਗੜਾ ਇੱਕ ਵੇਰਾਂ ਫੇਰ ਚਰਮ ਸੀਮਾ ਤੇ ਪੁੱਜ ਗਿਆ ਲੱਗਦਾ ਸੀ।

ਆਖ਼ਰ ਮੀਆਂ ਮੁਹੰਮਦ ਸਈਦ ਨੇ ਢੋਲ ਵਾਲੇ ਨੂੰ ਮਸਾਂ ਬੰਦ ਕਰਵਾਇਆ ਤੇ ਮਾਹੌਲ ਸ਼ਾਂਤ ਹੋਇਆ।

ਜ਼ਾਹਿਦ ਮੁਮਤਾਜ਼ ਹੁਰਾਂ ਖੜ੍ਹੇ ਹੋ ਕੇ ਸਾਰੇ ਇਕੱਠ ਨੂੰ ਸੰਬੋਧਨ ਕੀਤਾ, 'ਭਰਾਵੋ ! ਇਹ ਸਾਡੇ ਭਰਾ ਭਾਰਤ ਵਿੱਚੋਂ ਆਏ ਨੇ, ਪਰ ਹੈਣ ਏਸ ਧਰਤੀ ਦੇ ਜੰਮਪਲ। ਤੁਸਾਂ ਇਹਨਾਂ ਦਾ ਤੇ ਸਾਡਾ ਨਿੱਘਾ ਸੁਆਗਤ ਕੀਤਾ ਏ, ਅਸੀਂ ਇਹਨਾਂ ਸਮੇਤ ਤੁਹਾਡੇ ਮਮਨੂਨ ਤੇ ਮਸ਼ਕੂਰ (ਧੰਨਵਾਦੀ) ਹਾਂ। ਸਾਨੂੰ ਏਥੇ ਪਹੁੰਚਦਿਆਂ ਬਹੁਤ ਦੇਰ ਹੋ ਗਈ, ਸੋ ਅਸੀਂ ਤੁਹਾਡੇ ਤੋਂ ਮੁਆਫ਼ੀ ਦੇ ਖ਼ਾਸਤਗਾਰ (ਚਾਹਵਾਨ) ਹਾਂ।'

ਫੇਰ ਦੋ ਦੋ ਮਿੰਟ ਸਾਨੂੰ ਆਪਣੇ ਬਾਰੇ ਦੱਸਣ ਲਈ ਕਿਹਾ ਗਿਆ। ਅਸਾਂ ਸਾਰਿਆਂ ਸੰਖੇਪ ਵਿੱਚ ਆਪਣੀ ਜਾਣ ਪਛਾਣ ਕਰਾਈ। ਸਾਧੂ ਸਿੰਘ ਹੁਰਾਂ ਕਿਹਾ, 'ਤੁਸਾਂ ਸਾਨੂੰ ਏਥੇ ਸੱਦ ਕੇ ਬਹੁਤ ਕੁੱਝ ਜਾਣਨ ਦਾ ਮੌਕਾ ਦਿੱਤਾ ਏ। ਤੁਹਾਡੀ ਮਹਿਮਾਨ ਨਵਾਜ਼ੀ ਤੇ ਕੁਰਬਾਨ ਹੋ ਜਾਣ ਨੂੰ ਜੀ ਕਰਦਾ ਏ।'

ਬਲੀ ਸਿੰਘ ਹੁਰਾਂ ਕਿਹਾ, ਸ਼ਾਲਾ ਸਾਡੀ ਦੋਹਾਂ ਮੁਲਕਾਂ ਦੀ ਦੋਸਤੀ ਬਣੀ ਰਹੇ ਤੇ ਅਸੀਂ ਤੇ ਤੁਸੀਂ ਏਸੇ ਤਰ੍ਹਾਂ ਘੁਟ ਘੁਟ ਮਿਲਦੇ ਰਹੀਏ।'

'ਤੁਹਾਡੇ ਪਿਆਰ ਨੇ ਸਾਨੂੰ ਐਸਾ ਭਰਪੂਰ ਕੀਤਾ ਏ ਕਿ ਇਹਦੇ ਖ਼ੁਮਾਰ ਨਾਲ ਅਸੀਂ ਮਖ਼ਮੂਰ ਹੋਏ ਪਏ ਹਾਂ। ਸਾਨੂੰ ਸਾਰੀ ਦੁਨੀਆਂ ਆਪਣੀ ਲੱਗਣ ਲੱਗ ਪਈ ਏ। ਅੱਲ੍ਹਾ ਕਰੇ ਤੁਸੀਂ ਸੁਖੀ ਵੱਸੋ ਤੇ ਆਪਸ ਵਿੱਚ ਮੁਹੱਬਤ ਦੇ ਗੀਤ ਗਾ ਕੇ ਸਾਰੀ ਦੁਨੀਆਂ ਨੂੰ ਮਸਤ ਕਰ ਦਿਓ। ਤੁਹਾਡਾ ਇਹ ਪਿਆਰ ਸਾਰੀ ਦੁਨੀਆਂ ਵਿੱਚ ਫੈਲ ਜਾਏ ਤੇ ਨਫਰਤ ਕਦੂਰਤ ਏਸ ਦੁਨੀਆਂ ਤੋਂ ਡੇਰਾ ਚੁਕ ਜਾਵੇ।' ਇਹ ਲਫ਼ਜ਼ ਬੜੇ ਭਾਵਕ ਹੋ ਕੇ ਮੇਰੇ ਮੂੰਹੋਂ ਨਿਕਲੇ।

ਗੁਰਤੇਜ ਸਿੰਘ ਹੁਰਾਂ ਤੇ ਰਮਨਦੀਪ ਜੀ ਨੇ ਬੜੇ ਮੋਹ ਭਰੇ ਸ਼ਬਦਾਂ ਵਿੱਚ ਲੋਕਾਂ ਦਾ ਧੰਨਵਾਦ ਕੀਤਾ। ਕਿਹਾ, 'ਸੱਜਣੋ ਜ਼ਿੰਦਗੀ ਦੇ ਇਹ ਪਲ ਸਾਨੂੰ ਉਮਰ ਭਰ ਯਾਦ ਰਹਿਣਗੇ। ਤੁਸੀਂ ਵੀ ਸਾਨੂੰ ਨਾ ਭੁਲਿਆ ਜੇ। ਯਾਦਾਂ ਦੀ ਇਹ ਪਿਆਰ ਗੰਢ ਏਨੀ ਪੀਚ ਹੋ ਜਾਏ ਕਿ ਖੋਲ੍ਹਿਆਂ ਵੀ ਨਾ ਖੁਲ੍ਹ ਸਕੇ। ਤੁਸੀਂ ਸਾਰੇ ਹੀ ਬੜੇ ਪਿਆਰੇ ਹੋ, ਤੁਹਾਡਾ ਇਹ ਪਿਆਰ ਦੁਨੀਆਂ ਦੀਆਂ ਸਭ ਨਫਰਤਾਂ ਦੂਰ ਕਰ ਸਕਦਾ ਏ।'

ਮੁਮਤਾਜ਼ ਹੁਰੀਂ ਤਾਂ ਜਿਵੇਂ ਮਸਤਾਨੇ ਹੀ ਹੋ ਗਏ। ਕਹਿਣ ਲੱਗੇ, 'ਯਾਰੋ, ਮੈਨੂੰ ਪਤਾ ਨਹੀਂ ਸੀ ਮੇਰੇ ਕੋਲ ਹੀ ਇਹ ਪ੍ਰੇਮ ਨਗਰੀ ਵੱਸਦੀ ਏ। ਇਹਨਾਂ ਸਾਰਿਆਂ ਦੀ ਬਦੌਲਤ ਅੱਜ ਤੁਹਾਨੂੰ ਜਾਣ ਵੀ ਸਕਿਆ ਤੇ ਮੰਨ ਵੀ। ਅੱਲ੍ਹਾ ਕਰੇ ਤੁਸੀਂ ਏਸੇ ਤਰ੍ਹਾਂ ਲੋਕਾਂ ਵਿੱਚ ਪਿਆਰ ਤੇ ਮੁਹੱਬਤਾਂ ਵੰਡਦੇ ਰਹੋ। ਵਕਤ ਬਹੁਤ ਹੋ ਗਿਆ ਏ, ਫੇਰ ਮਿਲਾਂਗੇ ਖੁਦਾ ਨੇ ਚਾਹਿਆ ਤਾਂ।'

ਮਲਿਕ ਮੁਹੰਮਦ ਸਈਦ ਨੇ ਸਾਨੂੰ ਸਾਰਿਆਂ ਨੂੰ ਇੱਕ ਇੱਕ ਪੈਕਟ ਜਿਸ ਵਿੱਚ ਜਪਾਨੀ ਕੱਪੜੇ ਦਾ ਸੂਟ ਤੇ 376 ਦੀ ਮਲਮਲ ਦੀ ਪੱਗ ਸੀ ਤੋਹਫ਼ੇ ਵਜੋਂ ਦਿੱਤਾ ਇੱਕ ਬਜ਼ੁਰਗ ਦੇ ਹੱਥੀਂ, ਤੇ ਨਾਲ ਹੀ ਇਹ ਵੀ ਆਖਿਆ ਕਿ ਇੱਕ ਇੱਕ ਕੱਟਾ ਬਾਸਮਤੀ ਚਾਵਲ ਤੁਹਾਡੇ ਲਈ ਤੋਹਫ਼ੇ ਵਜੋਂ, ਮਨਜ਼ੂਰ ਕਰਨੇ।

ਮੈਂ ਹੱਸ ਕੇ ਆਖਿਆ, 'ਇੱਕ ਇੱਕ ਖੋਤਾ ਵੀ ਸਾਨੂੰ ਲੈ ਦਿਓ ਤਾਕਿ ਅਸੀਂ ਲੱਦ ਕੇ ਬਾਰਡਰ ਤੱਕ ਲੈ ਜਾਈਏ।'

ਅੱਗੋਂ ਹਾਜ਼ਰ ਜੁਆਬ ਮੁਮਤਾਜ਼ ਕਿਹੜਾ ਘੱਟ ਸੀ, ਆਖਣ ਲੱਗਾ – 'ਅਸੀਂ ਤਾਂ ਦੇ ਦਿਆਂਗੇ ਪਰ ਪਾਸਪੋਰਟ ਵੀਜ਼ਾ ਨਹੀਂ ਬਣੇਗਾ ਉਹਦਾ, ਸਾਡੀ ਸਰਕਾਰ ਵੀਜ਼ਿਆਂ ਪ੍ਰਤੀ ਬਹੁਤ ਕੰਜੂਸ ਏ।'

ਸਾਰੇ ਬਹੁਤ ਹੱਸੇ। ਸਾਹਮਣੇ ਹੀ ਮੇਜ਼ਾਂ ਤੇ ਖਾਣਾ ਲਗਾ ਹੋਇਆ ਸੀ, ਅਸਾਂ ਜਾਣਿਆ ਸਾਡੇ ਖਾਣ ਵਾਲੀ ਕੋਈ ਚੀਜ਼ ਨਹੀਂ ਹੋਣੀ। ਅਸਾਂ ਠੰਢੇ ਦੀ ਇੱਕ ਇੱਕ ਬੋਤਲ ਲਈ ਤੇ ਉਹਨਾਂ ਦੇ ਵਿੱਚ ਹੀ ਤੁਰਦੇ ਫਿਰਦੇ ਰਹੇ। ਤਿੰਨ ਚਾਰ ਸੌ ਆਦਮੀ ਨੇ ਕੱਠਿਆਂ ਖਾਣਾ ਖਾਧਾ।

ਲੌ ਜੀ ਵਿਛੜਨ ਘੜੀ ਆ ਗਈ। ਅਸਾਂ ਚੌਲਾਂ ਦੇ ਕੱਟਿਆਂ ਤੋਂ ਮਾਫ਼ੀ ਮੰਗੀ, ਫੇਰ ਵੀ ਇੱਕ ਕੱਟਾ ਤਾਂ ਉਹਨਾਂ ਕਾਰ ਵਿੱਚ ਰੱਖ ਹੀ ਦਿੱਤਾ।

ਮੈਂ ਕੀਹ ਅਸੀਂ ਸਾਰੇ ਹੀ ਏਸ ਪਿਆਰ ਮਿਲਣੀ ਬਾਰੇ ਸੋਚ ਰਹੇ ਸਾਂ। ਇਹ ਕੈਸਾ ਮੁਹੱਬਤ ਦਾ ਰਿਵਾਜ਼ ਜੋ ਇੱਕ ਦੂਜੇ ਨੂੰ ਨਾ ਜਾਣਦੇ ਹੋਏ ਵੀ ਏਨਾਂ ਜਾਣ ਗਏ ਹਾਂ ਕਿ ਹੋਰ

ਕੁੱਝ ਜਾਣਨ ਦੀ ਲੋੜ ਹੀ ਤਾਂ ਨਹੀਂ ਰਹੀ।

ਯਾਦ ਨਹੀਂ ਕਾਰ ਵਿੱਚ ਬੈਠਣ ਤੱਕ ਅਸਾਂ ਕਿੰਨਿਆਂ ਅਨਜਾਣੇ ਦੋਸਤਾਂ ਨੂੰ ਜੱਫੀਆਂ ਪਾਈਆਂ। ਕਿੰਨਿਆਂ ਨਾਲ ਹੱਥ ਮਿਲਾਏ ਤੇ ਕਿੰਨਿਆਂ ਨੂੰ ਅਸਾਂ ਦੂਰੋਂ ਸਲਾਮ ਆਖੀ। ਅਜ਼ੀਬ ਨਜ਼ਾਰਾ ਸੀ ਉਹ ਲਫਜ਼ਾਂ ਵਿੱਚ ਕਿਵੇਂ ਬਿਆਨ ਕੀਤਾ ਜਾ ਸਕਦਾ ਏ।

ਕਾਰਾਂ ਵਿੱਚ ਬੈਠ ਕੇ ਅਸਾਂ ਸਭ ਨੂੰ ਫੇਰ ਕੱਠੀ ਸਲਾਮ ਆਖੀ, ਕਾਰਾਂ ਤੁਰ ਪਈਆਂ ਪਰ ਇੰਜ ਲੱਗਦਾ ਸੀ ਜਿਵੇਂ ਸਾਡਾ ਕੁੱਝ ਰਹਿ ਗਿਆ ਏ 'ਸਤਰਾਹ' ਦੀ ਧਰਤੀ ਤੇ।

ਸਤਰਾਹ ਏਸ ਪਿੰਡ ਨੂੰ ਏਸ ਵਾਸਤੇ ਆਖਿਆ ਜਾਂਦਾ ਹੈ ਕਿ ਵੱਖ ਵੱਖ ਸੱਤ ਪਿੰਡਾਂ ਨੂੰ ਰਾਹ ਏਥੋਂ ਜਾਂਦੇ ਹਨ। ਇਹ ਮੈਨੂੰ ਉਥੋਂ ਦੇ ਇੱਕ ਬਜ਼ੁਰਗ ਨੇ ਦੱਸਿਆ। ਪਿੰਡ ਗੁਰੂ ਚੱਕ, ਵਾਂਦੇ, ਖੰਡੂਵਾਲੀ, ਬਸਰਾਅ ਤੇ ਬਾਕੀ ਮੈਨੂੰ ਯਾਦ ਨਹੀਂ, ਕਾਗ਼ਜ਼ ਤੇ ਲਿਖ ਨਹੀਂ ਸਾਂ ਸਕਿਆ।

ਸਾਰਾ ਰਸਤਾ ਅਸੀਂ ਹੁਣੇ ਹੁਣੇ ਹੋਈ ਇਸ ਪਿਆਰ ਮਿਲਣੀ ਬਾਕੇ ਗੱਲਾਂ ਕਰਦੇ ਰਹੇ। ਗੱਲਾਂ ਮੁੱਕ ਨਹੀ ਸਨ ਰਹੀਆਂ, ਪਰ ਸਫ਼ਰ ਸਾਡਾ ਮੁੱਕ ਚੁੱਕਾ ਸੀ ਤੇ ਅਸੀਂ ਮਲਿਕ ਜ਼ਾਹਿਦ ਹੁਸੈਨ ਦੇ ਪੈਟਰੋਲ ਪੰਪ ਤੇ ਕਾਰਾਂ ਤੋਂ ਉਤਰ ਰਹੇ ਸਾਂ।

ਇਹ ਪੈਟਰੋਲ ਪੰਪ ਇਹਨਾਂ ਦਾ ਹੁਣੇ ਹੀ ਖੁਲ੍ਹਿਆ ਹੈ। ਇਹਨੂੰ ਪੈਟਰੋਲ ਪੰਪ ਨਾ ਆਖ ਕੇ ਗੈਸ ਪੰਪ ਆਖਿਆ ਜਾਏ ਤਾਂ ਠੀਕ ਹੈ ਕਿਉਂਕਿ ਪਾਕਿਸਤਾਨ ਵਾਲਿਆਂ ਨੂੰ ਕੁਦਰਤ ਨੇ ਇਨਤੀ ਗੈਸ ਦਿੱਤੀ ਏ ਕਿ ਕੋਈ ਟਰੱਕ, ਬੱਸ, ਕਾਰ, ਏਥੋਂ ਤੱਕ ਕਿ ਥ੍ਰੀਵਹੀਲਰ ਵੀ ਗੈਸ ਤੋਂ ਹੀ ਚੱਲਦੇ ਹਨ। ਏਸੇ ਲਈ ਪ੍ਰਦੂਸ਼ਣ ਬਹੁਤ ਘੱਟ ਹੋ ਗਿਆ ਏ।

ਸਵਾਰੀਆਂ ਵਾਲੇ ਆ ਕੇ ਗੱਡੀ ਖੜ੍ਹੀ ਕਰਕੇ ਗੈਸ ਹੀ ਭਰਾਂਦੇ ਵੇਖੇ। ਟੰਕੀ ਨਾਲ ਇੱਕ ਪਾਈਪ ਜੋੜਦੇ ਤੇ ਇੱਕ ਅਜੀਬ ਜਿਹੀ ਆਵਾਜ਼ ਨਾਲ ਲੋੜੀਂਦੀ ਗੈਸ ਭਰੀ ਜਾਂਦੀ। ਗੈਸ ਦਾ ਇਹ ਭੰਡਾਰ ਕੋਟੇ ਵਿੱਚ ਮਿਲਿਆ ਦੱਸਿਆ ਜਾਂਦਾ ਹੈ।

ਜ਼ਾਹਿਦ ਮੀਆਂ ਦੱਸ ਰਹੇ ਸਨ ਕਿ ਤੁਹਾਡੇ ਤੁਫੈਲ ਤੇ ਅੱਲ੍ਹਾ ਮੀਆਂ ਦੀ ਮਿਹਰਬਾਨੀ ਨਾਲ ਗੈਸ ਕੁਨੈਕਸ਼ਨ ਪਰਸੋਂ ਹੀ ਮਿਲਿਆ ਹੈ।

ਅਸੀਂ ਲੱਗੀ ਮੇਜ਼ ਤੇ ਬੈਠੇ ਹੀ ਸਾਂ ਕਿ ਆਈਸ ਕ੍ਰੀਮ ਆ ਗਈ, ਨਾਲ ਸ਼ਰਬਤ ਦੀਆਂ ਬੰਦ ਡੱਬੀਆਂ। ਅਸੀਂ ਸਾਰਿਆਂ ਸਭ ਕੁੱਝ ਛੇਤੀ ਛੇਤੀ ਲਿਆ ਤੇ ਘਰ ਜਾਣ ਲਈ ਉਤਾਵਲੇ ਹੋ ਗਏ। ਵਕਤ ਵੀ ਤਾਂ ਸੁਖ ਨਾਲ ਡੇਢ੍ਹ ਦਾ ਹੋ ਗਿਆ ਸੀ।

ਸਾਨੂੰ ਜ਼ਾਹਿਦ ਸਾਹਿਬ ਨੇ ਚਾਬੀ ਛੱਲੇ ਦੋ ਦੋ ਚਾਰ ਚਾਰ ਦਿੱਤੇ ਤੇ ਕਾਰਾਂ ਤੇ ਸਵਾਰ ਹੋ ਮਸਾਂ ਦੋ ਵਜੇ ਘਰ ਪੁੱਜੇ। ਹੁੰਘਲਾਂਦੇ ਹੋਏ ਅਸੀਂ ਆਪਣੇ ਬਿਸਤਰਿਆਂ ਤੇ ਡਿੱਗੇ ਕਿਉਂਕਿ ਬਹੁਤ ਥੱਕ ਗਏ ਸਾਂ।

## 14.04.2007

ਸਵੇਰੇ ਇਸ਼ਨਾਨ ਕਰਕੇ ਆਪਣਾ ਸਾਮਾਨ ਸੰਭਾਲਿਆ। ਮੇਰਾ ਬੈਗ ਕੁੱਝ ਭਾਰਾ ਹੋ ਗਿਆ। ਜਿਸਦਾ ਕਾਰਨ ਮੇਰੇ ਲਾਲੇਪੁਰ ਵਾਲੇ ਘਰ ਦੀ ਮਿੱਟੀ ਸੀ। ਨਾਲ ਦਿਆਂ ਨੇ ਕਾਫ਼ੀ ਆਖਿਆ ਕਿ ਛੱਡ ਏਸ ਭਾਰ ਨੂੰ ਪਰ ਮੈਂ ਨਹੀਂ ਮੰਨਿਆ।

ਸਵੇਰੇ ਨੌਂ ਵਜੇ ਮੁਮਤਾਜ਼ ਸਾਹਿਬ ਨੇ ਬੂਹਾ ਖੜਕਾਇਆ। ਸਾਨੂੰ ਤਿਆਰ ਹੋਏ ਬੈਠਿਆਂ ਨੂੰ ਵੇਖ ਕੇ ਆਖਣ ਲੱਗੇ।

'ਰਾਤੀਂ ਹੀ ਬੋਰੀਆ ਬਿਸਤਰਾ ਬੰਨ੍ਹ ਕੇ ਸੁੱਤੇ ਜਾਪਦੇ ਓ ਬਾਬਿਓ।'

'ਨਹੀਂ, ਸਵੇਰੇ ਹੀ ਸਾਰੀ ਤਿਆਰੀ ਕੀਤੀ ਏ ਬਾਦਸ਼ਾਹੋ।' ਮੈਂ ਉੱਤਰ ਦਿੱਤਾ।

'ਤਾਂ ਤੁਸੀਂ ਹੁਣ ਚਲੇ ਹੀ ਜਾਣਾ ਜਾਪਦਾ ਏ। ਯਾਰ ਬਹੁਤ ਔਖਾ ਜਿਹਾ ਮਹਿਸੂਸ ਹੋ ਰਿਹਾ ਏ।' ਮੁਮਤਾਜ਼ ਨੇ ਹੌਕਾ ਲੈ ਕੇ ਆਖਿਆ।

'ਸਾਡੇ ਪੈਰਾਂ ਹੇਠ ਰੋੜ ਸਾਨੂੰ ਛੇਤੀ ਛੇਤੀ ਤੋਰ।' ਮੈਂ ਕੁੜੀਆਂ ਦੇ ਇੱਕ ਗੌਣ ਦੀ ਲਾਈਨ ਪੜ੍ਹੀ। ਜੋ ਉਹ ਲੋਹੜੀ ਨੂੰ ਲੋਹੜੀ ਮੰਗਣ ਗਿਆਂ ਗਾਇਆ ਕਰਦੀਆਂ ਸਨ।

'ਸਾਡੇ ਪੈਰਾਂ ਹੇਠ ਸਲਾਈਆਂ ਅਸੀਂ ਕੌਣ ਵੇਲੇ ਦੀਆਂ ਆਈਆਂ।' ਬਲੀ ਸਿੰਘ ਹੁਰਾਂ ਇੱਕ ਹੋਰ ਲਾਈਨ ਕੁੜੀਆਂ ਵਾਂਗ ਬੋਲ ਕੇ ਆਖ ਸੁਣਾਈ।

'ਚੰਗਾ ਬਾਬਾ ! ਟੈਕਸੀ ਆ ਰਹੀ ਏ, ਅਸੀਂ ਤੁਹਾਡੇ ਨਾਲ ਬਾਰਡਰ ਤੱਕ ਚੱਲਦੇ, ਪਰ ਗੁਰਤੇਜ ਹੁਰਾਂ ਦਾ ਅੱਜ ਹੀ ਬਹੁਤ ਜ਼ਰੂਰੀ ਕੰਮ ਏ। ਸੋ ਅਸੀਂ ਤੁਹਾਨੂੰ ਏਥੋਂ ਹੀ ਅਲਵਿਦਾ ਆਖਾਂਗੇ। ਨਾਰਾਜ਼ਗੀ ਨਾ ਕਰਨਾ।' ਮੁਮਤਾਜ਼ ਭਰੇ ਗਲੇ ਨਾਲ ਇਹ ਸਭ ਕੁੱਝ ਕਹਿ ਰਹੇ ਸਨ।

ਇੱਕ ਬਹੁਤ ਜ਼ਰੂਰੀ ਗੱਲ ਮੈਂ ਬਿਆਨ ਕਰਨੀ ਭੁੱਲ ਗਿਆ। ਕਲ੍ਹ ਅਸੀਂ ਥੋੜ੍ਹਾ ਜਿਹਾ ਵਕਤ ਕੱਢਕੇ ਕੱਪੜਾ ਬਾਜ਼ਾਰ ਗਏ ਸਾਂ। ਸਾਨੂੰ ਘਰਾਂ ਤੋਂ ਫਰਮਾਇਸ਼ ਹੋਈ ਸੀ ਨੂੰਹਾਂ ਧੀਆਂ ਵੱਲੋਂ ਕਿ ਸਾਡੇ ਲਈ ਇੱਕ ਇੱਕ ਚੁੰਨੀ ਜ਼ਰੂਰ ਲੈ ਕੇ ਆਉਣੀ।

ਸਾਡੇ ਦੇਸ਼ ਵਿੱਚ ਤਾਂ ਚੁੰਨੀ ਵਿਚਾਰੀ ਸਿਰੋਂ ਢਿਲਕੀ ਮੋਢਿਆਂ ਤੇ ਵੀ ਨਹੀਂ ਅਟਕੀ ਪੈਰਾਂ ਵਿੱਚ ਆ ਗਈ ਏ। ਜਿਸ ਚੀਜ਼ ਦੀ ਲੋੜ ਹੀ ਨਾ ਰਹੇ ਉਸ ਨੇ ਵਧੀਆ ਕੀ ਹੋਣਾ ਹੋਇਆ। ਪਾਕਿਸਤਾਨ ਵਿੱਚ ਅਜੇ ਬੀਬੀਆਂ ਚੁੰਨੀ ਸਿਰ ਤੇ ਰੱਖਦੀਆਂ ਹਨ, ਏਸ ਲਈ ਬਾਜ਼ਾਰ ਵਿੱਚ ਵੰਨ ਸੁਵੰਨੀਆਂ ਚੁੰਨੀਆਂ ਦੀ ਭਰਮਾਰ ਏ। ਪੂਰਾ ਇੱਕ ਵੱਡਾ ਬਾਜ਼ਾਰ ਸਿਰਫ਼ ਚੁੰਨੀਆਂ ਦਾ ਹੀ ਹੈ। ਥੱਬਿਆਂ ਦੇ ਥੱਬੇ ਚੁੰਨੀਆਂ ਦੇ ਥਾਨ ਅਸਾਂ ਥੋਕ ਦੁਕਾਨ ਵਿੱਚ ਵਿਕਦੇ ਵੇਖੇ।

ਅਸੀਂ ਵੀ ਏਸ ਚੁੰਨੀ ਬਾਜ਼ਾਰ ਵਿੱਚ ਮੁਮਤਾਜ਼ ਹੁਰਾਂ ਨਾਲ ਪਹੁੰਚ ਗਏ। ਮੈਨੂੰ ਤਾਂ ਚੁੰਨੀਆਂ ਦੀ ਕੋਈ ਪਛਾਣ ਹੀ ਨਹੀਂ ਸੀ ਕਿਉਂਕਿ ਮੈਨੂੰ ਤਾਂ ਹਾਲੇ ਤੱਕ ਸਬਜ਼ੀ ਖਰੀਦਣ ਦਾ ਚੱਜ ਵੀ ਨਹੀਂ ਆਉਂਦਾ। ਰੋਜ਼ ਸਬਜ਼ੀ ਲਿਆ ਕੇ ਘਰਦਿਆਂ ਤੋਂ ਵੰਨ ਸੁਵੰਨੀਆਂ ਘੁਰਕੀਆਂ ਬਰਦਾਸ਼ਤ ਕਰਦਾ ਹਾਂ। ਮੈਂ ਬਲੀ ਸਿੰਘ ਹੁਰਾਂ ਨੂੰ ਆਖਿਆ, ਪਈ ਕੱਠੀਆਂ ਹੀ ਚੁੰਨੀਆਂ ਲੈ ਲਓ ਸਾਰੇ ਹੀ ਨਮੂਨੇ। ਪਿੰਡ ਜਾ ਕੇ ਆਪਾਂ ਤਿੰਨ ਹਿੱਸੇ ਕਰ ਲਵਾਂਗੇ। ਸੋ ਇਸ ਤਰ੍ਹਾਂ ਹੀ ਹੋਇਆ, ਬਲੀ ਸਿੰਘ ਹੁਰਾਂ ਕੋਈ ਪੰਜਾਹ ਦੇ ਔੜ ਪਾਸ ਚੁੰਨੀਆਂ ਲੈ

ਲਈਆਂ ਅੱਡ ਅੱਡ ਡੀਜ਼ਾਈਨਾਂ ਵਾਲੀਆਂ।

ਕਿਸਾਨ ਹੁਰਾਂ ਆਖਿਆ, 'ਮੈਂ ਇੱਕ ਵਧੀਆ ਸੂਟ ਲੈਣਾ ਹੈ।'

'ਕੀਹਦੇ ਲਈ ਸੂਟ ਲੈਣਾ ਜੇ ਬਾਦਸ਼ਾਹੋ, ਭਰਜਾਈ ਜੀ ਤਾਂ ਕਦੇ ਦੇ ਅੱਲ੍ਹਾ ਨੂੰ ਪਿਆਰੇ ਹੋ ਗਏ ਹਨ।' ਮੈਂ ਮਜ਼ਾਕਨ ਪੁੱਛਿਆ।

'ਤੂੰ ਚੁੱਪ ਕਰ ਯਾਰ, ਮੇਰਾ ਹੁਕਮ ਹੈ ਕਿ ਇੱਕ ਵਧੀਆ ਸੂਟ ਮੇਰੇ ਖਾਤੇ ਲੈ ਲਵੋ। ਇਹ ਮੈਂ ਬਾਅਦ ਵਿੱਚ ਦੱਸਾਂਗਾ ਕਿਸ ਲਈ ਲੈਣਾ ਏ।' ਕਿਸਾਨ ਹੁਰਾਂ ਖਿੱਝ ਕੇ ਆਖਿਆ।

'ਲੈ ਬਾਦਸ਼ਾਹੋ ਨਾਰਾਜ਼ ਕਿਉਂ ਹੁੰਦੇ ਓ।' ਬਲੀ ਸਿੰਘ ਨੇ ਇੱਕ ਵਧੀਆ ਸੂਟ ਵਿਖਾਉਂਦਿਆਂ ਕਿਸਾਨ ਹੁਰਾਂ ਦੀ ਖਿੱਝ ਥਾਂ ਸਿਰ ਲਿਆਉਂਦਿਆਂ ਕਿਹਾ। ਮੁਮਤਾਜ਼ ਹੁਰੀਂ ਕਹਿਣ ਲੱਗੇ, ਬੱਸ ਕਰੋ ਯਾਰ, ਕੁੱਝ ਸਾਡੇ ਲਈ ਵੀ ਰਹਿਣ ਦਿਓ।

ਸਾਰਾ ਸਾਮਾਨ ਕਾਰ ਵਿੱਚ ਰੱਖ ਕੇ ਘਰ ਆ ਗਏ। ਇਹਨਾਂ ਦਾ ਘਰ ਸਾਨੂੰ ਉਨਾ ਹੀ ਆਪਣਾ ਘਰ ਲੱਗਦਾ ਸੀ, ਜਿਵੇਂ ਪੀੜ੍ਹੀਆਂ ਤੋਂ ਏਥੇ ਰਹਿ ਰਹੇ ਹੋਈਏ।

ਰਾਤ ਖਾਣੇ ਦੀ ਮੇਜ਼ ਤੇ ਜਦੋਂ ਅਸੀਂ ਕੱਠੇ ਹੋਏ ਤਾਂ ਕਿਸਾਨ ਹੁਰੀਂ ਬੜੇ ਗੰਭੀਰ ਹੋ ਗਏ ਜਾਪਦੇ ਸਨ। ਅੱਜ ਮੁਮਤਾਜ਼ ਹੁਰਾਂ ਦੀ ਬੀਵੀ ਤਾਹਿਰਾ ਖਾਣਾ ਆਪ ਪਰੋਸ ਰਹੀ ਸੀ।

ਖਾਣਾ ਪਰੋਸ ਕੇ ਉਹ ਪਹਿਲਾਂ ਵਾਂਗੂ ਰਸੋਈ ਵਿੱਚ ਜਾ ਬੈਠੀ।

'ਮੁਮਤਾਜ਼ ਜੀ ! ਜ਼ਰਾ ਬੀਬੀ ਤਾਹਿਰਾ ਨੂੰ ਸੱਦਣਾ।' ਕਿਸਾਨ ਹੁਰਾਂ ਨੇ ਮੁਮਤਾਜ਼ ਸਾਹਿਬ ਨੂੰ ਆਖਿਆ।

'ਤਾਹਿਰਾ ਜੀ ਆਓ ਅੱਜ ਇਹ ਬਾਬੇ ਤੁਹਾਨੂੰ ਖਾਣੇ ਦੀ ਮੇਜ਼ ਤੇ ਸੱਦ ਰਹੇ ਨੇ।' ਕਿਸਾਨ ਹੁਰਾਂ ਦੀ ਟੋਨ ਵਿੱਚ ਹੀ ਉਹਨਾਂ 'ਤਾਹਿਰਾ' ਨੂੰ ਆਵਾਜ਼ ਦਿੱਤੀ।

ਤਾਹਿਰਾ ਬੇਗਮ ਨੇ ਚੁੰਨੀ ਦੀ ਦੂਹਰੀ ਬੁੱਕਲ ਮਾਰੀ ਹੋਈ ਸੀ। ਰਸੋਈਓਂ ਬਾਹਰ ਆ ਕੇ ਆਖਣ ਲੱਗੀ, 'ਦੱਸੋ ਬਾਬਾ ਜੀ।'

'ਮੇਰੀ ਮਾਤਾ ਲਾਭ ਕੌਰ ਜੀ ਏਸ ਤਰ੍ਹਾਂ ਹੀ ਬੁੱਕਲ ਮਾਰਿਆ ਕਰਦੇ ਸਨ। ਮੈਨੂੰ ਏਸ ਬੁਕੱਲ ਵਿੱਚੋਂ ਆਪਣੀ ਮਾਤਾ ਦੇ ਦਰਸ਼ਨ ਹੋਏ।'

ਕਿਸਾਨ ਹੁਰੀਂ ਆਪਣੀ ਸੀਟ ਤੋਂ ਉਠੇ ਤੇ ਆਖਣ ਲੱਗੇ, 'ਬੇਟੇ ਮੈਨੂੰ ਬਾਬਾ ਜੀ ਨਹੀਂ ਅੱਬਾ ਜੀ ਆਖੋ। ਅੱਜ ਤੋਂ ਤੂੰ ਮੇਰੀ ਮੂੰਹ ਬੋਲੀ ਧੀ (ਧਰਮ ਧੀ) ਹੋਈਓਂ। ਉਸੇ ਤਰ੍ਹਾਂ ਜਿਵੇਂ ਰਮਨਦੀਪ ਮੁਮਤਾਜ਼ ਸਾਹਿਬ ਦਾ ਮੂੰਹ ਬੋਲਿਆ ਕਲ੍ਹ ਦਾ ਪੁੱਤਰ ਬਣ ਚੁੱਕਾ ਹੈ, ਇਹ ਕਲ੍ਹ ਦੇ ਕਈ ਵੇਰਾਂ ਐਲਾਨ ਕਰ ਚੁੱਕੇ ਨੇ।'

ਕਿਸਾਨ ਹੁਰਾਂ ਬਾਜ਼ਾਰੋਂ ਖਰੀਦਿਆ ਸੂਟ ਤਾਹਿਰਾ ਨੂੰ ਦਿੰਦਿਆਂ ਉਸ ਦੇ ਸਿਰ 'ਤੇ ਦੋਹੀਂ ਹੱਥੀਂ ਪਿਆਰ ਦਿੱਤਾ। ਸੂਟ ਦੇ ਉਤੇ ਪੰਜ ਸੌ ਦਾ ਨੋਟ ਵੀ ਰੱਖਿਆ ਹੋਇਆ ਸੀ।

'ਬੀਬੀ ਤਾਹਿਰਾ ਵੀ ਹੈਰਾਨ ਤੇ ਅਸੀਂ ਵੀ ਹੈਰਾਨ।' ਇੱਕ ਦੂਜੇ ਵੱਲ ਵੇਖ ਰਹੇ ਸਾਂ।

'ਏਹ ਸੂਟ ਮੈਂ ਏਸ ਵਾਸਤੇ ਕਲ੍ਹ ਖਰੀਦਿਆ ਸੀ। ਹੁਣ ਪਤਾ ਲੱਗਾ ਜੇ ਮੇਰੇ ਭਰਾਵੋ।' ਕਿਸਾਨ ਹੁਰਾਂ ਦਾ ਗਲਾ ਭਰ ਆਇਆ ਤੇ ਅਗਲੀ ਗੱਲ ਉਹ ਕਹਿ ਨਾ ਸਕੇ। ਮੈਂ ਤੇ ਬਲੀ ਸਿੰਘ ਨੇ ਅੱਖਾਂ ਅੱਖਾਂ ਨਾਲ ਹੀ ਆਪੋ ਵਿੱਚ ਸਲਾਹ ਕੀਤੀ।

ਤੇ ਪੰਜ ਪੰਜ ਸੌ ਦੇ ਦੋ ਨੋਟ ਅਸਾਂ ਮੁਮਤਾਜ਼ ਦੇ ਮੂੰਹ ਬੋਲੇ (ਧਰਮ) ਪੁੱਤਰ ਨੂੰ ਦਿੱਤੇ। ਮੁਮਤਾਜ਼, ਰਮਨਦੀਪ, ਗੁਰਤੇਜ ਕੁਹਾਰ ਤੇ ਨਾਲ ਹੀ ਕਿਸਾਨ ਹੁਰੀਂ ਸਾਡੀ ਏਸ ਚੁੱਪ ਕੀਤੀ ਸਲਾਹ ਤੇ ਹੈਰਾਨ ਹੋ ਰਹੇ ਸਨ।

ਮੈਂ ਸੋਚ ਰਿਹਾ ਸਾਂ ਇਹ ਕੈਸਾ ਮਿਲਾਪ ਏ, ਇਹ ਕੈਸੇ ਰਿਸ਼ਤੇ ਨੇ। ਕਾਸ਼ ਸਾਡੇ ਲੀਡਰ ਲੋਕਾਂ ਦੀਆਂ ਇਹਨਾਂ ਭਾਵਨਾਵਾਂ ਨੂੰ ਮਹਿਸੂਸ ਕਰ ਸਕਣ ਤਾਂ ਦੁਨੀਆਂ ਦੇ ਸਾਰੇ ਝਗੜੇ ਝਾਂਜੇ ਹੀ ਦਫ਼ਾ ਹੋ ਜਾਣ।

ਰਮਨ ਨੇ ਪੰਜ ਸੌ ਦਾ ਇੱਕ ਨੋਟ ਸਾਨੂੰ ਵਾਪਸ ਕਰ ਦਿੱਤਾ ਤੇ ਸਾਡਾ ਧੰਨਵਾਦ ਕੀਤਾ। ਖਾਣਾ ਖਾ ਕੇ ਅਸੀਂ ਆਪਣੇ ਆਪਣੇ ਸੌਣ ਕਮਰਿਆਂ ਵਿੱਚ ਚਲੇ ਗਏ। ਰਿਸ਼ਤੇ ਗਿਣ ਰਹੇ ਸਾਂ। ਤਾਹਿਰਾ ਸਾਡੀ ਧਰਮ ਧੀ, ਰਮਨ ਸਾਡਾ ਧਰਮ ਦੋਹਿਤਾ, ਮੁਮਤਾਜ਼ ਸਾਡਾ ਧਰਮ ਦਾਮਾਦ। ਵਾਹ ਰੱਬਾ, ਕਿਹੜੀ ਨਵੀਂ ਦੁਨੀਆਂ ਤੂੰ ਸਾਨੂੰ ਬਖਸ਼ ਦਿੱਤੀ ਏ।

ਹਾਂ ਸੱਚ ਇੱਕ ਗੱਲ ਹੋਰ ਭੁੱਲ ਗਿਆ ਹਾਂ। ਜਮਾਂਦਰੂ ਭੁਲੱਕੜ ਜੁ ਹੋਇਆ।

ਸਾਡੀ ਧਰਮ ਧੀ ਬੀਬੀ ਤਾਹਿਰਾ ਨੇ ਹੋਰ ਇੱਕ ਐਲਾਨ ਕਰਕੇ ਸਾਨੂੰ ਹੈਰਤ ਵਿੱਚ ਪਾ ਦਿੱਤਾ ਸੀ। ਕਿਸਾਨ ਹੁਰਾਂ ਨੂੰ ਸੰਬੋਧਨ ਕਰਕੇ ਆਖਣ ਲੱਗੀ, 'ਧਰਮ ਅੱਬਾ ਜੀ, ਤੁਸਾਂ ਮੈਨੂੰ ਧੀ ਬਣਾਇਆ ਏ ਤਾਂ ਸੁਣੋ, ਮੈਂ ਵੀ ਤੁਹਾਡੀ ਧੀ ਬਣਕੇ ਵਖਾਵਾਂਗੀ। ਅੱਜ ਤੋਂ ਗੋਸ਼ਤ ਨਹੀਂ ਖਾਵਾਂਗੀ। ਉਂਜ ਤਾਂ ਜਿਸ ਦਿਨ ਤੋਂ ਤੁਸੀਂ ਆਏ ਹੋ ਯਕੀਨ ਜਾਣਿਆ ਜੇ ਗੋਸ਼ਤ ਨੂੰ ਮੂੰਹ ਨਹੀਂ ਲਾਇਆ। ਪਰ ਹੁਣ ਮੈਂ ਬਿਲਕੁਲ ਤੁਹਾਡੇ ਵਰਗੀ ਬਣਨ ਦਾ ਜਤਨ ਕਰਾਂਗੀ। ਪਰ ਇੱਕ ਕੰਮ ਕਰੋ, ਇਹਨਾਂ ਨੂੰ ਵੀ ਕੁੱਝ ਕਹਿ ਜਾਓ। ਇਹ ਮੈਨੂੰ ਗੋਸ਼ਤ ਖਾਣ ਤੇ ਮਜਬੂਰ ਨਾ ਕਰਨ। ਇੱਕ ਗੱਲ ਹੋਰ, ਜੇ ਇਹ ਸਿਗਰਟ ਛੱਡ ਦੇਣ ਜਾਂ ਤੁਸੀਂ ਛੁਡਾ ਦਿਓ ਤਾਂ ਅੱਲ੍ਹਾ ਦਾ ਲੱਖ ਲੱਖ ਸ਼ੁਕਰ ਮਨਾਵਾਂਗੀ।'

'ਤੇਰਾ ਧੜਾ ਭਾਰਾ ਹੋ ਗਿਆ ਏ ਨਾ ਤਾਂ ਹੀ ਮੇਰੇ ਤੇ ਪਾਬੰਦੀਆਂ ਲਾਈਆਂ ਜਾ ਰਹੀਆਂ ਨੇ ਬੇਗਮ ਸਾਹਿਬਾ।' ਮੁਮਤਾਜ਼ ਆਪਣੇ ਨਿਵੇਕਲੇ ਅੰਦਾਜ਼ ਵਿੱਚ ਜਿਵੇਂ ਹਾਰ ਮੰਨ ਚੁੱਕਾ ਸੀ। ਮੈਂ ਵੀ ਤੇਰੀਆਂ ਇਹਨਾਂ ਪਾਬੰਦੀਆਂ ਨੂੰ ਸਿਰੇ ਚਾੜ੍ਹਣ ਦੀ ਪੂਰੀ ਕੋਸ਼ਿਸ਼ ਕਰਾਂਗਾ। ਅੱਲ੍ਹਾ ਕਰੇ ਏਸ ਪਾਕ ਲਮਹੇ ਆਖੀ ਗੱਲ ਸਿਰੇ ਚੜ੍ਹੇ।

ਟੈਕਸੀ ਆ ਚੁੱਕੀ ਸੀ ਤੇ ਸਾਡਾ ਸਾਮਾਨ ਰੱਖਿਆ ਜਾ ਚੁੱਕਾ ਸੀ ਤੇ ਮੱਲੋ ਮੱਲੀ ਵਿਛੜਨ ਘੜੀ ਨੇੜੇ ਆ ਰਹੀ ਸੀ। ਮੁਮਤਾਜ਼ ਹੁਰਾਂ ਦੇ ਸਾਰੇ ਭਰਾ, ਭਤੀਜੇ ਸਾਡੇ ਤੋਂ ਵੀ ਉਦਾਸ ਖੜ੍ਹੇ ਸਨ।

ਮੁਮਤਾਜ਼ ਹੁਰਾਂ ਸਾਡੇ ਤਿੰਨਾਂ ਨਾਲ ਹੱਥ ਮਿਲਾ ਕੇ ਗਲਵਕੜੀ ਪਾਈ ਤੇ ਆਖਿਆ, 'ਅੱਲ੍ਹਾ ਮੀਆਂ ਸਾਨੂੰ ਫੇਰ ਛੇਤੀ ਮਿਲਾਵੇ, ਸਾਰੇ ਭਰਾ ਅਸੀਂ ਘੁਟ ਘੁਟ ਕੇ ਮਿਲੇ। ਮਜ਼ਬੂਰਨ ਟੈਕਸੀ ਵੱਲ ਵਧੇ। ਮੈਂ ਦਿਲ ਵਿੱਚ ਸੋਚ ਰਿਹਾ ਸਾਂ, ਕਾਸ਼ ਕੋਈ ਸਾਨੂੰ

ਅੱਜ ਜਾਣੋਂ ਰੋਕ ਲਵੇ। ਪਰ ਜਾਣਾ ਤਾਂ ਪੈਣਾ ਹੀ ਸੀ। ਏਸ ਪ੍ਰਥਾਏ ਮੈਨੂੰ ਇੱਕ ਹੋਰ ਵਾਕਿਆ ਯਾਦ ਆ ਗਿਆ।

ਸ੍ਰ. ਸਾਧੂ ਸਿੰਘ ਕਿਸਾਨ ਤੇ ਸ੍ਰ. ਬਲੀ ਸਿੰਘ ਹੁਰਾਂ ਦੀ ਵੱਡੀ ਭੈਣ ਸੁਰਜੀਤ ਕੌਰ ਦਾ ਵਿਆਹ ਸੀ। ਮੈਂ ਬਹੁਤ ਛੋਟਾ ਸਾਂ ਪਰ ਪੂਰੀ ਤਰ੍ਹਾਂ ਯਾਦ ਏ। ਭੈਣ ਹੁਰਾਂ ਨੂੰ ਜਦੋਂ ਅਸੀਂ ਵਿਦਾ ਕਰਨ ਸਾਰੇ ਜਾ ਰਹੇ ਸਾਂ ਤਾਂ ਮਾਪਿਆਂ ਤੋਂ ਵਿਛੜਣ ਵੇਲੇ ਧੀਆਂ ਨੂੰ ਰੋਣ ਆ ਹੀ ਜਾਂਦਾ ਏ। ਭੈਣ ਸੁਰਜੀਤ ਕੌਰ (ਜਿਸਨੂੰ ਲਾਡ ਨਾਲ ਜੀਤੋ ਹੀ ਆਖ ਕੇ ਸੱਦਦੇ ਸਾਂ) ਵੀ ਡੁਸਕਣ ਲੱਗ ਪਈ। ਮੇਰੇ ਪੂਜਯ ਮਾਮਾ ਜੀ ਸੰਤ ਤਰਨ ਸਿੰਘ ਵਹਿਮੀ ਜੀ ਆਪਣੇ ਖੁਲ੍ਹੇ ਸੁਭਾ ਅਨੁਸਾਰ ਹਸ ਕੇ ਕਹਿਣ ਲੱਗੇ – 'ਜੀਤੋ ਰੋਣਾ ਕਿਉਂ ਹੋਇਆ, ਬੇਟੀ ਨਹੀਂ ਦਿਲ ਕਰਦਾ ਤਾਂ ਨਾ ਜਾਓ। ਜਾਓ ਬਈ ਲੋਕੋ ਅਸਾਂ ਨਹੀਂ ਘੱਲਣਾ।'

ਭੈਣ ਵਿਚਾਰੀ ਗੁੰਮ ਸੁੰਮ ਖੜ੍ਹੀ ਪਈ ਸੀ, ਕੀ ਆਖੇ ? ਖ਼ੈਰ ਭੈਣ ਨੂੰ ਜਾਣਾ ਹੀ ਸੀ ਚਲੀ ਗਈ।

ਮੈਂ ਵੀ ਸੋਚ ਰਿਹਾ ਸਾਂ ਕੋਈ ਵਹਿਮੀ ਜੀ ਵਰਗਾ ਸਾਨੂੰ ਵੀ ਆਖੇ, 'ਨਹੀਂ ਜੀ ਕਰਦਾ ਤਾਂ ਨਾ ਜਾਓ।'

ਪਰ ਨਾ ਭੈਣ ਪੇਕੇ ਰਹਿ ਸਕੀ ਤੇ ਨਾ ਅਸੀਂ ਗੁਜਰਾਂਵਾਲੇ ਰਹਿ ਸਕੇ।

ਟੈਕਸੀ ਵਿੱਚ ਬੈਠਣ ਹੀ ਲੱਗੇ ਸਾਂ ਕਿ ਮੀਆਂ ਜ਼ਾਹਿਦ ਮਲਿਕ ਹੁਰੀਂ ਆਪਣੀ ਕਾਰ ਲੈ ਕੇ ਆ ਗਏ, ਜਿੰਨਾਂ ਦੀ ਕਾਰ ਵਿੱਚ ਅਸੀਂ ਕਈ ਥਾਈਂ ਘੁੰਮੇ ਸਾਂ। ਹੱਥ ਵਿੱਚ ਅਖਬਾਰਾਂ ਫੜੀਆਂ ਹੋਈਆਂ, ਜਿਨ੍ਹਾਂ ਵਿੱਚ ਕਲ੍ਹ ਵਾਲੇ ਮੇਰੇ ਸਕੂਲ ਵਿੱਚ ਸੁਆਗਤ ਵਾਲੀ ਫੋਟੋ ਛਪੀ ਸੀ। ਸਾਨੂੰ ਅਖਬਾਰਾਂ ਫੜਾ ਕੇ ਕਹਿਣ ਲੱਗੇ, 'ਤਾਂ ਤੁਸੀਂ ਹੁਣ ਜਾ ਹੀ ਰਹੇ ਓ ? ਫੇਰ ਕਦੋਂ ਆਓਗੇ ਬਾਬਿਓ ? ਸਾਡਾ ਤਾਂ ਜੀ ਨਹੀਂ ਲੱਗਣਾ ?' ਕਈ ਸਵਾਲ ਇੱਕੋ ਸਾਹੇ ਹੀ ਕਰ ਗਏ।

'ਹਾਂ ਮਲਿਕ ਸਾਹਿਬ, ਏਥੋਂ ਜਾਣ ਤੇ ਕੀਹਦਾ ਜੀ ਕਰਦਾ ਏ, ਪਰ ਸਮਾਂ ਆਉਣ ਤੇ ਸਭ ਨੂੰ ਜਾਣਾ ਹੀ ਪੈਂਦਾ ਏ, ਵਿਛੜਨਾ ਹੀ ਪੈਂਦਾ ਏ।' ਮੈਂ ਭਰੇ ਗਲੇ ਨਾਲ ਆਖਿਆ, ਅੱਛਾ ਫਿਰ....।'

'ਜੀਂਦੇ ਰਹੇ ਤਾਂ ਮਿਲਾਂਗੇ ਲੱਖ ਵਾਰੀ, ਤੁਰ ਗਿਆਂ ਨੂੰ ਦਿਲੋਂ ਭੁਲਾਵਣਾ ਨਹੀਂ।' ਗਲੇ ਮਿਲੇ ਤੇ ਅਸਾਂ ਸਾਰਿਆਂ ਵੱਲ ਹਸਰਤ ਭਰੀ ਨਜ਼ਰ ਨਾਲ ਵੇਖਿਆ ਤੇ ਕਾਰ ਵਿੱਚ ਬਹਿ ਗਏ।

'ਜ਼ਰਾ ਠਹਿਰੋ' ਕਿਸਾਨ ਹੁਰੀਂ ਉਬੜਵਾਹੇ ਬੋਲੇ ਤੇ ਕਾਰ ਦੀ ਖਿੜਕੀ ਖੋਲ੍ਹ ਕੇ ਵਾਹੋ ਦਾਹੀ ਵਾਪਸ ਘਰ ਨੂੰ ਭੱਜ ਉਠੇ। ਅਸੀਂ ਫੇਰ ਹੈਰਾਨਗੀ ਦੀ ਖੱਡ ਵਿੱਚ ਡਿੱਗਣ ਹੀ ਵਾਲੇ ਸਾਂ ਕਿ ਅਸਾਂ ਵੇਖਿਆ ਕਿ ਕਿਸਾਨ ਹੁਰੀਂ ਬੂਹੇ ਵਿੱਚੋਂ ਹੀ ਖੜ੍ਹੀ ਧਰਮ ਧੀ ਤਾਹਿਰਾ ਨੂੰ ਪਿਆਰ ਦੇ ਰਹੇ ਸਨ। ਪਿਆਰ ਦੇ ਕੇ ਅੱਖਾਂ ਪੂੰਝਦੇ ਵਾਪਸ ਦੌੜੇ ਆਏ ਤੇ ਕਾਰ ਵਿੱਚ ਬਹਿ ਗਏ।

ਮੇਨ ਗੇਟ ਤੋਂ ਲੰਘਣ ਲੱਗਿਆਂ ਮੈਂ ਵੱਡੇ ਗੇਟ ਤੇ ਲੱਗੇ ਬੋਰਡ ਨੂੰ ਪੜ੍ਹਿਆ, ਉਰਦੂ ਵਿੱਚ ਲਿਖਿਆ ਸੀ, 'ਨਿਆਜ਼ ਹਾਊਸ' ਮੀਆਂ ਜ਼ਾਹਿਦ ਨਿਆਜ਼ ਇਹਨਾਂ ਪੰਜਾਂ ਭਰਾਵਾਂ

ਦੇ ਸਤਿਕਾਰਯੋਗ ਮੁਹਤਰਿਮ ਵਾਲਿਦ ਸਾਹਿਬ ਦਾ ਇਸਮੇ ਗਰਾਮੀ (ਸ਼ੁੱਭ ਨਾਮ) ਸੀ।

ਕਾਰ ਗੇਟੋਂ ਲੰਘ ਕੇ ਮੁੜਨ ਲੱਗੀ ਤਾਂ ਅਸਾਂ ਫੇਰ ਪਿੱਛੇ ਵੇਖਿਆ ਸਾਨੂੰ ਵਿਦਾ ਕਰਨ ਵਾਲੇ ਉਸੇ ਤਰ੍ਹਾਂ ਗੁੰਮ ਸੁੰਮ ਅਹਿੱਲ ਖੜ੍ਹੇ ਸਨ।

ਟੈਕਸੀ ਵਾਲੇ ਨੂੰ ਅਸਾਂ ਆਖਿਆ, 'ਅਸਾਂ ਕੁੱਝ ਸਾਮਾਨ ਲੈਣਾ ਏ ਬਾਜ਼ਾਰ ਵਿੱਚ ਦੀ ਚਲਿਓ।'

ਇੱਕ ਭੀੜ ਭਰੇ ਬਾਜਾਰ ਅੱਗੇ ਜਾ ਕੇ ਟੈਕਸੀ ਖੜ੍ਹੀ ਹੋ ਗਈ। ਇਸ ਤੋਂ ਅੱਗੇ ਸ਼ਾਇਦ ਇਹ ਨਹੀਂ ਸੀ ਜਾ ਸਕਣੀ। ਅਸੀਂ ਉਤਰ ਕੇ ਬਾਜ਼ਾਰ ਵੱਲ ਨੂੰ ਤੁਰ ਪਏ। ਗੱਡੀ ਵਾਲੇ ਨੇ ਗੱਡੀ ਟੈਕਸੀ ਸਟੈਂਡ ਤੇ ਲਾ ਦਿੱਤੀ। ਸਾਨੂੰ ਵੇਖ ਕੇ ਲੋਕ ਆਪੋ ਵਿੱਚ ਗੱਲਾਂ ਕਰ ਰਹੇ ਸਨ। ਇਹਨਾਂ ਸਿੱਖਾਂ ਦੀ ਹੀ ਫੋਟੋ ਅੱਜ ਦੀ ਅਖਬਾਰ ਉਰਦੂ ਡੇਲੀ ਐਕਸਪ੍ਰੈਸ ਵਿੱਚ ਛਪੀ ਏ। ਲੋਕ ਸਾਨੂੰ ਬੜੇ ਪਿਆਰ ਨਾਲ ਮਿਲ ਰਹੇ ਸਨ। ਕੁੱਝ ਦੁਕਾਨਾਂ ਵਿੱਚੋਂ ਹੀ ਹੱਥ ਹਿਲਾ ਕੇ ਸਾਨੂੰ ਸਲਾਮ ਭੇਜ ਰਹੇ ਸਨ।

ਅਸਾਂ ਥੋੜ੍ਹਾ ਬਦਾਮ ਰੋਗਨ ਲਿਆ, ਸੌਂਗੀ ਲਈ, ਪੱਠੇ ਦੀਆਂ ਪੱਖੀਆਂ ਲਈਆਂ, ਹੋਰ ਨਿਕ-ਸੁਕ ਲਿਆ ਤੇ ਵਾਪਸ ਟੈਕਸੀ ਵੱਲ ਤੁਰ ਪਏ। ਇੱਕ ਦੁਕਾਨ ਵਾਲੇ ਸਾਨੂੰ ਧੱਕੇ ਨਾਲ ਬਿਠਾ ਲਿਆ, ਸੰਦਲ ਦੇ ਸ਼ਰਬਤ ਦਾ ਗਲਾਸ ਪਿਆਇਆ ਪਰ ਉਹਦੀਆਂ ਗੱਲਾਂ ਸ਼ਰਬਤ ਨਾਲੋਂ ਵੀ ਮਿੱਠੀਆਂ ਸਨ।

ਟੈਕਸੀ ਵਾਲਾ ਨਜ਼ੀਰ ਸਾਡੀ ਉਡੀਕ ਕਰ ਰਿਹਾ ਸੀ। ਅਸਾਂ ਆਪਣਾ ਸਾਮਾਨ ਕਾਰ ਵਿੱਚ ਰੱਖਿਆ ਤੇ ਲਾਹੌਰ ਵੱਲ ਨੂੰ ਚੱਲ ਪਏ। ਸ਼ਹਿਰ ਵਿੱਚ ਸ਼ੇਰਾਂ ਵਾਲਾ ਗੇਟ, ਸ੍ਰ. ਮਹਾਂ ਸਿੰਘ ਦੀ ਸਮਾਧ (ਮਹਾਰਾਜਾ ਰੰਜੀਤ ਸਿੰਘ ਦੇ ਪਿਤਾ), ਮੇਰਾ ਪਿਆਰਾ ਗੌਰਮਿੰਟ ਸਕੂਲ, ਸਦਰ ਥਾਣਾ ਲੰਘਦੇ ਹੋਏ ਅਸੀਂ ਸ਼ੇਰਸ਼ਾਹ ਸੂਰੀ, ਜਰਨੈਲੀ ਸੜਕ ਤੇ ਜਾ ਰਹੇ ਸਾਂ। ਥੋੜ੍ਹਾ ਚਿਰ ਬਾਅਦ ਹੀ ਕਾਮੋਕੀ ਮੰਡੀ, ਸਾਧੋ ਕੀ ਮੁਰੀਦ ਕੇ ਲੰਘਦੇ ਹੋਏ ਘੰਟੇ ਸਵਾ ਵਿੱਚ ਹੀ ਲਾਹੌਰ ਪੁੱਜ ਗਏ। ਡੇਰਾ ਸਾਹਿਬ ਗੁਰਦੁਆਰੇ ਅੱਗੇ ਸਾਡੀ ਟੈਕਸੀ ਜਾ ਖੜ੍ਹੀ ਹੋਈ।

ਅਸਲ ਵਿੱਚ ਤਾਂ ਲਾਹੌਰ ਤੇ ਗੁਜ਼ਰਾਂਵਾਲਾ ਇੱਕੋ ਹੋਏ ਪਏ ਨੇ। ਲਾਹੌਰੋਂ ਗੁਜ਼ਰਾਂਵਾਲਾ ਸੱਤਰ ਕਿਲੋਮੀਟਰ ਦਾ ਸਫ਼ਰ ਸਾਨੂੰ ਇੰਜ ਲੱਗਦਾ ਸੀ ਜਿਵੇਂ ਸ਼ਹਿਰ ਵਿੱਚ ਹੀ ਜਾ ਰਹੇ ਹਾਂ। ਸੜਕ ਦੇ ਆਸੇ ਪਾਸੇ ਕਿਤੇ ਵੀ ਆਬਾਦੀ ਤੋਂ ਬਗੈਰ ਜਗ੍ਹਾ ਸਾਨੂੰ ਨਹੀਂ ਮਿਲੀ।

ਡੇਰਾ ਸਾਹਿਬ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਅਸਥਾਨ ਹੈ ਤੇ ਬਾਹਰੋਂ ਆਉਣ ਵਾਲੇ ਜ਼ਾਇਰੀਨ (ਯਾਤਰੀ) ਏਥੇ ਠਹਿਰਦੇ ਹਨ। ਕਾਫ਼ੀ ਪ੍ਰਬੰਧ ਹੈ ਪਾਕਿਸਤਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ।

ਸਤਰਾਹ ਤੋਂ ਲਿਆਂਦੇ ਚੌਲਾਂ ਦਾ ਕੱਟਾ ਅਸਾਂ ਟੈਕਸੀ ਦੀ ਡਿੱਗੀ ਵਿਚੋਂ ਕੱਢਿਆ। ਦਸ ਕਿਲੋ ਦੇ ਕਰੀਬ ਤਾਂ ਅਸਾਂ ਟੈਕਸੀ ਵਾਲੇ ਨੂੰ ਦਿੱਤੇ। ਬਾਸਮਤੀ ਦੇ ਏਨੇ ਵਧੀਆ ਚੌਲ ਮੈਂ ਜ਼ਿੰਦਗੀ ਭਰ ਨਹੀਂ ਵੇਖੇ। ਸਾਡੀ ਬਾਸਮਤੀ ਦੇ ਰਿੱਝੇ ਹੋਏ ਵੀ ਏਡੇ ਲੰਮੇ ਨਹੀਂ ਹੁੰਦੇ, ਜਿੰਨੇ ਉਹ ਸੁਕੇ ਸਨ। ਜੀ ਕਰਦਾ ਸੀ ਨਾਲ ਲੈ ਚੱਲੀਏ ਪਰ ਰਾਹ ਦੀ ਰੁਕਾਵਟ

ਤੋਂ ਬਚਣ ਲਈ ਅਸਾਂ ਨਾਲ ਲਿਆਉਣੇ ਠੀਕ ਨਾ ਸਮਝੇ।

ਬਾਕੀ ਦੇ ਚੌਲ ਅਸੀਂ ਗੁਰਦੁਆਰੇ ਦੇ ਲੰਗਰ ਵਿੱਚ ਪਾ ਦਿੱਤੇ। ਟੈਕਸੀ ਸਾਨੂੰ ਵਾਹਘਾ ਬਾਰਡਰ ਵੱਲ ਲੈ ਤੁਰੀ। ਜਾਂਦੀ ਵੇਰ ਜਿਸ ਸੜਕ ਤੋਂ ਅਸੀਂ ਬੱਸ ਵਿੱਚ ਗਏ ਸਾਂ, ਉਹ ਬੜੀ ਟੁੱਟੀ-ਫੁੱਟੀ ਸੀ ਪਰ ਟੈਕਸੀ ਵਾਲਾ ਨਜ਼ੀਰ ਸਾਨੂੰ ਵਲ ਪਾ ਕੇ ਬਹੁਤ ਵਧੀਆ ਸੜਕ ਰਾਹੀਂ ਬਾਰਡਰ ਤੇ ਪੁੱਜਾ।

ਟੈਕਸੀ ਤੋਂ ਸਮਾਨ ਉਤਾਰਿਆ, ਨਜ਼ੀਰ ਨੂੰ ਕਿਰਾਇਆ ਦਿੱਤਾ ਤੇ ਸਲਾਮ ਦੁਆ ਕੀਤੀ। ਲੋੜੀਂਦੀ ਕਾਰਵਾਈ ਲਈ ਸਬੰਧਤ ਅਫਸਰਾਂ ਵੱਲ ਤੁਰ ਪਏ।

ਇਹ ਉਹੀ ਅਫਸਰ ਸੀ ਸਰਗੋਧੀਆ ਜੱਟ। ਸਾਡਾ ਕੁਰਸੀਓਂ ਉਠ ਕੇ ਸੁਆਗਤ ਕੀਤਾ। ਕੁਰਸੀਆਂ ਤੇ ਬਹਿ ਕੇ ਅਸਾਂ ਆਪਣੇ ਪਾਸਪੋਰਟ ਉਹਨੂੰ ਫੜਾਏ। ਲੋੜੀਂਦੀ ਕਾਰਵਾਈ ਕਰਕੇ ਉਸ ਸਾਨੂੰ ਇਸ਼ਾਰਾ ਕਰਕੇ ਦੱਸਿਆ ਕਿ ਉਸ ਗੇਟ ਤੋਂ ਤੁਸੀਂ ਸਿੱਧੇ ਆਪਣੇ ਭਾਰਤੀ ਗੇਟ ਵੱਲ ਜਾ ਸਕਦੇ ਹੋ। ਸਾਡੇ ਵਲੋਂ ਤੁਸੀਂ ਫ਼ਾਰਿਗ਼ ਹੋ। ਇੱਕ ਵੇਰਾਂ ਤੁਹਾਨੂੰ ਸਾਡੇ ਕਸਟਮ ਵਾਲਿਆਂ ਕੋਲ ਜਾਣਾ ਪਵੇਗਾ।

ਅਸਾਂ ਸਾਰੀ ਪ੍ਰਕਿਰਿਆ ਵੇਖੀ ਹੋਈ ਸੀ। ਪਾਕਿਸਤਾਨੀ ਗੇਟ ਪਾਰ ਕਰਨ ਲੱਗਿਆਂ ਅਸਾਂ ਇੱਕ ਝਾਤ ਮੁੜ ਕੇ ਪਾਕਿਸਤਾਨ ਵੱਲ ਮਾਰੀ ਜਿੱਥੇ ਅਸੀਂ ਜ਼ਿੰਦਗੀ ਦੇ ਯਾਦਗਾਰੀ ਦਿਨ ਬਿਤਾ ਕੇ ਆਏ ਸਾਂ। ਸੁਭਾਵਕ ਹੀ ਇੱਕ ਹੌਕਾ ਜਿਹਾ ਨਿਕਲ ਗਿਆ।

ਨਿੱਕੇ ਨਿੱਕੇ ਸਾਮਾਨ ਨਾਲ ਸਾਡੇ ਬੈਗ ਕੁੱਝ ਭਾਰੇ ਹੋ ਗਏ ਸਨ। ਅਸੀਂ ਇੱਕ ਕੁਲੀ ਕਰ ਲਿਆ ਜਿਸ ਨਾਲ ਅਸੀਂ ਕਾਫੀ ਸੌਖੇ ਹੋ ਗਏ। ਕਿਉਂਕਿ ਪਾਕਿਸਤਾਨੀ ਗੇਟ ਤੋਂ ਭਾਰਤੀ ਗੇਟ ਪੌਣਾ ਕੁ ਕਿਲੋਮੀਟਰ ਸਫ਼ਰ ਤੇ ਹੋ ਹੀ ਜਾਂਦਾ ਹੈ।

ਕਸਟਮ ਵਾਲਿਆਂ ਵੀ ਸਾਡੇ ਨਾਲ ਬਹੁਤ ਚੰਗਾ ਸਲੂਕ ਕੀਤਾ। ਇੱਕ ਅਫਸਰ ਸਾਨੂੰ ਕੁਰਸੀਆਂ ਤੇ ਬਿਠਾ ਕੇ ਸਾਡੇ ਪਾਸਪੋਰਟ ਲੈ ਗਿਆ ਤੇ ਜ਼ਰੂਰੀ ਕਾਰਵਾਈ ਕਰਕੇ ਸਾਨੂੰ ਪਾਸਪੋਰਟ ਵਾਪਸ ਕਰਦਿਆਂ ਆਖਿਆ, 'ਬਾਬਿਓ ! ਤੁਸੀਂ ਤਾਂ ਕੁੱਝ ਲੈ ਕੇ ਹੀ ਨਹੀਂ ਆਏ, ਤੁਹਾਡੇ ਬੈਗ ਕੀ ਖੋਲ੍ਹੀਏ ? ਜਾਓ ਆਪਣੇ ਦੇਸ਼ ਮੌਜਾਂ ਮਾਣੋ। ਸਾਡਾ ਪਾਕਿਸਤਾਨ ਕਿਵੇਂ ਦਾ ਲੱਗਾ ਜੇ ?'

'ਤੁਹਾਡਾ ਬਹੁਤਾ ਏ ਪਾਕਿਸਤਾਨ, ਸਾਡਾ ਨਹੀਂ ? ਬਹੁਤ ਚੰਗਾ ਲੱਗਾ।'

'ਅਸੀਂ ਤਾਂ ਇੰਜ ਏ ਯਾਰ ਜਿਵੇਂ ਪੇਕੇ ਘਰੋਂ ਹੋ ਕੇ ਚੱਲੇ ਹਾਂ ਤੇ ਪੇਕੇ ਵੀ ਕਦੀ ਕਿਸੇ ਮਾੜੇ ਆਖੇ ਨੇ ਭਾਈ ?' ਮੈਂ ਹੱਸਦਿਆਂ ਉਹਦੇ ਸੁਆਲਾਂ ਦਾ ਜੁਆਬ ਵੀ ਇੱਕ ਸੁਆਲ ਵਿੱਚ ਹੀ ਦੇ ਦਿੱਤਾ।

ਕੁਲੀ ਦੇ ਨਾਲ ਅਸੀਂ ਆਪਣੇ ਗੇਟ ਵੱਲ ਚੱਲ ਪਏ। ਗੇਟ ਪਾਰ ਕਰਦਿਆਂ ਅਸਾਂ ਫੇਰ ਇੱਕ ਵੇਰਾਂ ਪਾਕਿਸਤਾਨੀ ਗੇਟ ਵੱਲ ਭੌਂ ਕੇ ਵੇਖਿਆ ਇੱਕ ਖੋਹ ਜਹੀ ਪੈ ਰਹੀ ਸੀ।

ਭਾਰਤੀ ਗੇਟ ਆ ਗਿਆ। ਅਸਾਂ ਆਪਣੇ ਕਾਗਜ਼ ਸਬੰਧਤ ਅਫਸਰਾਂ ਨੂੰ ਵਿਖਾਏ। ਕਾਗਜ਼ ਵੇਖ ਕੇ ਅਫਸਰ ਆਖਣ ਲੱਗੇ, 'ਬਾਬਿਓ ! ਤੁਸੀਂ ਤਾਂ ਕੁੱਝ ਵੀ ਲੈ ਕੇ ਨਹੀਂ ਆਏ, ਕੋਈ ਗੁਰਦੁਆਰੇ ਦਾ ਪਰਸ਼ਾਦ ਹੀ ਲਿਆਏ ਹੋ ਤਾਂ ਛਕਾਓ।'

'ਅਸੀਂ ਤੇ ਬੇਟਾ ਕਿਸੇ ਗੁਰਦੁਆਰੇ ਗਏ ਹੀ ਨਹੀਂ। ਅਸੀਂ ਤਾਂ ਹੱਜ ਕਰਕੇ

ਆਏ ਹਾਂ ਬੋਲੀਆ !' ਕਿਸਾਨ ਹੁਰਾਂ ਆਖਿਆ।

'ਹੱਜ ? ਮੱਕੇ ਗਏ ਹੋਏ ਸਓ।'

'ਨਹੀਂ ਸਾਹਿਬ ਅਸੀਂ ਤਾਂ ਆਪਣੀ ਜਨਮ ਭੂਮੀ, ਆਪਣੇ ਪਿੰਡ, ਆਪਣੇ ਸਕੂਲ ਦੇ ਦਰਸ਼ਨ ਕਰਕੇ ਆਏ ਸਾਂ।'

ਬੁਲ੍ਹੇ ਨੇ ਆਖਿਆ ਨਹੀਂ?'ਹਾਜੀ ਲੋਕ ਮੱਕੇ ਨੂੰ ਜਾਂਦੇ ਅਸਾਂ ਜਾਣਾ ਤਖ਼ਤ ਹਜ਼ਾਰੇ।'

'ਤੁਹਾਡੇ ਤੇ ਕਾਫੀ ਸੂਫ਼ੀਆਨਾ ਰੰਗ ਚੜ੍ਹਿਆ ਹੋਇਆ ਲੱਗਦਾ ਏ ਬਜ਼ੁਰਗੋ।' ਅਫਸਰ ਨੇ ਮੇਰੀ ਗੱਲ ਸੁਣ ਕੇ ਕਿਹਾ।

'ਹਾਂ ਸਰਦਾਰ ਸਾਹਿਬ ਏਦਾਂ ਹੀ ਸਮਝ ਲੌ।' ਮੈਂ ਹੱਸਦਿਆਂ ਗੱਲ ਨੂੰ ਖਤਮ ਕਰਨਾ ਚਾਹਿਆ।

ਅਫਸਰ ਨੇ ਸਾਡੇ ਕਾਗ਼ਜ਼ ਵੇਖੇ, ਰਜਿਸਟਰ ਤੇ ਦਰਜ ਕੀਤਾ ਤੇ ਸਾਨੂੰ ਫੜਾਂਦੇ ਹੋਏ ਕਹਿਣ ਲੱਗਾ, 'ਤੁਹਾਡੇ ਵਰਗੇ ਖਾਲੀ ਹੱਥ ਬਹੁਤ ਘੱਟ ਆਉਂਦੇ ਨੇ, ਕਈ ਤਾਂ ਸਾਨੂੰ ਵਖਤ ਪਾ ਛੱਡਦੇ ਨੇ। ਕਈ ਵੇਰਾਂ ਅੱਕ ਵੀ ਜਾਈਦਾ ਏ। ਏਨਾ ਸਾਮਾਨ ਹੁੰਦਾ ਏ ਕਿ ਇੱਕ ਇੱਕ ਬੰਦੇ ਦਾ ਸਾਮਾਨ ਫੋਲਦਿਆਂ ਅਸੀਂ ਥੱਕ ਜਾਂਦੇ ਹਾਂ।'

'ਅਸੀਂ ਤਾਂ ਭਰਾਵਾ ਸੱਠ ਸਾਲਾਂ ਬਾਅਦ ਆਪਣਾ ਇਲਾਕਾ, ਪਿੰਡ ਤੇ ਸ਼ਹਿਰ ਵੇਖ ਕੇ ਹੀ ਏਨੇ ਭਰਪੂਰ ਹੋ ਗਏ ਸਾਂ ਕਿ ਕਿਸੇ ਚੀਜ਼ ਦੀ ਲੋੜ ਹੀ ਨਹੀਂ ਰਹੀ। ਚੀਜ਼ਾਂ ਤੇ ਸਾਡੇ ਮੁਲਕ ਵਿੱਚ ਵੰਨ ਸੁਵੰਨੀਆਂ ਮਿਲ ਜਾਂਦੀਆਂ ਨੇ, ਐਵੇਂ ਕਿਉਂ ਭਾਰ ਚੁੱਕਦੇ।' ਕਿਸਾਨ ਹੁਰਾਂ ਇਹ ਗੱਲ ਕਹਿ ਕੇ ਅਫਸਰ ਦੀ ਪੂਰੀ ਤਸੱਲੀ ਕਰਵਾ ਦਿੱਤੀ।

ਅਫਸਰਾਂ ਨੇ ਆਪਣੀ ਕਾਰਵਾਈ ਕਰਕੇ ਸਾਡੇ ਪਾਸਪੋਰਟ ਸਾਡੇ ਹੱਥ ਫੜਾਏ। ਅਸੀਂ ਆਪਣੇ ਬੈਗ ਫੜੇ ਤੇ ਮੇਨ ਗੇਟ ਵੱਲ ਵਧੇ। ਉਥੇ ਖਲੋ ਕੇ ਅਸਾਂ ਫੇਰ ਮੁੜਕੇ ਸਾਰੇ ਮਾਹੌਲ ਤੇ ਝਾਤ ਮਾਰੀ। ਕਈ ਲੋਕ ਭਾਰੇ ਭਾਰੇ ਨੱਗ ਚੁੱਕ ਕੇ ਉਧਰ ਨੂੰ ਜਾ ਰਹੇ ਸਨ। ਪਾਕਿਸਤਾਨੀ ਗੇਟ ਹਾਲੇ ਵੀ ਨਜ਼ਰ ਆ ਰਿਹਾ ਸੀ।

ਗੇਟ ਪਾਰ ਕਰਕੇ ਅਸੀਂ ਉਸੇ ਦੁਕਾਨ ਤੇ ਜਾ ਬੈਠੇ, ਜਿੱਥੇ ਜਾਣ ਲੱਗਿਆਂ ਬੈਠੇ ਰਹੇ ਸਾਂ। ਗੇਟ ਕੋਲ ਕਾਫੀ ਭੀੜ ਜਮਾ ਹੋ ਗਈ ਸੀ। ਸ਼ਾਮ ਨੂੰ ਝੰਡਾ ਉਤਾਰਨ ਦੀ ਰਸਮ ਦੀ ਪਰੇਡ ਵੇਖਣ ਵਾਸਤੇ, ਪਰ ਅਸਾਂ ਚੂੰਕਿ ਰਾਤ ਸ੍ਰੀ ਭੈਣੀ ਸਾਹਿਬ ਜ਼ਰੂਰ ਪਹੁੰਚਣਾ ਸੀ, ਸੋ ਕਾਹਲੀ ਕਾਹਲੀ ਅਸੀਂ ਇੱਕ ਟੈਕਸੀ ਕਰ ਲਈ ਅੰਮ੍ਰਿਤਸਰ ਬੱਸ ਅੱਡੇ 'ਤੇ ਪਹੁੰਚਣ ਲਈ।

ਟੈਕਸੀ ਤੋਂ ਸਾਮਾਨ ਉਤਾਰ ਕੇ ਮੈਂ ਸਾਮਾਨ ਕੋਲ ਬਹਿ ਗਿਆ ਤੇ ਦੂਜੇ ਸਾਥੀ ਬੱਸ ਦਾ ਪਤਾ ਕਰਨ ਚਲੇ ਗਏ।

ਸਾਮਾਨ ਕੋਲ ਬੈਠਾ ਮੈਂ ਸੋਚ ਰਿਹਾ ਸਾਂ, ਓਧਰੋਂ ਦਾ ਤੇ ਏਧਰ ਦਾ ਕੋਈ ਫਰਕ ਤੇ ਲੱਗਿਆ ਨਹੀਂ। ਓਹੀ ਖੇਤ, ਇੱਕੋ ਜਿਹੀ ਜ਼ਮੀਨ, ਇੱਕੋ ਜਿਹੀ ਕਣਕ, ਇੱਕੋ ਜਿਹੇ ਖੇਤ। ਵੱਖਰੇਵੇਂ ਦਾ ਕੀ ਪੁਆੜਾ ਪਾਇਆ ਲੋਕਾਂ ਨੇ। ਮੈਨੂੰ ਗੁਜ਼ਰਾਂਵਾਲੇ ਨਹੀਂ ਕੁਝਰਾਂਵਾਲੇ ਦੇ ਇੱਕ ਨੌਜਵਾਨ ਦੀ ਗੱਲ ਚੇਤੇ ਆ ਰਹੀ ਸੀ, 'ਸਰਦਾਰੋ ਕੁੱਝ ਨਹੀਂ ਖੱਟਿਆ ਅਸੀਂ

ਇਹ ਵੰਡ ਕਰਾ ਕੇ। ਬਾਗ਼ ਵਿੱਚ ਤਾਂ ਵੰਨ ਸੁਵੰਨੇ ਫੁੱਲ ਹੀ ਚੰਗੇ ਲੱਗਦੇ ਨੇ।'

ਤੇ ਮੈਂ ਆਖਿਆ ਸੀ, 'ਇੱਕੋ ਰੰਗ ਦੇ ਤਾਂ ਗੁਲਾਬ ਦੇ ਫੁੱਲ ਵੀ ਏਡੇ ਚੰਗੇ ਨਹੀਂ ਲੱਗਦੇ ਚੌਧਰੀ ਸਾਹਿਬ।'

ਉਸ ਨੌਜਵਾਨ ਨੇ ਮੈਨੂੰ ਜੱਫ਼ੀ ਵਿੱਚ ਲੈਂਦਿਆਂ ਤੇ ਘੁਟਦਿਆਂ ਹੋਇਆਂ ਆਖਿਓ ਸੂ, 'ਅੱਜ ਤੁਸੀਂ ਮਿਲੇ ਹੋ ਕਸਮ ਨਾਲ, ਰੱਬ ਮਿਲ ਪਿਆ ਜਾਪਦਾ ਏ।'

ਮੈਂ ਜੱਫ਼ੀ ਵਿੱਚ ਘੁਟਿਆ ਹੋਇਆ ਸੋਚ ਰਿਹਾ ਸਾਂ, ਨਾ ਮੈਂ ਜਾਣਦਾ ਇਹ ਕੌਣ ਏ, ਨਾ ਇਹ ਜਾਣਦੈ ਮੈਂ ਕੌਣ ਹਾਂ, ਪਰ ਕਿਸੇ ਗੂੜ੍ਹੀ ਸਾਂਝ ਸਾਨੂੰ ਸੱਕੇ ਭਰਾਵਾਂ ਵਾਂਗ ਗਲਵਕੜੀ ਪਾਣ ਤੇ ਮਜ਼ਬੂਰ ਕਰ ਦਿੱਤਾ ਏ, ਸ਼ਾਲਾ ਇਹ ਗਲਵਕੜੀਆਂ ਸਦਾ ਹੀ ਪੈਂਦੀਆਂ ਰਹਿਣ। ਸਾਡੀ ਗੂੜ੍ਹੀ ਸਾਂਝ ਸੀ ਪੰਜਾਬੀਅਤ ਦੀ, ਜਿਸ ਸਾਨੂੰ ਅਨਜਾਣਿਆਂ ਨੂੰ ਗੂੜ੍ਹੇ ਵਾਕਫ਼ਕਾਰ ਬਣਾ ਦਿੱਤਾ ਸੀ।

ਬਹੁਤ ਦੇਰ ਬਾਅਦ ਜਦੋਂ ਅਸੀਂ ਅੱਡ ਹੋਏ ਤਾਂ ਮੈਂ ਵੇਖਿਆ ਕਿ ਉਸਦੀਆਂ ਅੱਖਾਂ ਵੀ ਸੱਜਲ ਹੋਈਆਂ ਸਨ ਮੇਰੇ ਵਾਂਗ ਹੀ, ਅਸਾਂ ਹੱਥ ਮਿਲਾਏ ਤੇ ਆਪਣੇ ਆਪਣੇ ਰਾਹ ਤੁਰ ਪਏ।

ਕਿਸਾਨ ਹੁਰੀਂ ਬੱਸ ਦਾ ਪਤਾ ਕਰਕੇ ਆ ਗਏ ਸਨ ਤੇ ਮੈਂ ਦੂਰ ਇੱਕ ਪਾਸੇ ਵੇਖੀ ਜਾ ਰਿਹਾ ਸਾਂ।

'ਮਾਸਟਰ ਚੱਲੀਏ ਬੱਸ ਛੇਤੀ ਹੀ ਸਿੱਧੀ ਜਲੰਧਰ ਜਾਣ ਵਾਲੀ ਏ ਤੇ ਤੂੰ ਕਿੱਧਰ ਇੱਕ ਟੱਕ ਵੇਖੀਂ ਜਾ ਰਿਹਾ ਏਂ।' ਕਿਸਾਨ ਨੇ ਮੈਨੂੰ ਬਾਹੋਂ ਫੜ ਕੇ ਝੂਣਦਿਆਂ ਆਖਿਆ।

'ਮੈਂ ਉਹਦਾ ਨਾਂ ਪੁੱਛਣਾ ਸੀ ਹਾਲੇ। ਉਸ ਵੀ ਭੈੜੇ ਮੇਰਾ ਨਾਂ ਪਤਾ ਨਹੀਂ ਪੁੱਛਿਆ।'

'ਕਿਹਦਾ ਨਾਂ ਪੁੱਛਣਾ ਸੀ ਤੂੰ ?' ਬਸ ਤੇਰੇ ਵਿੱਚ ਝੱਲਪੁਣਾ ਆ ਹੀ ਜਾਂਦਾ ਏ ਕਦੀ ਕਦੀ।'

ਮੈਂ ਤ੍ਰਭਕ ਕੇ ਉਠ ਬੈਠਾ ਤੇ ਆਪਣੇ ਬੈਗ ਦੀ ਥਾਂ ਬਲੀ ਸਿੰਘ ਦਾ ਬੈਗ ਫੜ ਲਿਆ।

'ਆਹ ਆਪਣਾ ਬੈਗ ਫੜੋ ਮਾਸਟਰੋ।' ਤੇ ਫੇਰ ਸਾਧੂ ਸਿੰਘ ਕਹਿਣ ਲੱਗਾ, 'ਕਈ ਵੇਰਾਂ ਕਿਹਾ ਏ ਕਿ ਇਹਨੂੰ ਕੱਲਿਆਂ ਨਾ ਛੱਡਿਆ ਕਰੋ, ਇਹ ਆਪਣੇ ਆਪ ਨਾਲ ਏਨਾ ਮਸਤ ਹੋ ਜਾਂਦਾ ਹੈ ਕਿ ਭਾਵੇਂ ਸਾਮਾਨ ਸਾਰਾ ਹੀ ਕੋਈ ਚੁੱਕ ਖੜਦਾ।'

'ਹਾਂ ਬਲੀ ਸਿੰਘ ਤੁਸੀਂ ਠੀਕ ਕਹਿੰਦੇ ਹੋ, ਮੈਂ ਕਲ੍ਹ ਦੇ ਅਤੀਤ ਵਿੱਚ ਗੁਆਚ ਜਾਨਾ ਯਾਰ !' ਮੈਂ ਆਪਣਾ ਬੈਗ ਫੜਦਿਆਂ ਕਿਹਾ। ਇਹ ਬੈਗ ਕੁੱਝ ਭਾਰਾ ਸੀ ਕਿਉਂਕਿ ਇਸ ਵਿੱਚ ਲਾਲੇਪੁਰ ਵਾਲੇ ਮੇਰੇ ਘਰ ਦੀ ਮਿੱਟੀ ਵੀ ਪਈ ਸੀ।

ਖੁਸ਼ ਕਿਸਮਤੀ ਨੂੰ ਬੱਸ ਵਿੱਚ ਸਾਨੂੰ ਸੀਟਾਂ ਕੱਠੀਆਂ ਹੀ ਮਿਲ ਗਈਆਂ। ਬੱਸ ਸ਼ੇਰਸ਼ਾਹ ਸੂਰੀ ਰੋਡ ਤੇ ਹਵਾ ਨਾਲ ਗੱਲਾਂ ਕਰ ਰਹੀ ਸੀ। ਹੁੰਘਲਾ ਰਹੇ ਸਾਂ ਲੁਧਿਆਣੇ ਪਹੁੰਚਦਿਆਂ ਨੂੰ ਗੂਹੜਾ ਹਨ੍ਹੇਰਾ ਹੋ ਚੁੱਕਾ ਸੀ। ਕੋਈ ਪਤਾ ਨਹੀਂ ਸੀ ਲੱਗਦਾ ਹਨ੍ਹੇਰੇ ਵਿੱਚ ਕਿ ਅਸਾਂ ਕਿੱਥੋਂ ਬੱਸ ਫੜਨੀ ਹੈ।

ਹਾਰ ਕੇ ਅਸਾਂ ਇੱਕ ਥ੍ਰੀ ਵਹੀਲਰ ਵਾਲੇ ਨਾਲ ਤੋੜ ਸ੍ਰੀ ਭੈਣੀ ਸਾਹਿਬ ਤੱਕ ਗੱਲ ਕਰ ਲਈ ਤੇ ਰਾਤੀਂ ਕੋਈ ਯਾਰ੍ਹਾਂ ਵਜੇ ਸ੍ਰੀ ਭੈਣੀ ਸਾਹਿਬ ਦੀ ਪਾਵਨ ਧਰਤੀ ਤੇ ਜਾ ਕਦਮ ਰੱਖੇ।

ਹੋਰ ਕਿਤੇ ਜਾਣ ਨਾਲੋਂ ਅਸੀਂ ਬੀਬੀ ਕੁਲਵੰਤ ਕੌਰ (ਸਪੁੱਤਰੀ ਸ੍ਰ. ਪ੍ਰੀਤਮ ਸਿੰਘ ਜੀ ਕਵੀ) ਦੇ ਘਰ ਹੀ ਟਿਕਾਣਾ ਬਣਾਇਆ। ਕੁਲਵੰਤ ਨੇ ਆਪਣੀ ਚੰਗੀ ਆਦਤ ਅਨੁਸਾਰ ਜੀ ਆਇਆਂ ਆਖਿਆ ਤੇ ਸਾਡੇ ਨਾਂਹ ਨਾਂਹ ਕਰਦਿਆਂ ਸਾਡੀ ਖ਼ੂਬ ਖਾਤਰ ਤਵਾਜ਼ਾ ਕੀਤੀ।

ਸਵੇਰੇ ਪੰਜ ਵਜੇ ਇਸ਼ਨਾਨ ਕੀਤਾ ਤੇ ਹਰੀ ਮੰਦਰ ਵਿੱਚ ਲੱਗੀ ਆਸਾ ਦੀ ਵਾਰ ਵਿੱਚ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕੀਤੇ। ਕਾਫੀ ਸੰਗਤ ਦਰਸ਼ਨ ਕਰ ਰਹੀ ਸੀ। ਰਾਗੀ ਸਿੰਘ ਮਿੱਠੀਆਂ ਸੁਰਾਂ ਵਿੱਚ ਸ਼ਬਦ ਗਾਇਨ ਕਰ ਰਹੇ ਸਨ। ਸਭ ਥਕੇਵੇਂ ਲਹਿ ਗਏ, ਦਰਸ਼ਨ ਕਰਕੇ ਤੇ ਕੀਰਤਨ ਸੁਣਕੇ।

ਵਾਰ ਦਾ ਭੋਗ ਪਿਆ। ਬਾਹਰ ਸੰਗਤ ਦਾ ਜਿਵੇਂ ਹੜ੍ਹ ਆ ਗਿਆ। ਜਿਧਰ ਵੇਖੋ ਚਿੱਟੇ ਬਸਤਰਾਂ ਵਿੱਚ ਸੰਗਤ ਮਾਨੋ ਮਾਨਸਰੋਵਰ ਝੀਲ ਦਾ ਮੰਜ਼ਰ ਪੇਸ਼ ਕਰ ਰਹੀ ਸੀ ਉਥੇ ਵੀ ਏਸੇ ਤਰ੍ਹਾਂ ਹੰਸ ਕਲੋਲਾਂ ਕਰਦੇ ਹੋਣਗੇ।

ਅੱਜ ਦਾ ਮੇਲਾ ਵਿਸਾਖੀ ਦਾ ਸੀ ਤੇ ਵਿਸਾਖੀ ਵੀ ਖਾਸ ਸੀ। ਠੀਕ ਡੇਢ ਸੌ ਸਾਲ ਪਹਿਲਾਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ 1857 ਈ. ਵਿੱਚ ਸਿੱਖੀ ਨੂੰ ਮੁੜ ਸੁਰਜੀਤ ਕਰਨ ਲਈ ਫੇਰ ਪੰਜ ਪਿਆਰੇ ਸਾਜੇ ਸਨ। ਏਸ ਲਈ ਹਰ ਕੋਈ ਇਸ ਇਤਿਹਾਸਕ ਵਿਸਾਖੀ ਵਿੱਚ ਹਾਜ਼ਰੀ ਲਵਾਣਾ ਚਾਹੁੰਦਾ ਸੀ। ਏਨੀ ਭੀੜ ਤਾਂ ਮੈਂ ਸ੍ਰੀ ਭੈਣੀ ਸਾਹਿਬ ਕਦੇ ਅੱਗੇ ਨਹੀਂ ਸੀ ਵੇਖੀ। ਅੱਤ ਦੀ ਗਰਮੀ ਹੁੰਦਿਆਂ ਵੀ ਸੰਗਤ ਵਧਦੀ ਹੀ ਜਾ ਰਹੀ ਸੀ।

ਏਸ ਤਰ੍ਹਾਂ ਲੱਗਦਾ ਸੀ ਚਿੱਟੇ ਦੁੱਧ ਦਾ ਸਾਗਰ ਛਲਾਂ ਮਾਰ ਰਿਹਾ ਹੋਵੇ। ਪ੍ਰਬੰਧਕਾਂ ਨੂੰ ਸ਼ਾਇਦ ਅੰਦਾਜ਼ਾ ਨਹੀਂ ਸੀ ਕਿ ਏਨੀ ਸਾਧ ਸੰਗਤ ਕੱਠੀ ਹੋ ਜਾਵੇਗੀ। ਬਹੁਤ ਵੱਡਾ ਸ਼ਾਮਿਆਨਾ ਵੀ ਬਹੁਤ ਛੋਟਾ ਲੱਗ ਰਿਹਾ ਸੀ। ਗਰਮੀ ਵਿੱਚ ਸੰਗਤ ਰੁੱਖਾਂ ਦੀ ਛਾਵੇਂ ਅੰਦਰ ਬਾਹਰ ਖੜ੍ਹੀ ਸੀ।

ਪੰਜਾਬ ਦੇ ਮੁੱਖ ਮੰਤਰੀ ਸ੍ਰ. ਪ੍ਰਕਾਸ਼ ਸਿੰਘ ਬਾਦਲ ਵੀ ਇਹ ਵਿਸਾਖੀ ਮੇਲਾ ਵੇਖਣ ਪਧਾਰੇ ਸਨ ਆਪਣੇ ਬਹੁਤ ਸਾਰੇ ਵਜ਼ੀਰਾਂ ਨਾਲ।


ਲੰਗਰ ਵਿੱਚ ਗਰਮ ਗਰਮ ਕੜਾਹ ਪ੍ਰਸ਼ਾਦ ਛੱਕ ਕੇ ਸੰਗਤਾਂ ਖਾਲਸ ਬਾਦਾਮਾਂ ਦੀ ਠੰਡੀ ਸ਼ਰਦਾਈ ਪੀ ਕੇ ਅੰਦਰ ਬਾਹਰ ਦੀ ਗਰਮੀ ਨੂੰ ਠੰਢ ਪਾਣ ਦੀ ਕੋਸ਼ਿਸ਼ ਕਰ ਰਹੀਆਂ ਸਨ।

ਬਾਦਾਮਾਂ ਦੀਆਂ ਬੋਰੀਆਂ ਖੁਲ੍ਹ ਰਹੀਆਂ ਸਨ ਤੇ ਮਸ਼ੀਨਾਂ ਵਿੱਚ ਸ਼ਰਦਾਈ ਘੋਟੀ ਜਾ ਰਹੀ ਸੀ। ਛੱਕਣ ਵਾਲੇ ਛੱਕ ਕੇ ਜਾਂਦੇ ਤੇ ਫੇਰ ਆ ਕੇ ਛੱਕਣ ਲੱਗ ਪੈਂਦੇ। ਕੋਈ ਨਾਂਹ ਨਹੀਂ ਸੀ, ਕੋਈ ਕਮੀ ਨਹੀਂ ਸੀ। ਗਰਮੀ ਦਾ ਮੁਕਾਬਲਾ ਏਸ ਸ਼ਰਦਾਈ ਦੀ ਢਾਲ ਨਾਲ ਕੀਤਾ ਜਾ ਰਿਹਾ ਸੀ ਤੇ ਇਹ ਜੰਗ ਸ਼ਾਮ ਤੱਕ ਜਾਰੀ ਰਹੀ। ਇੰਜ ਲੱਗਦਾ ਸੀ ਸ਼ਰਦਾਈ ਰੈਜਮੈਂਟ ਜਿੱਤ ਗਈ ਸੀ ਸ਼ਾਮ ਤੱਕ ਤੇ ਗਰਮੀ ਜਿਵੇਂ ਹਾਰ ਗਈ ਸੀ।

ਅਸੀਂ ਏਸ ਦੁੱਧ ਦੇ ਸਮੁੰਦਰ ਵਿਚ ਰਲ ਗਏ ਸਾਂ ਜਿਵੇਂ ਦੁੱਧ ਦੀਆਂ ਤ੍ਰਿੰਨ ਗਾਗਰਾਂ ਹੋਰ ਏਸ ਸਮੁੰਦਰ ਵਿੱਚ ਰਲ ਗਈਆਂ ਹੋਣ। ਸਮੁੰਦਰ ਤਾਂ ਓਡਾ ਹੀ ਰਿਹਾ ਪਰ ਅਸੀਂ ਉਸਦਾ ਇੱਕ ਹਿੱਸਾ ਬਣਕੇ ਆਪਣੇ ਆਪ ਨੂੰ ਵਡਭਾਗਾ ਸਮਝ ਲਿਆ।

ਦੂਸਰੇ ਦਿਨ ਮੇਲੇ ਦੇ ਭੋਗ ਤੋਂ ਬਾਅਦ ਅਸੀਂ ਪਾਕਿਸਤਾਨ ਦੀਆਂ ਮਿੱਠੀਆਂ ਯਾਦਾਂ, ਆਪਣੇ ਪਿਆਰੇ ਮੇਜ਼ਬਾਨਾਂ ਦੀਆਂ ਪਿਆਰ ਛੋਹਾਂ ਦੀਆਂ ਪੰਡਾਂ ਆਪਣੇ ਸਿਰ ਤੇ ਚੁੱਕੀ ਆਪੋ ਆਪਣੇ ਘਰ ਅਪੜ ਗਏ।

ਪਰ



ਮਾਸਟਰ ਜੀ ਦੀ ਇਹ ਪੁਸਤਕ ਕੇਵਲ ਸਫ਼ਰਨਾਮਾ ਨਾ ਹੋ ਕੇ ਇੱਕ ਇਤਿਹਾਸਕ ਦਸਤਾਵੇਜ਼ ਹੈ। ਜਿਸ ਵਿੱਚ ਲੇਖਕ ਬਹੁਤ ਵਾਰ ਪਿਛਲ–ਝਾਤ ਰਾਹੀ ਆਪਣੇ ਪੁਰਾਣੇ ਦਿਨਾਂ ਨੂੰ ਯਾਦ ਕਰਦਾ ਹੈ ਅਤੇ ਸੰਨ ਸੰਤਾਲੀ ਦੇ ਦੁੱਖ ਦੀ ਚੀਸ ਨੂੰ ਘੱਟ ਕਰਦਾ ਹੈ। ਇਸ ਸਭ ਕੱਝ ਦੇ ਨਾਲ ਨਾਲ ਇੱਕ ਹੋਰ ਵਿਸ਼ੇਸ਼ ਗੱਲ ਇਹ ਹੈ ਕਿ ਲੇਖਕ ਨੇ ਕਿਸੇ ਥਾਂ ਤੇ ਨਿੱਜ ਨੂੰ ਹਾਵੀ ਨਾ ਕਰਕੇ ਵਿਰਤਾਂਤ੍ਰਿਕ ਵਿਧੀ ਨਾਲ ਸਾਰਾ ਕੱਝ ਬਿਆਨ ਕੀਤਾ ਹੈ। ਲੇਖਕ ਨੇ ਪ੍ਰਤੱਖ ਅਤੇ ਅਪ੍ਰਤੱਖ ਦੋਵੇਂ ਧਜਿਰੀਆ ਸਾਹਮਣੇ ਰੱਖੀਆਂ ਹਨ। ਠੱਗੀ ਨਾਲ ਪਾਸਪੋਰਟ ਲੈਣ ਵਾਲੇ ਵੀ ਅਤੇ ਸ਼ਰਾਫ਼ਤ ਦੀ ਇੰਤਹਾ ਵਾਲੇ ਵੀ।

– ਸੀ. ਆਰ. ਮੌਦਗਿੱਲ
ਡਾਇਰੈਕਟਰ
ਹਰਿਆਣਾ ਪੰਜਾਬੀ ਸਾਹਿਤ ਅਕਾਦਮੀ
ਪੰਚਕੂਲਾ (ਹਰਿਆਣਾ)

'ਦੋ ਵਾਰ ਵਾਘਿਓਂ ਪਾਰ 'ਚ ਰੇਖਾ ਚਿੱਤਰ, ਗਲਪ ਡਾਇਰੀ, ਜੀਵਨੀ, ਇਤਿਹਾਸਕ ਪ੍ਰਸੰਗ ਜਿਹੀਆਂ ਕਈ ਵਿਧਾਵਾਂ ਜੜੀਆਂ ਹਨ। ਸ਼ੈਲੀ ਸਰਲ ਤੇ ਸਪੱਸ਼ਟ ਹੈ। ਮੌਕੇ ਤੇ ਅਖਾਣ ਬੋਲ ਕੇ ਰਮਜ਼ ਨਾਲ ਗੱਲ ਕਰਨੀ ਲੇਖਕ ਦੀ ਸਾਹਿਤਕ ਸਮਰਥਾ ਦਰਸਾਉਂਦੀ ਹੈ। ਸਦਾ ਚੇਤਿਆਂ 'ਚ ਵੱਸਿਆ ਰਹਿਣ ਵਾਲਾ ਇਹ ਸਫ਼ਰਨਾਮਾ ਭਾਵੇਂ ਨਿੱਜੀ ਬਿਰਤਾਂਤ ਹੈ ਪਰ ਨਾਮਧਾਰੀਆਂ ਦਾ ਸਭਿਆਚਾਰ, ਇਤਿਹਾਸ, ਸੰਤਾਲੀ ਦਾ ਸੰਤਾਪ, ਲੋਹੜੇ ਦੀ ਰਵਾਨੀ ਨਾਲ ਜ਼ਿੰਦਗੀ ਦੇ ਵਰਤਾਰਿਆਂ ਤੇ ਦਿਲ ਖਿੱਚਵੀ ਝਾਤ ਪਾਉਂਦਾ ਹੈ। ਮਾਸਟਰ ਜੀ ਨੇ ਨਿੱਕੀਆਂ ਨਿੱਕੀਆਂ ਗੱਲਾਂ 'ਚ ਬਹੁਤ ਕੁੱਝ ਕਿਹਾ ਹੈ।

– ਗੁਰਭੇਜ ਸਿੰਘ ਗੁਰਾਇਆ
ਸੀਨੀਅਰ ਪਬਲਿਕ ਪ੍ਰੋਸੀਕਿਊਟਰ,
ਦਿੱਲੀ ਸਰਕਾਰ